ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 111| 21 to 27 Feb., 2024 | Ph.: (510) 240-5949 | Email: asrtimes@gmail.com

# ਨਿਹੱਥੇ ਕਿਸਾਨਾਂ ਦੇ ਕੋਲ ਹੈ 'ਜੈਕਾਰੇ' ਦੀ ਤਾਕਤ

# ਨੰਗੇ ਪਿੰਡੇ ਛਮਕਾਂ ਵੱਜੀਆਂ, ਹਾਕਮਾਂ ਤੂੰ ਇੱਕ ਸਹੇਂ ਤਾਂ ਜਾਣੇ

## ਪੰਜਾਬ ਤੇ ਹਰਿਆਣਾ ਸਰਕਾਰਾਂ ਸਵਾਲਾਂ ਦੇ ਘੇਰੇ 'ਚ



**ਬਲਰਾਜ ਪੰਨੂੰ**

ਪਟਿਆਲਾ/ਏ.ਟੀ.ਨਿਊਜ਼ :ਕਿਸਾਨ ਅੰਦੋਲਨ-2 ਆਪਣੀਆਂ ਮੰਗਾਂ 'ਤੇ ਅੜਿਆ ਹੋਇਆ ਹੈ। 8 ਫਰਵਰੀ ਤੋਂ ਲੈ ਕੇ ਹੁਣ ਤੱਕ ਕਿਸਾਨ ਲੀਡਰਾਂ ਦੀਆਂ ਸਰਕਾਰਾਂ ਦੇ ਨਾਲ ਕਈ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਆਸਾਂ ਨੂੰ ਕੋਈ ਬੂਰ ਪੈਂਦਾ ਨਜ਼ਰ ਨਹੀਂ ਆਇਆ। ਸਰਕਾਰਾਂ ਨੇ ਫ਼ਸਲੀ ਚੱਕਰ ਦੀ ਗੱਲ ਕਰਕੇ ਕਿਸਾਨਾਂ ਦੇ ਮਨ ਵਿੱਚ ਕੰਟ੍ਰੈਕਟ ਬੇਸ ਖੇਤੀ ਵਾਲਾ ਸ਼ੱਕ ਬੈਠਾ ਦਿੱਤਾ।

ਪਿਊਸ਼ ਗੋਇਲ ਮੰਤਰੀ ਤੇ ਕੇਂਦਰੀ ਖੇਤੀਬਾੜੀ ਮੰਤਰੀ ਅਰਜਨ ਮੁੰਡਾ ਨੇ ਕਿਸਾਨਾਂ ਨੂੰ ਵਿਰੋਧ ਬੰਦ ਕਰਨ ਦੀ ਅਪੀਲ ਹੈ । ਹਰਿਆਣਾ ਦੇ ਡੀ.ਜੀ.ਪੀ. ਨੇ ਕਿਸਾਨੀ ਧਰਨੇ ਵਿਰੁੱਧ ਪੈਲਿਟ ਗੰਨ ਦੀ ਵਰਤੋਂ ਤੋਂ ਇਨਕਾਰ ਕੀਤਾ ਸੀ ਪਰ ਲੰਘੇ ਦਿਨੀਂ ਜਦੋਂ ਕਿਸਾਨਾਂ ਨੇ ਦਿੱਲੀ ਜਾਣ ਦਾ ਫ਼ੈਸਲਾ ਕਰ ਲਿਆ ਸੀ ਤਾਂ ਹਰਿਆਣਾ ਸਰਕਾਰ ਦੇ ਅਧਿਕਾਰੀਆਂ ਨੇ ਕਾਨੂੰਨ ਦੀਆ ਧੱਜੀਆਂ ਉੜਾ ਕੇ ਕਿਸਾਨਾਂ ਉੱਤੇ ਅੰਨ੍ਹੇਵਾਹ ਫਾਇਰਿੰਗ ਤੇ ਅੱਥਰੂ ਗੈਸ ਦੇ ਗੋਲੇ ਵਰਾਏ। ਨਤੀਜੇ ਵਜੋਂ ਕਿਸਾਨੀ ਧਰਨੇ ਵਿੱਚ ਕਈ 100 ਲੋਕ ਫੱਟੜ ਹੋਏ ਓਥੇ ਹੀ ਅਸੀਂ ਆਪਣੇ 3 ਕਿਸਾਨਾਂ ਸਮੇਤ ਇੱਕ ਹੋਰ ਨੌਜਵਾਨ ਸ਼ੁਭਕਰਨ ਦੀ ਜਾਨ ਗਵਾ ਬੈਠੇ ਹਾਂ। ਹਰਿਆਣਾ ਸਰਕਾਰ ਦੀ ਬੇਈਮਾਨੀ ਤੇ ਪੰਜਾਬ ਸਰਕਾਰ ਦੀ ਦਲਾਲੀ ਮੂੰਹ ਚੜ੍ਹ ਬੋਲੀ ਭਾਵੇਂ ਕਿ ਦੇਸ਼ ਵਿਦੇਸ਼ ਤੱਕ ਇਸ ਘਟਨਾ ਦੀ ਨਿੰਦਿਆ ਕੀਤੀ ਗਈ ਹੈ। ਪਰ ਕਿਸਾਨ ਸ਼ੰਭੂ ਤੇ ਖ਼ਨੌਂਰੀ ਬਾਰਡਰਾਂ ਦੇ ਉੱਤੇ ਡਟੇ ਹੋਏ ਨੇ ਤੇ ਆਪਣੇ ਆਗੂਆਂ ਦੇ ਹੁਕਮ ਦੀ ਉਡੀਕ ਕਰ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਨੇ ਸਰਕਾਰਾਂ ਦੇ ਫ਼ੈਸਲੇ ਨੂੰ ਖਾਰਜ਼ ਕਰ ਦਿੱਤਾ ਹੈ। ਲੰਘੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਟਿੱਪਣੀ ਕੀਤੀ ਤੇ ਕਿਹਾ ਕਿ ਕਿਸਾਨ ਵਿਰੋਧ ਪ੍ਰਦਰਸ਼ਨਾਂ ਦੌਰਾਨ ਮੋਟਰ ਵਹੀਕਲ ਐਕਟ ਤਹਿਤ ਹਾਈਵੇ 'ਤੇ ਟ੍ਰੈਕਟਰ ਚਲਾਉਣ ਦਾ ਹੱਕ ਨਹੀਂ ਰੱਖਦੇ। ਮੇਰਾ ਖ਼ਿਆਲ ਹੈ ਕਿ ਇਹ ਪਹਿਲੀ ਵਾਰੀ ਗੱਲ ਹੋ ਰਹੀ ਹੈ ਤੇ ਲੋਕਾਂ ਨੂੰ ਪਤਾ ਚੱਲ ਰਹੀ ਹੈ ਕਿ ਅਸੀਂ ਹਾਈਵੇ 'ਤੇ ਟ੍ਰੈਕਟਰ ਨਹੀਂ ਚਲਾ ਸਕਦੇ। ਰੱਬ



ਜਾਣੇ, ਇਹ ਟਿੱਪਣੀਆਂ ਕਦੋਂ ਕਾਨੂੰਨ ਬਣ ਜਾਣ। ਹਾਈਕੋਰਟ ਦਾ ਫਰਜ਼ ਤਾਂ ਪਹਿਲਾਂ ਇਹ ਬਣਦਾ ਸੀ ਕਿ ਸਰਕਾਰਾਂ ਤੋਂ ਪੁੱਛਿਆ ਜਾਵੇ ਕਿ ਕਿਸਾਨਾਂ ਦੇ ਨਾਲ ਏਨੀ ਬੇਇਨਸਾਫ਼ੀ ਕਿਓਂ,ਕਿ ਕਿਓਂ ਉਹਨਾਂ ਨੂੰ ਰੋਕਣ ਲਈ ਕਿੱਲ, ਕੰਧਾਂ ਅਤੇ ਅਥਰੂ ਗੈਸ ਦੇ ਗੋਲੇ ਵਰਤੇ ਗਏ।

ਸਰਕਾਰਾਂ ਦੀਆਂ ਅੱਖਾਂ ਦੇ ਵਿੱਚ ਏਸ ਇਕੱਠ ਦੀ ਪੂਰੀ ਰੜਕ ਹੈ। ਉਹਨਾਂ ਨੂੰ ਵੱਖਵਾਦੀ ਤੇ ਅੱਤਵਾਦੀ ਗਰਦਾਨਿਆ ਜਾ ਰਿਹਾ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਨਿਹੱਥੇ ਕਿਸਾਨਾਂ ਦੇ ਕੋਲ ਕੋਈ ਹਥਿਆਰ ਨਹੀਂ ਸਿਰਫ਼ ਉਹਨਾਂ ਕੋਲ ਜੈਕਾਰਾ ਹੀ ਹੈ। "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦਾ ਜੈਕਾਰਾ ਸਰਕਾਰਾਂ ਦੇ ਪੈਰ ਉਖੇੜ ਦਿੰਦਾ ਹੈ। ਪੱਲੀ ਤੱਪੜੀ ਵਾਲੇ ਦੋਵੇਂ ਹੱਥ ਜੋੜ ਕੇ ਬਾਰਡਰ ਦੇ ਉੱਤੇ ਜੈਕਾਰਾ ਛੱਡਦੇ ਨੇ ਤੇ ਅਗਲੇ ਪਾਸੇ ਸਰਕਾਰ ਤੇ ਉਹਨਾਂ ਦੇ ਪਾਲਤੂ ਡਾਡਾਂ ਮਾਰ ਉੱਠਦੇ ਹਨ।

ਐਮ.ਐਸ.ਪੀ. ਦਾ ਮਸਲਾ ਇਕੱਲੇ ਪੰਜਾਬ ਦੇ ਕਿਸਾਨ ਲਈ ਹੀ ਨਹੀਂ, ਸਗੋਂ ਇਹ ਮੰਗ ਪੂਰੇ ਭਾਰਤ ਦੇ ਕਿਸਾਨਾਂ ਦੇ ਲਈ ਹੈ। ਸਰਕਾਰ ਦਾ ਇਹ ਕਹਿਣੈ ਕਿ ਤੁਸੀਂ ਕਣਕ ਝੋਨੇ ਦੇ ਚੱਕਰ ਵਿਚੋਂ ਨਿੱਕਲ ਕੇ ਦਾਲਾਂ ਬੀਜੋ, ਪਰ ਸਿਰਫ਼ ਪੰਜਾਬ ਦੇ ਵਿੱਚ ਐਮ.ਐਸ.ਪੀ. ਦੇਣ ਦੀ ਗੱਲ ਕਹਿ ਕੇ ਕਾਣੀ ਵੰਡ ਕਰ ਦਿੱਤੀ। ਹਿੰਦੁਸਤਾਨ ਦੇ ਵਿੱਚ 50 ਫ਼ੀਸਦੀ ਲੋਕ ਖੇਤੀਬਾੜੀ ਨਾਲ ਜੁੜੇ ਨੇ। 14 ਫ਼ੀਸਦੀ ਨੂੰ ਐਮ.ਐਸ.ਪੀ. ਮਿਲਦੀ ਹੈ। 86 ਫ਼ੀਸਦੀ ਕਿਸਾਨ ਐਮ.ਐਸ.ਪੀ. ਤੋਂ ਥੱਲੇ ਆਪਣੀ ਫ਼ਸਲ ਵੇਚ ਰਹੇ ਨੇ, ਭਾਵ ਮੰਡੀ 'ਤੇ ਨਿਰਭਰ ਨੇ। ਜੇ ਐਮ.ਐਸ.ਪੀ. ਆਉਂਦੀ ਹੈ ਤਾਂ 86 ਫ਼ੀਸਦੀ ਕਿਸਾਨਾਂ ਨੂੰ ਫ਼ਾਇਦਾ ਮਿਲੇਗਾ। ਜੀ.ਡੀ.ਪੀ. ਨੂੰ ਇੱਕ ਵੱਡਾ ਹੁਲਾਰਾ ਮਿਲੇਗਾ। ਬਾਜ਼ਾਰ ਦੇ ਵਿੱਚ ਰੌਣਕ ਪਰਤੇਗੀ, ਬਹੁਤ ਸਾਰੀਆਂ ਅਖ਼ਬਾਰਾਂ ਨੇ ਲੰਘੇ ਦਿਨਾਂ ਵਿੱਚ ਇਹ ਵੀ ਕਿਹਾ ਕਿ ਕਿਸਾਨਾਂ ਨੂੰ ਪਹਿਲਾਂ ਤੋਂ ਹੀ 'ਸੀ 2 ਪਲੱਸ' 50 ਫੀਸਦੀ ਮਿਲ ਰਿਹਾ ਹੈ। ਉਹਨਾਂ ਦੇ ਜੋੜ ਤੋੜ ਦੀ ਤੰਦ ਵੀ ਕਿਤੇ ਹੋਰ ਜੁੜੀ ਹੋਣ ਕਰਕੇ ਸ਼ੁਕਰ ਗੁਜਾਰ ਹਾਂ। ਸਵਾਲ ਇਹ ਹੈ ਕਿ ਜੇ ਐਮ.ਐਸ.ਪੀ. ਮਿਲਦੀ ਹੈ ਤਾਂ ਇਸ ਨੂੰ ਕਾਨੂੰਨੀ ਜਾਮਾ ਪਹਿਨਾਉਣ ਵਿੱਚ ਕੀ ਹਰਜ ਹੈ। ਐਮ.ਐਸ.ਪੀ. ਕੋਈ ਖੈਰਾਤ ਨਹੀਂ ਹੈ, ਇਹ ਸਾਲਾਂ ਪਹਿਲਾਂ ਕਿਸਾਨਾਂ ਨੂੰ ਦਿੱਤਾ ਇੱਕ ਭਰੋਸਾ ਹੈ। ਜਿਸ ਦੇ ਕਰਕੇ ਹਰੀ ਕ੍ਰਾਂਤੀ ਆਈ, ਜਿਸ ਦੇ ਕਰਕੇ ਲੱਖਾਂ ਲੋਕਾਂ ਨੂੰ ਮੁਫ਼ਤ ਭੋਜਨ ਵੰਡਿਆ ਜਾ ਰਿਹਾ ਹੈ। ਜਿਸ ਦੇ ਕਾਰਨ ਦੇਸ਼ ਨੂੰ ਖਾਧ ਸੁਰੱਖਿਆ ਮਿਲੀ ਹੈ ਤੇ ਫਿਰ ਇਹ ਕਿਉਂ ਕਿਹਾ ਜਾਂਦਾ ਹੈ ਕਿ ਜੇ ਐਮ.ਐਸ.ਪੀ. ਨੂੰ ਕਾਨੂੰਨੀ ਜਾਮਾ ਪਹਿਨਾਇਆ ਗਿਆ ਤਾਂ ਇਕੋਨਮੀ ਅਤੇ ਵਾਤਾਵਰਣ ਦੇ ਲਈ ਨੁਕਸਾਨ ਹੋਵੇਗਾ। ਦੇਸ਼ ਨੂੰ ਖ਼ਤਰਾ ਹੋਵੇ ਕਿਸਾਨ ਏਨਾ ਨਾਸਮਝ ਨਹੀਂ ਹੈ। ਉਸ ਨੇ ਦੇਸ਼ ਨੂੰ ਭੁੱਖਮਰੀ ਦੇ ਖ਼ਤਰਿਆਂ ਵਿਚੋਂ ਬਾਹਰ ਕੱਢਿਆ ਹੈ। ਓ.ਈ.ਸੀ.ਡੀ.ਦੀ



ਸ਼ੁਭਕਰਨ ਸਿੰਘ

ਰਿਪੋਰਟ ਮੁਤਾਬਿਕ 2000 ਤੋਂ ਲੈ ਕੇ 2022 ਤੱਕ ਹਿੰਦੁਸਤਾਨ ਦਾ ਕਿਸਾਨ ਲਗਾਤਾਰ ਘਾਟੇ ਦੀ ਖੇਤੀ ਕਰ ਰਿਹਾ ਹੈ।

ਕਾਰਪੋਰੇਟ ਦੇ ਪੰਦਰਾਂ ਲੱਖ ਕਰੋੜ ਪਿਛਲੇ ਦਸ ਸਾਲਾਂ ਦੇ ਵਿੱਚ ਮਾਫ਼ ਕੀਤੇ ਨੇ। ਫਿਰ ਕਿਸਾਨਾਂ ਦੀ ਕਰਜ਼ੇਮਾਫ਼ੀ 'ਤੇ ਕਿੰਤੂ ਪ੍ਰੰਤੂ ਕਿਉਂ ? ਜੇ ਅਸੀਂ ਕਾਰਪੋਰੇਟ ਦਾ ਸਹਿਯੋਗ ਕਰਦੇ ਹਾਂ ਤਾਂ ਕਿਸਾਨਾਂ ਦਾ ਕਿਉਂ ਨਹੀਂ ? ਸਰਕਾਰਾਂ ਨੇ ਕਿਉਂ ਕਿਸਾਨੀ ਨੂੰ ਆਪਣਾ ਦੁਸ਼ਮਣ ਹੀ ਮਿੱਥ ਲਿਆ ਹੈ ? ਤੁਹਾਨੂੰ ਯਾਦ ਹੋਣੈ, ਪੂਰੇ ਯੂਰਪ ਦੇ ਵਿੱਚ ਕਿਸਾਨੀ ਧਰਨੇ ਚੱਲ ਰਹੇ ਨੇ, ਜੇ ਫਰਾਂਸ ਦੀ ਗੱਲ ਕਰੀਏ ਤਾਂ ਉਥੇ ਦੋ ਤੋਂ ਤਿੰਨ ਫ਼ੀਸਦੀ ਕਿਸਾਨ ਹਨ, ਉਹਨਾਂ ਦਾ ਵਿਰੋਧ ਵੇਖ ਕੇ ਹੈਰਾਨੀ ਦੀ ਗੱਲ ਹੈ ਕਿ ਉਥੋਂ ਦੇ ਰਾਸ਼ਟਰਪਤੀ ਮੈਕਰੋਨ ਖ਼ੁਦ ਕਿਸਾਨਾਂ ਨੂੰ ਮਿਲਣ ਗਏ। ਜਦੋਂ ਕਿ ਮੰਗ ਫਰਾਂਸ ਦਾ ਕਿਸਾਨ ਵੀ ਉਹੋ ਰਿਹਾ ਹੈ, ਜੋ ਭਾਰਤ ਦਾ ਕਿਸਾਨ ਮੰਗ ਰਿਹਾ ਹੈ ਪਰ ਸਾਡੀਆਂ ਸਰਕਾਰਾਂ ਨੇ ਕਿਸਾਨਾਂ ਨੂੰ ਹਊਆ ਬਣਾ ਦਿੱਤਾ ਹੈ। ਜਦੋਂ ਇਹ ਧਰਨਾ ਸ਼ੁਰੂ ਹੋਇਆ ਸੀ ਤਾਂ ਦਿੱਲੀ ਦੇ ਵਿੱਚ ਕੇਂਦਰ ਸਰਕਾਰ ਨੇ 20 ਦੇ ਕਰੀਬ ਮੈਟਰੋ ਸਟੇਸ਼ਨ ਬੰਦ ਕਰ ਦਿੱਤੇ ਸਨ। ਅਜੇ ਤਾਂ ਉਹ ਪੰਜਾਬ ਤੋਂ ਚੱਲੇ ਵੀ ਨਹੀਂ ਸਨ। ਇੱਕ ਪਾਸੇ ਤਾਂ ਇਹ ਕਹਿਣਾ ਕਿ ਕਿਸਾਨ ਸਾਡਾ ਪਰਿਵਾਰ ਹੈ, ਦੂਜੇ ਪਾਸੇ ਕਿੱਲਾਂ ਵਿਛਾਉਣਾ, ਕਿਸਾਨਾਂ ਨੂੰ ਰੋਕਣ ਦੇ ਲਈ ਹਰ ਹੱਥਕੰਡਾ ਵਰਤਣਾ ਕਿਥੋਂ ਜਾਇਜ਼ ਹੈ ? ਕਿਸਾਨ ਆਗੂ ਕਹਿ ਰਹੇ ਹਨ ਕਿ ਇਸ ਤਰਾਂ ਦੀ ਮੋਰਚੇਬੰਦੀ ਤਾਂ ਦੁਸ਼ਮਣ ਦੇਸ਼ ਦੇ ਲਈ ਕੀਤੀ ਜਾਂਦੀ ਹੈ ਪਰ ਹਰਿਆਣਾ ਸਰਕਾਰ ਨੇ ਪੰਜਾਬ ਨੂੰ ਪੂਰੇ ਦੇਸ਼ ਨਾਲੋਂ ਤੋੜਨ ਦਾ ਯਤਨ ਇਸ ਮੋਰਚੇਬੰਦੀ ਰਾਹੀਂ ਕੀਤਾ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਮੌਜੂਦਾ ਕਿਸਾਨ ਮੋਰਚੇ ਅਤੇ ਪੁਰਾਣੇ ਕਿਸਾਨ ਅੰਦੋਲਨ ਵਿੱਚ ਵੱਡਾ ਫਰਕ ਇਹ ਹੈ ਕਿ ਪਹਿਲਾਂ ਵਾਲਾ ਕਿਸਾਨ ਅੰਦੋਲਨ ਪੰਜਾਬ ਦੀਆਂ ਸਾਰੀਆਂ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਰਲ ਮਿਲ ਕੇ ਕੀਤਾ ਗਿਆ ਸੀ ਅਤੇ ਉਸ ਮੋਰਚੇ ਵਿੱਚ ਕਿਸਾਨਾਂ ਨੂੰ ਜਿੱਤ ਪ੍ਰਾਪਤ ਹੋਈ ਸੀ, ਜਦੋਂਕਿ ਮੌਜੂਦ ਕਿਸਾਨ ਅੰਦੋਲਨ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਹੀ ਸ਼ੁਰੂ ਕੀਤਾ ਗਿਆ ਹੈ ਅਤੇ ਇਸ ਅੰਦੋਲਨ ਨਾਲ ਪੰਜਾਬ ਦੇ ਕਿਸਾਨ ਆਪ ਮੁਹਾਰੇ ਜੁੜ ਗਏ ਹਨ। ਪੰਜਾਬ ਦੇ ਹਰ ਵਰਗ ਵੱਲੋਂ ਇਸ ਅੰਦੋਲਨ ਨੂੰ ਸਮਰਥਨ ਕੀਤਾ ਜਾ ਰਿਹਾ ਹੈ।

ਇਸੇ ਦੌਰਾਨ ਹੀ ਭਾਰਤ ਦੇ ਮੁੱਖ ਚੋਣ ਕਮਿਸ਼ਨ ਵੱਲੋਂ ਬਿਆਨ ਦਿੱਤਾ ਗਿਆ ਹੈ ਕਿ ਲੋਕ ਸਭਾ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਵੱਲੋਂ ਪੂਰੀ ਤਿਆਰੀ ਕਰ ਲਈ ਗਈ ਹੈ। ਚੋਣ ਕਮਿਸ਼ਨ ਦੇ ਇਸ ਬਿਆਨ ਨਾਲ ਹੀ ਭਾਰਤ ਦੀ ਸਿਆਸਤ ਗਰਮਾਅ ਗਈ ਹੈ। ਕਿਸਾਨ ਆਗੂ ਵੀ ਕਹਿ ਰਹੇ ਹਨ ਕਿ ਉਹ ਵੀ ਚੋਣ ਜ਼ਾਬਤੇ ਸਬੰਧੀ ਸੁਚੇਤ ਹਨ। ਕੁਝ ਬੁੱਧੀਜੀਵੀ ਕਹਿ ਰਹੇ ਹਨ ਕਿ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨ ਕੇ ਅਤੇ ਇਸਦੇ ਨਾਲ ਹੀ ਚੋਣ ਜਾਬਤਾ ਲਾਗੂ ਕਰਕੇ ਇੱਕ ਤੀਰ ਨਾਲ ਕਈ ਸ਼ਿਕਾਰ ਕਰਨਾ ਚਾਹੁੰਦੀ ਹੈ।

ਆਖ਼ਰ ਵਿੱਚ ਇਹੀ ਕਹਾਂਗੇ ਕਿ ਇਥੇ ਦਸ ਸਾਲਾਂ ਤੋਂ ਬੈਠੇ ਲੋਕ ਕੁਝ ਕਰਨ ਤੇ ਸਿੱਖਣ ਦੇ ਲਈ 2047 ਤਕ ਦਾ ਸਮਾਂ ਮੰਗ ਰਹੇ ਹਨ, ਪਰ ਸਰ ਛੋਟੂ ਰਾਮ ਵਰਗੇ ਸਿਰਫ਼ ਸੱਤ ਸਾਲ ਮੰਤਰੀ ਰਹਿ ਕੇ ਇਤਿਹਾਸ ਬਣਾ ਗਏ। ਅੱਜ ਜੋ ਕਿਸਾਨਾਂ ਦੇ ਵਿੱਚ ਦਮ ਹੈ, ਗ਼ਰੂਰ ਹੈ, ਜੋ ਟ੍ਰੈਕਟਰ ਤੇ ਰੇਂਜ ਓਵਰ ਵੇਖ ਕੇ ਸਰਕਾਰਾਂ ਕੌੜੀ ਨਿਗ੍ਹਾ ਰੱਖਦੀਆਂ ਨੇ, ਉਹ ਸਰ ਛੋਟੂ ਰਾਮ ਦੀ ਦੇਣ ਹੈ। ਭਾਰਤ ਦੀ ਬਦਕਿਸਮਤੀ ਹੈ ਕਿ ਜੇ ਛੋਟੂ ਰਾਮ ਕੁਝ ਸਾਲ ਹੋਰ ਜਿਉਂਦਾ ਰਹਿੰਦਾ ਤਾਂ ਪੰਜਾਬ ਦੀ ਸ਼ਕਲ ਕੁਝ ਹੋਰ ਹੁੰਦੀ।



# ਕੀ ਕੈਨੇਡਾ ਜਾ ਰਹੇ ਪੰਜਾਬੀਆਂ ਦੀ ਰਫ਼ਤਾਰ ਨੂੰ ਲੱਗ ਜਾਣਗੀਆਂ ਬ੍ਰੇਕਾਂ?

## ਪਿਛਲੇ ਸਾਲ ਭਾਰਤੀ ਵਿਦਿਆਰਥੀਆਂ ਦੀ ਕੁੱਲ ਗਿਣਤੀ ਵਿੱਚ ਚਾਰ ਫ਼ੀਸਦੀ ਦੀ ਆਈ ਗਿਰਾਵਟ

## ਕੈਨੇਡਾ ਵਿੱਚ ਮਹਿੰਗਾਈ ਅਤੇ ਰਿਹਾਇਸ਼ ਦੀ ਘਾਟ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਬਣੀ ਵੱਡੀ ਸਮੱਸਿਆ

ਕੈਨੇਡਾ ਨੂੰ ਪੰਜਾਬੀਆਂ ਦੀ ਸੁਪਨਨਗਰੀ ਕਿਹਾ ਜਾਂਦਾ ਹੈ, ਇਹ ਵੀ ਅਸਲੀਅਤ ਹੈ ਕਿ ਪੰਜਾਬ ਦੇ ਵੱਡੀ ਗਿਣਤੀ ਵਸਨੀਕ ਖਾਸ ਤੌਰ 'ਤੇ ਵਿਦਿਆਰਥੀ ਅਤੇ ਨੌਜਵਾਨ ਹਰ ਹੀਲੇ ਕੈਨੇਡਾ ਜਾਣਾ ਚਾਹੁੰਦੇ ਹਨ ਅਤੇ ਕੈਨੇਡਾ ਜਾਣ ਲਈ ਹਰ ਤਰਾਂ ਦਾ ਰਸਤਾ ਅਪਨਾਉਣ ਨੂੰ ਤਿਆਰ ਰਹਿੰਦੇ ਹਨ। ਇਹ ਹੀ ਕਾਰਨ ਹੈ ਕਿ ਕੈਨੇਡਾ ਵਿੱਚ ਪੰਜਾਬੀਆਂ ਖਾਸ ਕਰਕੇ ਸਿੱਖਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਅਤੇ ਸਿੱਖ ਉਥੇ ਸਿਆਸੀ, ਆਰਥਿਕ ਖੇਤਰਾਂ ਦੇ ਨਾਲ ਨਾਲ ਕੈਨੇਡਾ ਦੇ ਹੋਰਨਾਂ ਖੇਤਰਾਂ ਵਿੱਚ ਵੀ ਮਹੱਤਵਪੂਰਨ ਰੋਲ ਅਦਾ ਕਰ ਰਹੇ ਹਨ। ਕੈਨੇਡਾ ਦੀ ਸਰਕਾਰ ਵਿੱਚ ਵੀ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਚੰਗੀ ਅਹਿਮੀਅਤ ਮਿਲੀ ਹੋਈ ਹੈ।

ਪਰ ਹੁਣ ਭਾਰਤ ਦੇ ਰਾਸ਼ਟਰੀ ਮੀਡੀਆ ਵੱਲੋਂ ਜਾਰੀ ਅੰਕੜੇ ਕੁਝ ਹੋਰ ਕਹਾਣੀ ਕਹਿ ਰਹੇ ਹਨ। ਇਹ ਅੰਕੜੇ ਕਿੰਨੇ ਕੁ ਸੱਚ ਹਨ, ਇਹ ਤਾਂ ਭਾਰਤੀ ਮੀਡੀਆ ਹੀ ਨੂੰ ਹੀ ਪਤਾ ਹੋਣਾ ਹੈ। ਭਾਰਤੀ ਰਾਸ਼ਟਰੀ ਮੀਡੀਆ ਅਨੁਸਾਰ ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਵੀ ਇਹਨਾਂ ਅੰਕੜਿਆਂ ਦੀ ਪੁਸ਼ਟੀ ਕੀਤੀ ਗਈ ਹੈ। ਇਹਨਾਂ ਅੰਕੜਿਆਂ ਅਨੁਸਾਰ ਕੈਨੇਡਾ ਜਾਣ ਵਾਲੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਵਿੱਚ ਕੈਨੇਡਾ ਦਾ ਕੁਝ ਹੱਦ ਤੱਕ ਮੋਹ ਭੰਗ ਹੋ ਰਿਹਾ ਹੈ ਅਤੇ ਭਾਰਤੀ ਰਾਸ਼ਟਰੀ ਮੀਡੀਆ ਅਨੁਸਾਰ ਵੱਡੀ ਗਿਣਤੀ ਲੋਕ ਕੈਨੇਡਾ ਛੱਡ ਰਹੇ ਹਨ। ਭਾਰਤੀ ਮੀਡੀਆ ਵਿੱਚ ਪ੍ਰਕਾਸ਼ਿਤ ਅੰਕੜਿਆਂ ਅਨੁਸਾਰ 2021 ਦੀ ਸ਼ੁਰੂਆਤ 'ਚ 85,927 ਲੋਕਾਂ ਨੇ ਕੈਨੇਡਾ ਛੱਡ ਦਿੱਤਾ ਸੀ। 2022 ਵਿੱਚ, 93,818 ਲੋਕਾਂ ਨੇ ਕੈਨੇਡੀਅਨ ਸਥਾਈ ਨਾਗਰਿਕਤਾ ਛੱਡ ਦਿੱਤੀ, ਜਦੋਂ ਕਿ 2023 ਦੇ ਪਹਿਲੇ ਛੇ ਮਹੀਨਿਆਂ ਵਿੱਚ, 42,000 ਲੋਕਾਂ ਨੇ ਕੈਨੇਡੀਅਨ ਸਥਾਈ ਨਾਗਰਿਕਤਾ (ਪੀ.ਆਰ.) ਛੱਡ ਦਿੱਤੀ। ਭਾਰਤੀ ਰਾਸ਼ਟਰੀ ਮੀਡੀਆ ਅਨੁਸਾਰ ਹਾਲ ਹੀ ਵਿੱਚ ਕੈਨੇਡਾ ਦੀ ਸਥਾਈ ਨਾਗਰਿਕਤਾ (ਪੀ ਆਰ) ਛੱਡਣ ਵਾਲਿਆਂ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਸੀ। 2022 ਵਿੱਚ ਜਾਰੀ ਕੀਤੇ ਗਏ ਕੁੱਲ ਵਿਦਿਆਰਥੀ ਵੀਜ਼ਿਆਂ ਵਿੱਚੋਂ 2 ਲੱਖ 25 ਹਜ਼ਾਰ 835 ਯਾਨੀ ਲਗਭਗ 41 ਫੀਸਦੀ ਭਾਰਤੀ ਸਨ। 2023 ਵਿੱਚ, ਲਗਭਗ 9 ਲੱਖ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹ ਰਹੇ ਸਨ, ਜਿਨ੍ਹਾਂ ਵਿੱਚੋਂ ਲਗਭਗ 40 ਪ੍ਰਤੀਸ਼ਤ ਭਾਰਤੀ ਸਨ। ਪਿਛਲੇ ਸਾਲ ਭਾਰਤੀ ਵਿਦਿਆਰਥੀਆਂ ਦੀ ਕੁੱਲ ਗਿਣਤੀ ਵਿੱਚ ਚਾਰ ਫੀਸਦੀ ਦੀ ਗਿਰਾਵਟ ਆਈ ਹੈ। ਭਾਵੇਂ ਇਸ ਸਮੇਂ ਕੈਨੇਡਾ ਵਿੱਚ ਕਰੀਬ ਸਾਢੇ ਤਿੰਨ ਲੱਖ ਭਾਰਤੀ ਵਿਦਿਆਰਥੀ ਹਨ, ਪਰ ਭਾਰਤ ਦੇ ਰਾਸ਼ਟਰੀ ਮੀਡੀਆ ਅਨੁਸਾਰ ਅੰਕੜੇ ਕਹਿੰਦੇ ਹਨ ਕਿ ਕੈਨੇਡਾ ਜਾਣ ਤੋਂ ਭਾਰਤੀ ਵਿਦਿਆਰਥੀਆਂ ਦਾ ਮੋਹ ਭੰਗ ਹੁੰਦਾ ਜਾ ਰਿਹਾ ਹੈ। ਭਾਰਤੀ ਮੀਡੀਆ ਵਿੱਚ ਪ੍ਰਕਾਸ਼ਿਤ ਰਿਪੋਰਟਾਂ ਕਹਿੰਦੀਆਂ ਹਨ ਕਿ ਕੈਨੇਡਾ ਵਿੱਚ ਇਸ ਸਮੇਂ ਮਹਿੰਗਾਈ ਬਹੁਤ ਵੱਧ ਗਈ ਹੈ ਅਤੇ ਕੈਨੇਡਾ ਵਿੱਚ ਵਿਦੇਸ਼ੀ ਵਿਦਿਆਰਥੀਆਂ ਅਤੇ ਵਿਦੇਸ਼ੀ ਲੋਕਾਂ ਦੀ ਬਹੁਤਾਤ ਕਾਰਨ ਰਿਹਾਇਸ਼ ਦੀ ਵੱਡੀ ਸਮੱਸਿਆ ਉਭਰ ਕੇ ਸਾਹਮਣੇ ਆਈ ਹੈ। ਇਸ ਤੋਂ ਇਲਾਵਾ ਕੈਨੇਡਾ ਕੁਝ ਕਾਰਨਾਂ ਕਰਕੇ ਆਰਥਿਕ ਮੰਦੀ ਦਾ ਸ਼ਿਕਾਰ ਹੋ ਰਿਹਾ ਹੈ। ਕੈਨੇਡਾ ਵਿੱਚ ਲੋਕਾਂ ਦੀ ਆਮਦਨੀ ਘੱਟ ਰਹੀ ਹੈ, ਜਦੋਂ ਕਿ ਮਹਿੰਗਾਈ ਵਿੱਚ ਵਾਧਾ ਹੋ ਰਿਹਾ ਹੈ। ਜਿਹੜੇ ਲੋਕ ਕੈਨੇਡਾ ਵਿੱਚ ਰਹਿ ਰਹੇ ਹਨ, ਉਹਨਾਂ ਨੂੰ ਵੀ ਮਹਿੰਗਾਈ, ਰਿਹਾਇਸ਼ ਅਤੇ ਹੋਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਨੇਡਾ ਦੇ ਮਕਾਨਾਂ ਦੇ ਭਾਅ ਅਤੇ ਕਿਰਾਏ ਵੱਧ ਗਏ ਹਨ, ਜਰੂਰੀ ਵਰਤੋਂ ਦਾ ਸਮਾਨ ਵੀ ਬਹੁਤ ਮਹਿੰਗਾ ਹੋ ਰਿਹਾ ਹੈ। 2022 ਵਿੱਚ ਜਾਰੀ ਕੀਤੇ ਗਏ ਕੁੱਲ ਵਿਦਿਆਰਥੀ ਵੀਜ਼ਿਆਂ ਵਿੱਚੋਂ 2 ਲੱਖ 25 ਹਜ਼ਾਰ 835 ਯਾਨੀ ਲਗਭਗ 41 ਫੀਸਦੀ ਭਾਰਤੀ ਸਨ। 2023 ਵਿੱਚ, ਲਗਭਗ 9 ਲੱਖ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹ ਰਹੇ ਸਨ, ਜਿਨ੍ਹਾਂ ਵਿੱਚੋਂ ਲਗਭਗ 40 ਪ੍ਰਤੀਸ਼ਤ ਭਾਰਤੀ ਸਨ। ਭਾਰਤੀ ਮੀਡੀਆ ਅਨੁਸਾਰ ਪਿਛਲੇ ਸਾਲ ਭਾਰਤੀ ਵਿਦਿਆਰਥੀਆਂ ਦੀ ਕੁੱਲ ਗਿਣਤੀ ਵਿੱਚ ਚਾਰ ਫੀਸਦੀ ਦੀ ਗਿਰਾਵਟ ਆਈ ਹੈ।





ਇਹ ਤਾਂ ਪੂਰੀ ਦੁਨੀਆਂ ਨੂੰ ਪਤਾ ਹੈ ਕਿ ਭਾਰਤੀਆਂ ਖਾਸ ਕਰਕੇ ਪੰਜਾਬੀ ਵਿਦਿਆਰਥੀਆਂ ਵਿੱਚ ਵਿਦੇਸ਼ ਜਾ ਕੇ ਪੜ੍ਹਾਈ ਕਰਨ ਦਾ ਰੁਝਾਨ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਪੰਜਾਬੀ ਵਿਦਿਆਰਥੀਆਂ ਲਈ ਲੰਬੇ ਸਮੇਂ ਤੋਂ ਪਹਿਲੀ ਪਸੰਦ ਕੈਨੇਡਾ ਰਿਹਾ ਹੈ। ਪੰਜਾਬ ਤੋਂ ਵੱਡੀ ਗਿਣਤੀ ਵਿਦਿਆਰਥੀ ਸਿੱਖਿਆ ਕਰਜ਼ਾ ਲੈ ਕੇ ਕੈਨੇਡਾ ਗਏ ਹੋਏ ਹਨ, ਪਰ ਹੁਣ ਉਥੇ ਮਹਿੰਗਾਈ ਅਤੇ ਰਿਹਾਇਸ਼ ਦੀ ਸਮੱਸਿਆ ਕਾਰਨ ਉਹ ਪ੍ਰੇਸ਼ਾਨ ਹੋ ਰਹੇ ਹਨ ਅਤੇ ਹੋਰਨਾਂ ਦੇਸ਼ਾਂ ਨੂੰ ਜਾਣ ਨੂੰ ਤਰਜੀਹ ਦੇ ਰਹੇ ਹਨ। ਕੈਨੇਡਾ ਇੱਕ ਅਜਿਹਾ ਦੇਸ਼ ਹੈ, ਜੋ ਕਿ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼ ਮੰਨਿਆ ਜਾਂਦਾ ਹੈ। ਲਗਭਗ 10 ਮਿਲੀਅਨ ਵਰਗ ਕਿਲੋਮੀਟਰ ਦੇ ਇਸ ਦੇਸ਼ ਦੀ ਆਬਾਦੀ ਸਿਰਫ਼ 3.76 ਕਰੋੜ ਹੈ, ਇਸ ਲਈ ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ ਬਹੁਤ ਉਦਾਰ ਹੈ। (**ਬਾਕੀ ਸਫ਼ਾ** 30 'ਤੇ)

## ਉਚੇਰੀ ਸਿੱਖਿਆ

ਉੱਚ ਸਿੱਖਿਆ ਲਈ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਕੇਂਦਰੀ ਮੰਤਰੀ ਸੁਭਾਸ਼ ਸਰਕਾਰ ਵੱਲੋਂ ਲੋਕ ਸਭਾ ਵਿੱਚ ਦਿੱਤੀ ਜਾਣਕਾਰੀ ਅਨੁਸਾਰ 2021 ਦੇ ਮੁਕਾਬਲੇ 2022 ਵਿੱਚ ਪੜ੍ਹਾਈ ਲਈ ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ ਵਿੱਚ 68% ਦਾ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ 2021 ਵਿੱਚ 4,44,553 ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਗਏ ਸਨ, ਜਦੋਂ ਕਿ 2022 ਵਿੱਚ ਇਹ ਅੰਕੜਾ ਵੱਧ ਕੇ 750,365 ਹੋ ਗਿਆ ਸੀ। ਇਸ ਤੋਂ ਪਹਿਲਾਂ 2017 ਵਿੱਚ 4,54,009 ਵਿਦਿਆਰਥੀ, 2018 ਵਿੱਚ 517,998 ਅਤੇ 2019 ਵਿੱਚ 586,337 ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਗਏ ਸਨ। 2020 ਵਿੱਚ, ਕੋਰੋਨਾ ਕਾਰਨ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਮੀ ਆਈ ਸੀ, ਪਰ ਉਸ ਸਾਲ ਵੀ ਲਗਭਗ 259,655 ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਗਏ ਸਨ।

## ਕੈਨੇਡਾ ਦੇ 20 ਸ਼ਹਿਰਾਂ ਵਿੱਚ ਹਰ ਚੌਥਾ ਵਿਅਕਤੀ ਪੰਜਾਬੀ



ਪੰਜਾਬ ਤੋਂ ਜ਼ਿਆਦਾਤਰ ਨੌਜਵਾਨ ਕੈਨੇਡਾ ਜਾਂਦੇ ਹਨ, ਇਸ ਦਾ ਸਭ ਤੋਂ ਵੱਡਾ ਕਾਰਨ ਕੈਨੇਡਾ ਦੀਆਂ ਉਦਾਰਵਾਦੀ ਨੀਤੀਆਂ ਹਨ। ਇੱਥੇ ਨਾਗਰਿਕਤਾ ਪ੍ਰਾਪਤ ਕਰਨਾ ਸਭ ਤੋਂ ਆਸਾਨ ਹੈ। ਕੈਨੇਡਾ ਵਿੱਚ ਕੈਲਗਰੀ, ਬਰੈਂਪਟਨ, ਵੈਨਕੂਵਰ ਵਰਗੇ 20 ਤੋਂ ਵੱਧ ਸ਼ਹਿਰ ਹਨ ਜਿੱਥੇ ਹਰ ਚੌਥਾ ਵਿਅਕਤੀ ਪੰਜਾਬੀ ਹੈ। ਇੱਥੋਂ ਦੇ ਨਾਗਰਿਕਤਾ ਨਿਯਮਾਂ ਦੀ ਗੱਲ ਕਰੀਏ ਤਾਂ ਜੋ ਵਿਅਕਤੀ ਕੈਨੇਡਾ ਵਿੱਚ ਪੰਜ ਸਾਲਾਂ ਤੋਂ ਪ੍ਰਵਾਸੀ ਵਜੋਂ ਰਹਿ ਰਿਹਾ ਹੈ, ਉਹ ਉੱਥੇ ਦੀ ਨਾਗਰਿਕਤਾ ਲਈ ਅਪਲਾਈ ਕਰ ਸਕਦਾ ਹੈ, ਇਸ ਦੌਰਾਨ ਉਸ ਨੂੰ ਘੱਟੋ-ਘੱਟ ਤਿੰਨ ਸਾਲ ਲਗਾਤਾਰ ਦੇਸ਼ ਵਿੱਚ ਰਹਿਣਾ ਪਵੇਗਾ।

## ਪੜ੍ਹਾਈ ਦੇ ਨਾਲ-ਨਾਲ ਨੌਕਰੀ ਦਾ ਮੌਕਾ



ਪੰਜਾਬ ਤੋਂ ਕੈਨੇਡਾ ਜਾਣ ਵਾਲੇ ਨੌਜਵਾਨਾਂ ਵਿੱਚ ਜ਼ਿਆਦਾਤਰ ਵਿਦਿਆਰਥੀ ਅਜਿਹੇ ਹਨ ਜੋ 12ਵੀਂ ਤੋਂ ਬਾਅਦ ਹੀ ਉੱਥੇ ਜਾਣਾ ਚਾਹੁੰਦੇ ਹਨ। ਅਸਲ ਵਿੱਚ, ਵਿਦੇਸ਼ ਵਿੱਚ ਪੜ੍ਹਨਾ ਬਹੁਤ ਮਹਿੰਗਾ ਹੈ। ਮਾਪੇ ਹਰ ਸਾਲ ਲਗਭਗ 25 ਤੋਂ 30 ਲੱਖ ਰੁਪਏ ਵਿਦਿਆਰਥੀਆਂ ਦੀ ਰਿਹਾਇਸ਼ ਅਤੇ ਕਾਲਜ ਦੀ ਫੀਸ 'ਤੇ ਹੀ ਖਰਚ ਕਰਦੇ ਹਨ। ਕੈਨੇਡਾ ਜਾਣ ਦਾ ਫਾਇਦਾ ਇਹ ਹੈ ਕਿ ਉੱਥੇ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਪਾਰਟ-ਟਾਈਮ ਨੌਕਰੀ ਦਾ ਵਿਕਲਪ ਵੀ ਦਿੱਤਾ ਜਾਂਦਾ ਹੈ। ਇਹ ਪਾਰਟ-ਟਾਈਮ ਨੌਕਰੀ ਹਫ਼ਤੇ ਵਿੱਚ 10 ਤੋਂ 20 ਘੰਟੇ ਦੀ ਹੁੰਦੀ ਹੈ, ਜਿਸ ਰਾਹੀਂ ਵਿਦਿਆਰਥੀ ਆਪਣੀ ਜੇਬ ਦੇ ਪੈਸੇ ਨੂੰ ਪੂਰਾ ਕਰਨ ਲਈ ਕਾਫ਼ੀ ਕਮਾਈ ਕਰਦੇ ਹਨ। ਇਸ ਤੋਂ ਇਲਾਵਾ ਇੱਥੇ ਨਸਲੀ ਵਿਤਕਰੇ ਵਰਗੀਆਂ ਸਮੱਸਿਆਵਾਂ ਨਹੀਂ ਹਨ।

## 75.ਫ਼ੀਸਦੀ ਮਾਪੇ ਬੱਚਿਆਂ ਨੂੰ ਬਾਹਰ ਭੇਜਣਾ ਚਾਹੁੰਦੇ ਹਨ



ਵਿਦੇਸ਼ ਜਾਣ ਦੇ ਚਾਹਵਾਨ ਪੰਜਾਬ ਦੇ 80% ਨੌਜਵਾਨ ਕੈਨੇਡਾ ਹੀ ਜਾਣਾ ਚਾਹੁੰਦੇ ਹਨ। ਐਸੋਸੀਏਸ਼ਨ ਆਫ਼ ਕੰਸਲਟੈਂਟ ਆਫ਼ ਓਵਰਸੀਜ਼ ਸਟੱਡੀ ਵੱਲੋਂ ਇੱਕ ਸਾਲ ਪਹਿਲਾਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਪੰਜਾਬ ਦੇ 75 ਫ਼ੀਸਦੀ ਮਾਪੇ ਵੀ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਵਿਦੇਸ਼ਾਂ ਵਿੱਚ ਪੜ੍ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਪੰਜਾਬ ਵਿੱਚ ਵੱਧ ਰਹੀ ਬੇਰੁਜ਼ਗਾਰੀ ਅਤੇ ਨਸ਼ੇ ਨੂੰ ਮੰਨਿਆ ਜਾ ਰਿਹਾ ਹੈ। ਇਨ੍ਹਾਂ ਮਾਪਿਆਂ ਦਾ ਮੰਨਣਾ ਹੈ ਕਿ ਜੇਕਰ ਬੱਚਾ ਪੰਜਾਬ ਵਿੱਚ ਰਿਹਾ ਤਾਂ ਉਹ ਨਸ਼ੇ ਦਾ ਸ਼ਿਕਾਰ ਹੋ ਸਕਦਾ ਹੈ।

## ਵਿਦੇਸ਼ ਵਿੱਚ ਪੜ੍ਹਾਈ: ਪੰਜਾਬ ਦੂਜੇ ਸਥਾਨ 'ਤੇ



ਪੜ੍ਹਾਈ ਲਈ ਵਿਦੇਸ਼ ਜਾਣ ਦੀ ਗੱਲ ਕਰੀਏ ਤਾਂ ਦੇਸ਼ ਵਿੱਚ ਪੰਜਾਬ ਦੂਜੇ ਨੰਬਰ 'ਤੇ ਹੈ, ਚੰਡੀਗੜ੍ਹ ਇਸ ਮਾਮਲੇ ਵਿੱਚ ਸਭ ਤੋਂ ਅੱਗੇ ਹੈ, ਜਿਸ ਦੀ ਪ੍ਰਤੀ ਲੱਖ ਆਬਾਦੀ ਵਿੱਚ 10150 ਦੇ ਕਰੀਬ ਲੋਕ ਵਿਦੇਸ਼ ਹਨ। ਇਹ ਅੰਕੜਾ ਪ੍ਰਤੀ ਲੱਖ ਆਬਾਦੀ ਪੰਜਾਬ ਵਿੱਚ 859 ਅਤੇ ਦਿੱਲੀ ਵਿੱਚ 825 ਹੈ। ਜੇਕਰ ਅਸੀਂ ਉਸ ਰਾਜ ਦੀ ਗੱਲ ਕਰੀਏ ਜਿੱਥੋਂ ਸਭ ਤੋਂ ਘੱਟ ਨੌਜਵਾਨ ਵਿਦੇਸ਼ਾਂ ਵਿੱਚ ਜਾ ਰਹੇ ਹਨ, ਤਾਂ ਤ੍ਰਿਪੁਰਾ ਸਭ ਤੋਂ ਪਹਿਲਾਂ ਆਉਂਦਾ ਹੈ, ਜਿੱਥੇ ਪ੍ਰਤੀ ਲੱਖ ਆਬਾਦੀ ਵਿੱਚ ਸਿਰਫ਼ 11 ਨੌਜਵਾਨ ਹੀ ਵਿਦੇਸ਼ ਗਏ ਹਨ। ਇਸ ਤੋਂ ਬਾਅਦ ਬਿਹਾਰ ਹੈ ਜਿੱਥੇ ਇਹ ਅੰਕੜਾ 13 ਹੋ ਜਾਂਦਾ ਹੈ।

# ‘ਮਿਸਲ ਸਤਲੁਜ’ ਕਿਸਾਨ ਮੋਰਚੇ ’ਚ ਲਗਾਤਾਰ ਨਿਭਾਅ ਰਿਹੈ ਆਪਣੀਆਂ ਸੇਵਾਵਾਂ

## ਸ਼ੰਭੂ ਬਾਰਡਰ ’ਤੇ ਕਿਸਾਨ ਭਰਾਵਾਂ ਲਈ ਲਗਾਇਆ ਬਸੇਰਾ ਕੈਂਪ

## ਹੱਕ-ਸੱਚ ਦੀ ਲੜਾਈ ’ਚ ਹਮੇਸ਼ਾ ਪਹਿਰਾ ਦਿੰਦੇ ਰਹਾਂਗੇ: ਅਜੈਪਾਲ ਸਿੰਘ








ਸ਼ੰਭੂ ਬਾਰਡਰ ਤੇ ਲੋਕਾਂ ਦਾ ਇਕੱਠ ਮੰਦਭਾਗੀਆਂ ਘਟਨਾਵਾਂ ਵਾਪਰਣ ਦੇ ਬਾਵਜੂਦ ਵੀ ਲਗਾਤਾਰ ਵਧਦਾ ਜਾ ਰਿਹਾ ਹੈ। ਬਹੁਤ ਸਾਰੀਆਂ ਸੰਸਥਾਵਾਂ ਇਸ ਕਿਸਾਨੀ ਸੰਘਰਸ਼ ਦੇ ਵਿੱਚ ਸ਼ਮੂਲੀਅਤ ਕਰ ਰਹੀਆਂ ਹਨ ਤੇ ਆਪਣੀਆਂ ਸੇਵਾਵਾਂ ਨਿਭਾ ਰਹੀਆਂ ਹਨ। ਮਿਸਲ ਸਤਲੁਜ ਵੀ ਸ਼ੰਭੂ ਬਾਰਡਰ ਤੇ ਕਿਸਾਨ ਮੋਰਚੇ ਵਿੱਚ ਲਗਾਤਾਰ ਆਪਣੀਆਂ ਸੇਵਾਵਾਂ ਨਿਭਾ ਰਹੀ ਹੈ। ਮਿਸਲ ਸਤਲੁਜ ਨੇ ਸ਼ੰਭੂ ਬਾਰਡਰ ਤੇ ਰਹਿਣ ਬਸੇਰਾ ਕੈਂਪ ਲਗਾਇਆ ਹੋਇਆ ਹੈ ਤਾਂ ਜੋ ਦੂਰ ਤੋਂ ਆ ਕੇ ਰਹਿਣ ਵਾਲੇ ਲੋਕਾਂ ਨੂੰ ਕੋਈ ਔਖ ਮਹਿਸੂਸ ਨਾ ਹੋਵੇ। ਬੀਤੀ ਰਾਤ ਮਿਸਲ ਸਤਲੁਜ ਦੇ ਮੁੱਖ ਨੁਮਾਇੰਦੇ ਅਜੈਪਾਲ ਸਿੰਘ ਨੇ ਗੱਲਬਾਤ ਦੌਰਾਨ ਦੁੱਖ ਪ੍ਰਗਟਾਉਂਦਿਆਂ ਕਿਸਾਨਾਂ ਦੇ ਉੱਤੇ ਸਰਕਾਰਾਂ ਵੱਲੋਂ ਹੋ ਰਹੇ ਤਸ਼ੱਦਦ ਦੀ ਪੁਰਜ਼ੋਰ ਨਿੰਦਾ ਕੀਤੀ। ਉਹਨਾਂ ਕਿਹਾ ਕਿ ਕਿਸਾਨ ਓਹੀ ਮੰਗ ਰਹੇ ਨੇ ਜੋ ਸਾਡੇ ਨੇਤਾਵਾਂ ਨੇ ਆਪਣੀਆਂ ਰੈਲੀਆਂ ਦੇ ਵਿੱਚ ਵਾਅਦੇ ਕੀਤੇ ਸਨ ਪਰ ਫੇਰ ਕਿਉਂ ਸਾਡੇ ਕਿਸਾਨਾਂ ਤੇ ਅੱਥਰੂ ਗੈਸ ਦੇ ਗੋਲੇ ਤੇ



ਗੋਲੀਆਂ ਦਾਗੀਆਂ ਜਾ ਰਹੀਆਂ ਨੇ ਤੇ ਉਨ੍ਹਾਂ ਨਾਲ ਧੱਕੇਸ਼ਾਹੀ ਹੋ ਰਹੀ ਹੈ। ਸਰਕਾਰਾਂ ਇਹੋ ਜਿਹਾ ਮਾਹੌਲ ਸਿਰਜ ਕੇ ਕਿਸਾਨਾਂ ਦੇ ਵਿੱਚ ਸਹਿਮ ਅਤੇ ਡਰ ਪੈਦਾ ਕਰ ਰਹੀਆਂ ਹਨ ਪਰ ਕਿਸਾਨ ਦੋਹਾਂ ਬਾਰਡਰਾਂ ਦੇ ਉੱਤੇ ਲਗਾਤਾਰ ਆਪਣੀ ਹਾਜ਼ਰੀ ਲਗਵਾ ਰਹੇ ਨੇ , ਇਹ ਹੋਵੇ ਵੀ ਕਿਉਂ ਨਾ ਆਖ਼ਰ ਓਹਨਾਂ ਦੇ ਹੱਕਾਂ ਦੀ ਲੜਾਈ ਹੈ। ਉਨ੍ਹਾਂ ਨੇ ਦੁੱਖ ਪ੍ਰਗਟ ਕੀਤਾ ਕਿ ਜਦੋਂ ਵੀ ਪੰਜਾਬੀਆਂ ਨੇ ਆਪਣੇ ਹੱਕ ਦੀ ਗੱਲ ਕੀਤੀ ਹੈ ਓਦੋਂ ਹੀ ਸਰਕਾਰਾਂ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਹੈ, ਬੇਹੂਦਾ ਅਤੇ ਜ਼ਾਲਮਾਨਾ ਤਰੀਕੇ ਨਾਲ਼ ਔਰੰਗਜ਼ੇਬ ਵਰਗਾ ਸਰਕਾਰਾਂ ਨੇ ਵਤੀਰਾ ਅਪਣਾਇਆ ਹੈ।

ਸਾਨੂੰ ਆਪਣੇ ਹੀ ਦੇਸ਼ ਵਿੱਚ ਵੱਖਰਾ ਕਰ ਦੇਣ ਦਾ ਦੁੱਖ ਸਾਡੇ ਸੀਨੇ ਦੇ ਵਿੱਚ ਹਮੇਸ਼ਾ ਰੜਕਦਾ ਰਿਹਾ ਪਰ ਸਾਡੇ ਗੁਰੂਆਂ ਨੇ ਸਾਨੂੰ ਸਬਰ, ਸੰਤੋਖ, ਸੰਜਮ ਤੇ ਸੰਘਰਸ਼ ਦੀ ਗੁੜ੍ਹਤੀ ਦਿੱਤੀ ਹੈ। ਅਸੀਂ ਉਹਨਾਂ ਦੇ ਪਾਏ ਪੂਰਨਿਆਂ ਉੱਤੇ ਹਮੇਸ਼ਾ ਚਲਦੇ ਰਹਾਂਗੇ ਤੇ ਹੱਕ ਸੱਚ ਦੀ ਲੜਾਈ ਉੱਤੇ ਹਮੇਸ਼ਾ ਪਹਿਰਾ ਦੇਵਾਂਗੇ।

## ਭਾਰਤ ਦੀ ਸਿਆਸਤ ਵਿੱਚ ਆਈ ਗਰਮਾਹਟ

# ਸੁਪਰੀਮ ਕੋਰਟ ਨੇ ਚੋਣ ਬਾਂਡ ’ਤੇ ਲਗਾਈ ਰੋਕ

## ਕੀ ਭਾਰਤ ਦੀ ਸਿਆਸਤ ਵਿੱਚ ਫ਼ੈਲੇ ਭ੍ਰਿਸ਼ਟਾਚਾਰ ਨੂੰ ਪਵੇਗੀ ਨੱਥ?

ਲੰਘੇ ਦਿਨਾਂ ਦੇ ਵਿੱਚ ‘ਨਾ ਖਾਉਂਗਾ ਨਾ ਖਾਣੇ ਦੂੰਗਾ’ ਜੁਮਲੇ ਦੀ ਹਵਾ ਨਿਕਲ ਗਈ।ਮੱਗਰਮੱਛ ਵਾਂਗੂ ਖਾਂਦਾ ਮੂੰਹ ਵੀ ਵੇਖ ਲਿਆ ਤੇ ਨਾਲ ਜਿਹੜੇ ਦੋਸਤ ਮਿੱਤਰ ਖਾਂਦੇ ਰਹੇ, ਉਹਨਾਂ ਦਾ ਚਿਹਰਾ ਪਰਦੇ ਪਿੱਛੇ ਦਿਖਣ ਲੱਗਿਆ। ਕਿਹਾ ਜਾਂਦਾ ਸੀ ਕਿ ਕਾਂਗਰਸ ਨੇ ਜੋ ਸੱਤਰ ਸਾਲ ਨਹੀਂ ਸੀ ਕੀਤਾ, ਅਸੀਂ ਦਸ ਸਾਲ ਵਿੱਚ ਕਰ ਦਿੱਤਾ।ਉਹ ਵੀ ਪਰਦੇ ਪਿੱਛੋਂ ਦਿੱਖਣ ਲੱਗਿਆ।ਭਾਰਤ ਦੀ ਸਿਆਸਤ ਵਿੱਚ ਪਿਛਲੇ ਕੁਝ ਸਮੇਂ ਤੋਂ ਚੋਣ ਬਾਂਡ ਦੀ ਚਰਚਾ ਹੋ ਰਹੀ ਹੈ।ਇਸ ਤੋਂ ਇਲਾਵਾ ਭਾਰਤ ਦੇ ਸਿਆਸੀ ਸੂਝ ਰੱਖਣ ਵਾਲੇ ਲੋਕਾਂ ਵਿੱਚ ਵੀ ਚੋਣ ਬਾਂਡ ਅੱਜ ਕੱਲ੍ਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਚੋਣ ਬਾਂਡ ਦਾ ਮਾਮਲਾ ਸੁਪ੍ਰੀਮ ਕੋਰਟ ਪਹੁੰਚ ਗਿਆ ਸੀ, ਹੁਣ ਸੁਪ੍ਰੀਮ ਕੋਰਟ ਦਾ ਚੋਣ ਬਾਂਡ ਸਬੰਧੀ ਨਵਾਂ ਫੈਸਲਾ ਆ ਗਿਆ ਹੈ, ਜਿਸ ਨੇ ਭਾਰਤ ਦੀ ਸਿਆਸਤ ਵਿੱਚ ਗਰਮੀ ਲਿਆ ਦਿੱਤੀ ਹੈ। ਸੁਪ੍ਰੀਮ ਕੋਰਟ ਨੇ ਭਾਰਤੀ ਜਨਤਾ ਪਾਰਟੀ ਸਰਕਾਰ ਦੁਆਰਾ ਜਾਰੀ ਇਲੈਕਟੋਰਲ ਬਾਂਡ ਸਕੀਮ ’ਤੇ ਰੋਕ ਲਗਾ ਦਿੱਤੀ ਹੈ, ਜੋ ਨਾ ਸਿਰਫ਼ ਸੰਵਿਧਾਨਕ ਹੈ, ਬਲਕਿ ਜਨਤਾ ਦੀਆਂ ਉਮੀਦਾਂ ਦੇ ਅਨੁਸਾਰ ਵੀ ਹੈ।ਆਓ ਤੁਹਾਨੂੰ ਦੱਸੀਏ ਕਿ ਚੋਣ ਬਾਂਡ ਹੁੰਦਾ ਕੀ ਹੈ ? ਚੋਣ ਬਾਂਡ ਇੱਕ ਅਜਿਹਾ ਬਾਂਡ ਹੈ ਜਿਸ ਵਿੱਚ ਕਰੰਸੀ ਨੋਟ ਲਿਖਿਆ ਰਹਿੰਦਾ ਹੈ।ਜਿਸ ਵਿੱਚ ਉਸ ਦੀ ਕੀਮਤ ਹੁੰਦੀ ਹੈ। ਇਹ ਬਾਂਡ ਪੈਸਾ ਦਾਨ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਸ ਬਾਂਡ ਰਾਹੀ ਸਿਆਸੀ ਦਲਾਂ ਜਾਂ ਕਿਸੇ ਸੰਸਥਾ ਨੂੰ ਪੈਸਾ ਦਾਨ ਕੀਤਾ ਜਾ ਸਕਦਾ ਹੈ। ਇਸ ਦੀ ਘੱਟੋ-ਘੱਟ ਕੀਮਤ ਇੱਕ ਹਜ਼ਾਰ ਰੁਪਏ ਤੋਂ ਲੈ ਕੇ ਵੱਧ ਤੋਂ ਵੱਧ ਇੱਕ ਕਰੋੜ ਰੁਪਏ ਹੁੰਦੀ ਹੈ। ਚੋਣ ਬਾਂਡ 1 ਹਜ਼ਾਰ, 10 ਹਜ਼ਾਰ, 1 ਲੱਖ ਅਤੇ 1 ਕਰੋੜ ਰੁਪਏ ਤੱਕ ਉਪਲਬਧ ਹੁੰਦੀ ਹੈ।

ਇਸ ਨੂੰ ਕੋਈ ਵੀ ਭਾਰਤੀ ਨਾਗਰਿਕ, ਸੰਸਥਾ ਜਾਂ ਫਿਰ ਕੰਪਨੀ ਖਰੀਦ ਸਕਦੀ ਹੈ। ਇਸ ਲਈ ਕੇ.ਵਾਈ.ਸੀ. ਫਾਰਮ ਭਰਨਾ ਪੈਂਦਾ ਹੈ। ਜਿਸ ਨੇ ਬਾਂਡ ਦਿੱਤਾ ਹੋਵੇ, ਉਸ ਦਾ ਨਾਮ ਗੁਪਤ ਰੱਖਿਆ ਜਾਂਦਾ ਹੈ।ਚੋਣ ਬਾਂਡ ਖਰੀਦਣ ਵਾਲੇ ਦਾ ਨਾਮ ਵੀ ਗੁਪਤ ਰੱਖਿਆ ਜਾਂਦਾ ਹੈ ਪਰ ਬੈਂਕ ਖਾਤੇ ਦੀ ਜਾਣਕਾਰੀ ਰੱਖੀ ਜਾਂਦੀ ਹੈ। ਚੋਣ ਬਾਂਡ ਦੀ ਮਿਆਦ ਸਿਰਫ਼ 15 ਦਿਨ ਦੀ ਹੁੰਦੀ ਹੈ।

ਰਾਜਨੀਤੀ ਦੇ ਵਿੱਚ ਕਾਰਪੋਰੇਟ ਫ਼ੰਡਿੰਗ ਇੱਕ ਵਿਵਾਦਤ ਵਿਸ਼ਾ ਰਿਹਾ ਹੈ। ਭਾਰਤ ਦੇ ਵਿੱਚ ਇਹ ਵਿਸ਼ਾ ਜਿਆਦਾ ਵਿਵਾਦਾਂ ਨਾਲ ਭਰਿਆ ਹੈ ਕਿਉਂਕਿ ਲੰਘੇ ਕੁਝ ਸਾਲਾਂ ਵਿੱਚ ਪੈਸਾ ਕੇਵਲ ਇੱਕ ਹੀ ਪਾਰਟੀ ਦੇ ਖਾਤੇ ਦੇ ਵਿੱਚ ਗਿਆ ਹੈ।ਜਿਸ ਕਰਕੇ ਸ਼ੱਕ ਦੀ ਸੂਈ ਭਾਜਪਾ ’ਤੇ ਜਾ ਟਿਕਦੀ ਹੈ। ਪਿਛਲੇ ਪੰਜ ਸਾਲਾਂ ਦੇ ਵਿੱਚ ਭਾਜਪਾ ਨੂੰ ਲਗਭਗ ਤਿੰਨ ਸੌ ਪੈਂਤੀ ਕਰੋੜ ਰੁਪਏ ਚੰਦਾ ਦੇਣ ਵਾਲੀਆਂ ਕਰੀਬ 30 ਕੰਪਨੀਆਂ ਨੂੰ ਕੇਂਦਰੀ ਜਾਂਚ ਏਜੰਸੀਆਂ ਦੀ ਛਾਪੇਮਾਰੀ ਦਾ ਸਾਹਮਣਾ ਕਰਨਾ ਪਿਆ ਹੈ। ਇੱਕ ਪੈਟਰਨ ਇਹ ਹੈ ਕਿ ਪਹਿਲਾਂ ਛਾਪਾ, ਤੁਰੰਤ ਬਾਅਦ ਵਿੱਚ ਚੰਦਾ।ਦੂਸਰਾ ਪੈਟਰਨ ਛਾਪੇ ਦੇ ਬਾਅਦ ਚੰਦੇ ਦੀ ਰਾਸ਼ੀ ਵਿੱਚ ਵਾਧਾ।

ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਨੇ ਇਸ ਸਕੀਮ ਨੂੰ ਲੋਕ ਸਭਾ ਵੱਲੋਂ 2017 ਵਿੱਚ ਵਿੱਤ ਐਕਟ ਦੇ ਰੂਪ ਵਿੱਚ ਪਾਸ ਕਰਵਾਇਆ ਸੀ, ਜੋ ਕਿ 29 ਜੂਨ 2018 ਨੂੰ ਕਾਨੂੰਨੀ ਤੌਰ ’ਤੇ ਲਾਗੂ ਹੋ ਗਿਆ ਸੀ। ਕੋਈ ਵੀ ਨਾਗਰਿਕ ਇਸ ਬਾਂਡ ਨੂੰ ਭਾਰਤੀ ਸਟੇਟ ਬੈਂਕ ਦੀਆਂ ਚੁਣੀਆਂ ਹੋਈਆਂ ਸ਼ਾਖਾਵਾਂ ਤੋਂ ਖਰੀਦ ਸਕਦਾ ਹੈ ਅਤੇ ਆਪਣੀ ਮਨਪਸੰਦ ਪਾਰਟੀ ਨੂੰ ਦਾਨ ਕਰ ਸਕਦਾ ਹੈ।ਇੱਕ ਤਰ੍ਹਾਂ ਨਾਲ ਇਸ ਨੂੰ ਸਿਆਸੀ ਪਾਰਟੀਆਂ ਦੀ ਬੇਨਾਮੀ ਮਦਦ ਵੀ




ਕਿਹਾ ਜਾ ਸਕਦਾ ਹੈ।

ਮੁੰਬਈ ਚੋਣ ਬਾਂਡ ਦੀ ਵਿਕਰੀ ਵਿੱਚ ਸਭ ਤੋਂ ਅੱਗੇ ਹੈ ਤੇ ਨਗਦੀ ਦੇ ਵਿੱਚ ਦਿੱਲੀ ਅੱਗੇ ਮੰਨਿਆ ਜਾਂਦਾ ਹੈ। ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ ਯਾਨੀ ਏਡੀਆਰ ਦੁਆਰਾ ਦਿੱਤੇ ਗਏ ਅੰਕੜਿਆਂ ਅਨੁਸਾਰ ਮੁੰਬਈ ਨੇ ਜਨਵਰੀ 2024 ਤੱਕ ਭਾਰਤ ਦੇ ਸਾਰੇ ਸ਼ਹਿਰਾਂ ਵਿੱਚ 4,009.4 ਕਰੋੜ ਦੇ 5,426 ਬਾਂਡਾਂ ਦੇ ਨਾਲ ਵੇਚੇ ਗਏ ਰੁਪਏ 16,518 ਕਰੋੜ ਦੇ ਮੰਨੇ ਜਾਂਦੇ ਹਨ।ਮੁੰਬਈ ਤੋਂ ਬਾਅਦ ਹੈਦਰਾਬਾਦ 3,554 ਕਰੋੜ, ਕਲਕੱਤਾ 3,333 ਕਰੋੜ, ਨਵੀਂ ਦਿੱਲੀ 2,324 ਕਰੋੜ, ਚੇਨਈ 1524 ਕਰੋੜ, ਬਾਂਡ ਦੀ ਵਿਕਰੀ ਦੇ ਮਾਮਲੇ ਵਿੱਚ ਚੋਟੀ ਦੇ ਸ਼ਹਿਰ ਰਹੇ ਹਨ।ਇਹਨਾਂ ਪੰਜ ਸ਼ਹਿਰਾਂ ਦੀ ਰਕਮ ਮਿਲਾ ਕੇ 14,744 ਕਰੋੜ ਤੋਂ ਵੱਧ ਬਣਦੀ ਹੈ।ਸਾਲ 2019 ਦੀ ਚੋਣ ਹੁਣ ਤੱਕ ਦੀ ਸਭ ਤੋਂ ਮਹਿੰਗੀ ਚੋਣ ਗਿਣੀ ਜਾਂਦੀ ਹੈ,ਇਹਨਾਂ ਚੋਣਾਂ ਦੇ ਵਿੱਚ ਬੀਜੇਪੀ ਨੇ 27 ਹਜ਼ਾਰ ਕਰੋੜ ਰੁਪਏ ਖ਼ਰਚ ਕੀਤੇ।ਥੋੜਾ ਡੂੰਘਾਈ ਦੇ ਵਿੱਚ ਜਾਂਦੇ ਹਾਂ, ਤਾਂ ਅੰਦਾਜ਼ਨ ਹਰ ਵੋਟਰ ਤੇ ਸੱਤ ਸੌ ਰੁਪਏ ਖਰਚ ਕੀਤਾ ਤੇ ਹਰ ਸੰਸਦੀ ਸੀਟ ਤੇ 100 ਕਰੋੜ ਰੁਪਏ ਖਰਚ ਕੀਤੇ।20 ਹਜ਼ਾਰ ਕਰੋੜ ਕੇਵਲ ਪ੍ਰਚਾਰ ’ਤੇ ਖਰਚ ਕੀਤਾ।ਤਿੰਨ ਹਜ਼ਾਰ ਕਰੋੜ ਸੋਸ਼ਲ ਮੀਡੀਆ ’ਤੇ ਖਰਚ ਕੀਤਾ ਸੀ।2018 ਦੇ ਵਿੱਚ ਬੀਜੇਪੀ 500 ਵੱਡੇ ਆਲੀਸ਼ਾਨ ਆਫਿਸ ਬਣਾਏ, 300 ਅਜੇ ਬਣ ਰਹੇ ਹਨ।ਦਿੱਲੀ ਵਾਲੇ ਹੈੱਡ ਆਫਿਸ ਦੀ ਕੀਮਤ 700 ਕਰੋੜ ਰੁਪਏ ਦੱਸੀ ਜਾਂਦੀ ਹੈ ਤੇ ਬਾਕੀ ਰਾਜਾਂ ਵਿੱਚ ਦਸੇ ਜਾਂਦੇ ਹੈੱਡ ਆਫਿਸ ਦੀ ਕੀਮਤ 100 ਕਰੋੜ ਰੁਪਏ ਦਸੀ ਜਾਂਦੀ ਹੈ।2024 ਦੇ ਵਿੱਚ ਚੋਣ ਖ਼ਰਚਾ ਰਿਪੋਰਟਾਂ ਮੁਤਾਬਿਕ 10 ਖਰਬ ਨੂੰ ਪਾਰ ਕਰ ਸਕਦਾ ਹੈ। ਪਿਛਲੀਆਂ ਚੋਣਾਂ ਵਿੱਚ ਬੀਜੇਪੀ ਨੇ 45 ਫੀਸਦੀ ਖਰਚ ਕੀਤਾ ਸੀ ਤੇ ਇਸ ਵਾਰ ਇਹ ਅੰਕੜਾ 50 ਫੀਸਦੀ ਨੂੰ ਪਾਰ ਕਰ ਸਕਦਾ ਹੈ।ਸੋਚਣ ਵਾਲੀ ਗੱਲ ਇਹ ਹੈ ਕਿ ਇੱਕ 5 ਖਰਬ ਰੁਪਇਆ ਕਿਸ ਦੇ ਭਰੋਸੇ ਖਰਚ ਕਰਨ ਲਈ ਤਿਆਰ ਬਰ ਤਿਆਰ ਬੈਠੇ ਹਨ। ਹੈ ਤਾਂ ਕਾਰਪੋਰੇਟ ਦਾ ਪੈਸਾ ਤੇ ਇਹ ਕਾਲੇ ਧਨ ਦੀ ਅੱਗ ਸਮੁੱਚੇ ਲੋਕਤੰਤਰ ਨੂੰ ਆਪਣੀਆਂ ਲਪਟਾਂ ਵਿੱਚ ਲੈ ਰਹੀ ਹੈ।

ਅਰੁਣ ਜੇਤਲੀ ਇਸ ਦੁਨੀਆਂ ਵਿੱਚ ਨਹੀਂ ਰਹੇ ਪਰ ਉਹਨਾਂ ਦੇ ਕਾਰਨਾਮਿਆਂ ਦੀ ਗੂੰਜ ਅੱਜ ਵੀ ਸੁਣਾਈ ਦਿੰਦੀ ਹੈ। ਸੁਣਿਐ ਕਿ ਉਹ ਪਹਿਲਾਂ ਆਡੀਟਰ ਸਨ, ਜਿਹੜੇ ਸਿੱਧੇ ਹੈੱਡ ਲਾਈਨ ਮੈਨੇਜ ਕਰਵਾਉਂਦੇ ਸੀ। ਉਹਨਾਂ ਦਾ ਮੰਨਣਾ ਸੀ ਕਿ ਚੋਣਾਂ ਤੋਂ ਪਹਿਲਾਂ ਨੋਟਾਂ ਦੇ ਸੂਟਕੇਸ ਨੇਤਾਵਾਂ ਦੇ ਕੋਲ ਪਹੁੰਚਾਉਣ ਤੋਂ ਬਿਹਤਰ ਹੈ ‘ਇਲੈਕਟ੍ਰੋਲ ਬਾਂਡ’। ਬਸ ਫਿਰ ਕੀ ਸੀ, ਸਰਕਾਰ ਨੇ ਕਾਰਪੋਰੇਟਸ ਤੋਂ ਬੇਹੱਦ ਛੂਟ ਦਿੱਤੀ ਤੇ ਨਤੀਜਾ ਕਾਰਪੋਰੇਟਸ ਦਾ ਸਾਰਾ ਕਰਜ਼ਾ ਡਕਾਰਨਾ ਸ਼ੁਰੂ ਕਰ ਦਿੱਤਾ। 2018 ਤੋਂ 2023 ਤਕ ਬੀਜੇਪੀ ਨੂੰ 6 ਹਜ਼ਾਰ 564 ਕਰੋੜ ਦਾ ਚੰਦਾ ਮਿਲਿਆ ਹੈ।

ਆਖ਼ਰ ਵਿੱਚ ਇਹੀ ਕਹਾਂਗੇ ਕਿ ਇਹ ਚੰਦੇ ਵਾਲਾ ਚੰਦ ਬੀਜੇਪੀ ਦੇ ਲਈ ਹੀ ਹੋਵੇ ਕਿਉਂਕਿ ਲੰਘੇ ਸਾਲਾਂ ਦੇ ਵਿੱਚ ਸਰਕਾਰ ਨੇ ਕਾਫ਼ੀ ਪੈਸਾ ਹਜ਼ਮ ਕੀਤਾ ਹੈ, ਪਰ ਸ਼ੱਕ ਇਹ ਵੀ ਪੈਂਦਾ ਹੈ ਕਿ ਕਿਤੇ ਸੁਪ੍ਰੀਮ ਕੋਰਟ ਦਾ ਇਹ ਫ਼ੈਸਲਾ ਹਾਕਮ ਸਰਕਾਰ ਨੇ ਆਪਣਾ ਚੰਦ ਚੜ੍ਹਾ ਕੇ ਦੂਜਿਆਂ ਦੇ ਚੰਦ ਛੁਪਾਉਣ ਦੇ ਲਈ ਨਾ ਕੀਤਾ ਹੋਵੇ।

# ਅਮਰੀਕਾ ਦੇ ਸਿੱਖ ਨੁਮਾਇੰਦਿਆਂ ਤੇ ਕਿਸਾਨ ਸਮਰਥਕਾਂ ਨੇ ਸਾਂਝੇ ਤੌਰ 'ਤੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ 'ਚ ਡੱਟ ਕੇ ਖੜੇ ਹੋਣ ਦਾ ਭਰੋਸਾ ਦਿੱਤਾ

ਸੈਕਰਾਮੈਂਟੋ/ ਹੁਸਨ ਲੜੋਆ ਬੰਗਾ : ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਐਸ.ਸੀ.ਸੀ.ਈ.ਸੀ.) ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ.ਜੀ.ਪੀ.ਸੀ.) ਦੇ ਸੱਦੇ 'ਤੇ ਭਾਰਤ ਵਿੱਚ ਕਿਸਾਨ ਸੰਘਰਸ਼ (ਫਾਰਮਰਜ਼ ਪ੍ਰੋਟੈਸਟ-2024) ਦੀ ਹਮਾਇਤ ਵਿੱਚ ਅਮਰੀਕਾ ਦੇ ਗੁਰਦੁਆਰਿਆਂ, ਕਿਸਾਨ ਹਮਾਇਤੀਆਂ ਅਤੇ ਪੰਥਕ ਜੱਥੇਬੰਦੀਆਂ ਦੀ ਇੱਕ ਵਿਸ਼ਾਲ ਕਨਵੈਨਸ਼ਨ ਗੁਰਦੁਆਰਾ ਦਸਮੇਸ਼ ਦਰਬਾਰ ਕਾਰਟਰੇਟ, ਨਿਊਜਰਸੀ ਵਿਖੇ ਹੋਈ। ਇਸ ਵਿੱਚ ਅਮਰੀਕਾ ਦੇ ਸਿੱਖ ਨੁਮਾਇੰਦਿਆਂ ਤੇ ਕਿਸਾਨ ਸਮਰਥਕਾਂ ਨੇ ਸਾਂਝੇ ਤੌਰ 'ਤੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿੱਚ ਡੱਟ ਕੇ ਖੜੇ ਹੋਣ ਦਾ ਭਰੋਸਾ ਦਿੱਤਾ।

ਇਸ ਵਿਸ਼ਾਲ ਕਨਵੈਨਸ਼ਨ 'ਚ ਸ਼ਾਮਲ ਬੁਲਾਰਿਆਂ ਵਿੱਚ ਡਾ. ਪ੍ਰਿਤਪਾਲ ਸਿੰਘ, ਹਿੰਮਤ ਸਿੰਘ, ਹਰਜਿੰਦਰ ਸਿੰਘ, ਬੂਟਾ ਸਿੰਘ ਖੜੌਦ,



ਰਾਜਭਿੰਦਰ ਸਿੰਘ ਬਦੇਸ਼ਾ, ਨਰਿੰਦਰ ਸਿੰਘ, ਰਜਿੰਦਰ ਸਿੰਘ, ਬਲਵਿੰਦਰ ਸਿੰਘ ਚੱਠਾ, ਧਰਮ ਸਿੰਘ, ਬਲਜਿੰਦਰ ਸਿੰਘ, ਪ੍ਰਿਤਪਾਲ ਸਿੰਘ ਖਾਲਸਾ, ਜਸਬੀਰ ਸਿੰਘ, ਡਾ. ਬਖਸ਼ੀਸ਼ ਸਿੰਘ, ਦਵਿੰਦਰ ਸਿੰਘ ਦਿਓ, ਗੁਰਮੇਲ ਸਿੰਘ, ਗੁਰਨਿੰਦਰ ਸਿੰਘ, ਬਖਸ਼ੀਸ਼ ਸਿੰਘ, ਸਤਨਾਮ ਸਿੰਘ ਵਿਰਕ, ਗੁਰਇੱਕਪ੍ਰੀਤ ਸਿੰਘ, ਪ੍ਰਧਾਨ ਇੰਦਰਜੀਤ ਸਿੰਘ, ਸਕੱਤਰ ਸਰਵਣ ਸਿੰਘ ਤੋਂ ਇਲਾਵਾ ਸ਼ਾਮਲ ਪਤਵੰਤਿਆਂ ਵਿੱਚ ਬਰਜਿੰਦਰ ਸਿੰਘ ਬਰਾੜ, ਜੁਗਰਾਜ ਸਿੰਘ, ਕੇਵਲ ਸਿੰਘ ਸੰਧੂ, ਸਰਬਜੀਤ ਸਿੰਘ, ਪ੍ਰਦੀਪ ਸਿੰਘ, ਹਰਮਿੰਦਰ ਸਿੰਘ ਆਹਲੂਵਾਲੀਆ, ਪਿਆਰਾ ਸਿੰਘ ਅਤੇ ਇਸ ਤੋਂ ਇਲਾਵਾ ਬਹੁਤ ਭਾਰੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਇਕੱਤਰਤਾ ਵਿੱਚ ਕਈ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ।

# ਧੋਖਾਧੜੀ ਦੇ ਮਾਮਲੇ 'ਚ ਟਰੰਪ ਖ਼ਿਲਾਫ਼ ਕਾਰਵਾਈ, ਲੱਗਿਆ 35.5 ਕਰੋੜ ਡਾਲਰ ਦਾ ਜੁਰਮਾਨਾ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਕਾਰੋਬਾਰੀ ਸੰਗਠਨਾਂ 'ਤੇ ਧੋਖਾਧੜੀ ਦੇ ਮਾਮਲੇ 'ਚ 35.5 ਕਰੋੜ ਡਾਲਰ ਦਾ ਜੁਰਮਾਨਾ ਲਗਾਇਆ ਗਿਆ ਹੈ। ਇਹ ਜੁਰਮਾਨਾ ਨਿਊਯਾਰਕ ਰਾਜ ਦੇ ਅਟਾਰਨੀ ਜਨਰਲ ਲੈਟੀਆ ਜੇਮਸ ਵੱਲੋਂ ਦਰਜ ਕਰਾਏ ਗਏ ਕਾਰੋਬਾਰੀ ਧੋਖਾਧੜੀ ਦੇ ਮਾਮਲੇ ਵਿੱਚ ਨਿਊਯਾਰਕ ਦੀ ਅਦਾਲਤ ਨੇ ਲਗਾਇਆ। ਅਦਾਲਤ ਨੇ ਟਰੰਪ ਅਤੇ ਉਨ੍ਹਾਂ ਦੇ ਕਾਰੋਬਾਰੀ ਸੰਗਠਨਾਂ ਨੂੰ 35.5 ਕਰੋੜ ਡਾਲਰ ਦਾ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਹੈ। ਨਿਊਯਾਰਕ ਕਾਉਂਟੀ ਸੁਪਰੀਮ ਕੋਰਟ ਦੇ ਜਸਟਿਸ ਆਰਥਰ ਐੱਫ. ਐਂਗੋਰੋਨ ਨੇ ਇੱਕ ਹੁਕਮ ਵਿੱਚ ਕਿਹਾ ਕਿ ਟਰੰਪ ਅਤੇ ਉਨ੍ਹਾਂ ਦੇ ਕੰਟਰੋਲ ਵਾਲੀਆਂ ਸੰਸਥਾਵਾਂ ਨੇ ਅਕਾਊਂਟੈਂਟ ਨੂੰ ਗ਼ਲਤ ਵਿੱਤੀ ਡਾਟਾ ਪੇਸ਼ ਕੀਤਾ, ਜਿਸ ਨਾਲ ਧੋਖਾਧੜੀ ਵਾਲੇ ਵਿੱਤੀ ਵੇਰਵੇ ਸਾਹਮਣੇ ਆਏ ।ਅਦਾਲਤ ਨੇ ਟਰੰਪ, ਮਿਸਟਰ ਐਲਨ ਵੇਸਲਬਰਗ (ਟਰੰਪ ਆਰਗੇਨਾਈਜ਼ੇਸ਼ਨ ਦੇ ਸਾਬਕਾ ਮੁੱਖ ਵਿੱਤੀ ਅਧਿਕਾਰੀ) ਅਤੇ ਜੈਫਰੀ ਮੈਕਕੌਂਕੀ (ਟਰੰਪ ਆਰਗੇਨਾਈਜ਼ੇਸ਼ਨ ਦੇ ਸਾਬਕਾ ਕੰਟਰੋਲਰ) ਨੂੰ ਕਿਸੇ ਵੀ ਨਿਊਯਾਰਕ ਕਾਰਪੋਰੇਸ਼ਨ ਜਾਂ ਹੋਰ ਕਾਨੂੰਨੀ ਸੰਸਥਾ ਦੇ ਅਧਿਕਾਰੀ ਜਾਂ ਨਿਰਦੇਸ਼ਕ ਵਜੋਂ ਸੇਵਾ ਕਰਨ ਤੋਂ 3 ਸਾਲਾਂ ਲਈ ਪਾਬੰਦੀ ਲਗਾ ਦਿੱਤੀ ਹੈ।



ਅਦਾਲਤ ਨੇ ਵੀਸਲਬਰਗ ਅਤੇ ਮੈਕਕੌਂਕੀ ਨੂੰ ਰਾਜ ਵਿੱਚ ਕਿਸੇ ਵੀ ਨਿਊਯਾਰਕ ਕਾਰਪੋਰੇਸ਼ਨ ਜਾਂ ਇਸੇ ਸਮਾਨ ਕਾਰੋਬਾਰੀ ਸੰਸਥਾ ਦੇ ਵਿੱਤੀ ਨਿਗਰਾਨੀ ਕਾਰਜ ਵਿੱਚ ਸੇਵਾ ਕਰਨ ਤੋਂ ਸਥਾਈ ਤੌਰ 'ਤੇ ਰੋਕ ਦਿੱਤਾ। ਇਸ ਤੋਂ ਇਲਾਵਾ, ਵੇਸਲਬਰਗ ਦੇ ਨਾਲ-ਨਾਲ ਟਰੰਪ ਦੇ ਪੁੱਤਰਾਂ ਡੋਨਾਲਡ ਟਰੰਪ ਜੂਨੀਅਰ ਅਤੇ ਐਰਿਕ ਟਰੰਪ ਨੂੰ ਕ੍ਰਮਵਾਰ 10 ਲੱਖ ਡਾਲਰ ਅਤੇ 40.1 ਲੱਖ ਡਾਲਰ ਦਾ ਜੁਰਮਾਨਾ ਲਗਾਇਆ ਹੈ। ਐਰਿਕ ਟਰੰਪ ਅਤੇ ਡੋਨਾਲਡ ਟਰੰਪ ਜੂਨੀਅਰ ਨੇ ਫੈਸਲੇ ਦੀ ਆਲੋਚਨਾ ਕੀਤੀ ਹੈ, ਅਤੇ ਟਰੰਪ ਦੇ ਵਕੀਲ ਕ੍ਰਿਸ ਕਿਸ ਨੇ ਵੀ ਅਪੀਲ ਕਰਨ ਦੀ ਯੋਜਨਾ ਦਾ ਸੰਕੇਤ ਦਿੱਤਾ ਹੈ। ਕੇਸ ਦੀ ਸੁਣਵਾਈ 02 ਅਕਤੂਬਰ 2023 ਨੂੰ ਸ਼ੁਰੂ ਹੋਈ ਸੀ ਅਤੇ 11 ਜਨਵਰੀ 2024 ਨੂੰ ਸਮਾਪਤ ਹੋਈ ਸੀ।

# ਨਵਲਨੀ ਦੀ ਮੌਤ 'ਤੇ ਭੜਕਿਆ ਅਮਰੀਕਾ

## ਜੋਅ ਬਾਈਡੇਨ ਨੇ ਕਿਹਾ- ਇਸ ਲਈ ਪੁਤਿਨ ਜ਼ਿੰਮੇਵਾਰ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਰੂਸ ਦੀ ਜੇਲ੍ਹ ਵਿੱਚ ਬੰਦ ਵਿਰੋਧੀ ਧਿਰ ਦੇ ਨੇਤਾ ਅਲੈਕਸੀ ਨਵਲਨੀ ਦੀ ਮੌਤ ਲਈ ਪੁਤਿਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਆਪਣੇ ਬਿਆਨ 'ਚ ਬਾਈਡੇਨ ਨੇ ਕਿਹਾ, 'ਤੁਸੀਂ ਜਾਣਦੇ ਹੋ, ਦੁਨੀਆਂ ਭਰ ਦੇ ਲੱਖਾਂ ਲੋਕਾਂ ਦੀ ਤਰ੍ਹਾਂ, ਮੈਂ ਵੀ ਅਲੈਕਸੀ ਨਵਲਨੀ ਦੀ ਕਥਿਤ ਮੌਤ ਦੀ ਖ਼ਬਰ ਤੋਂ ਹੈਰਾਨ ਨਹੀਂ ਹਾਂ ਪਰ ਗੁੱਸੇ 'ਚ ਹਾਂ। ਉਹ ਪੁਤਿਨ ਸਰਕਾਰ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਅਤੇ ਹਿੰਸਾ ਅਤੇ ਹੋਰ ਸਾਰੇ ਮਾੜੇ ਕੰਮਾਂ ਦੇ ਵਿਰੁੱਧ ਬਹਾਦਰੀ ਨਾਲ ਖੜ੍ਹੇ ਸਨ ਅਤੇ ਲੜ ਰਹੇ ਸਨ।



ਜਵਾਬ ਵਿੱਚ ਪੁਤਿਨ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਜ਼ਹਿਰ ਦੇ ਦਿੱਤਾ। ਉਸ 'ਤੇ ਮਨਘੜਤ ਅਪਰਾਧਾਂ ਲਈ ਮੁਕੱਦਮਾ ਚਲਾਇਆ ਗਿਆ ਸੀ। ਉਸ ਨੂੰ ਆਈਸੋਲੇਸ਼ਨ ਵਿੱਚ ਰੱਖਿਆ ਗਿਆ ਸੀ ਪਰ ਜੇਲ੍ਹ ਵਿੱਚ ਵੀ ਅਲੈਕਸੀ ਸੱਚ ਦੀ ਇੱਕ ਮਜ਼ਬੂਤ ਆਵਾਜ਼ ਸੀ। ਇੱਥੇ ਦੱਸ ਦੇਈਏ ਕਿ ਰੂਸ ਦੀ ਫੈਡਰਲ ਜੇਲ੍ਹ ਸੇਵਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਸ਼ੁੱਕਰਵਾਰ ਨੂੰ ਸੈਰ ਕਰਨ ਤੋਂ ਬਾਅਦ ਨਵਲਨੀ ਨੂੰ ਸਿਹਤ ਸਬੰਧੀ ਸਮੱਸਿਆ ਮਹਿਸੂਸ ਹੋਈ ਅਤੇ ਉਹ ਬੇਹੋਸ਼ ਹੋ ਗਿਆ। ਇਸ ਮਗਰੋਂ ਇੱਕ ਐਂਬੂਲੈਂਸ ਨਵਲਨੀ ਦੀ ਮਦਦ ਲਈ ਪਹੁੰਚੀ, ਪਰ ਉਸਦੀ ਮੌਤ ਹੋ ਗਈ। ਉਹ 47 ਸਾਲ ਦੇ ਸਨ।

# ਮੈਂ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਉਣ ਲਈ ਤਿਆਰ ਹਾਂ: ਕਮਲਾ ਹੈਰਿਸ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : 81 ਸਾਲਾ ਰਾਸ਼ਟਰਪਤੀ ਜੋ ਬਾਈਡਨ ਦੀ ਵੱਡੀ ਉਮਰ ਬਾਰੇ ਵੋਟਰਾਂ ਦੀ ਫਿਕਰ ਦੇ ਦਰਮਿਆਨ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਇੱਕ ਮੁਲਾਕਾਤ ਦੌਰਾਨ ਕਿਹਾ ਹੈ ਕਿ ਉਹ ਦੇਸ਼ ਦੇ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਉਣ ਲਈ ਤਿਆਰ ਹਨ। ਵਾਲ ਸਟ੍ਰੀਟ ਨਾਲ ਗੱਲਬਾਤ ਦੌਰਾਨ ਹੈਰਿਸ ਨੇ ਕਿਹਾ ਕਿ ਮੈਂ ਦੇਸ਼ ਦੇ ਸਰਬ ਉੱਚ ਅਹੁਦੇ 'ਤੇ ਕੰਮ ਕਰਨ ਲਈ ਤਿਆਰ ਹਾਂ। ਜਿਨ੍ਹਾਂ ਲੋਕਾਂ ਨੇ ਮੈਨੂੰ ਉਪ ਰਾਸ਼ਟਰਪਤੀ ਵਜੋਂ ਕੰਮ ਕਰਦਿਆਂ ਵੇਖਿਆ ਹੈ ਉਹ ਦੇਸ਼ ਦੀ ਅਗਵਾਈ ਕਰਨ ਪ੍ਰਤੀ ਮੇਰੀ ਸਮਰੱਥਾ ਨੂੰ ਭਲੀ ਭਾਂਤ ਜਾਣਦੇ ਹਨ। ਉਪ ਰਾਸ਼ਟਰਪਤੀ ਦਾ ਇਹ ਬਿਆਨ ਵਿਸ਼ੇਸ਼ ਕੌਂਸਲ ਰਾਬਰਟ ਹੁਰ ਦੀ ਉਸ ਰਿਪੋਰਟ ਤੋਂ ਬਾਅਦ ਆਇਆ ਹੈ ਜਿਸ ਵਿੱਚ ਉਸ ਨੇ ਜੋ ਬਾਈਡਨ ਦੀ ਕਮਜ਼ੋਰ ਯਾਦਦਾਸ਼ਤ ਦਾ ਜ਼ਿਕਰ ਕੀਤਾ ਹੈ।

ਇਸ ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਹੈ ਕਿ ਬਾਈਡਨ ਇਹ ਵੀ ਭੁੱਲ ਗਏ ਹਨ ਕਿ ਉਨ੍ਹਾਂ ਨੇ ਉਪ ਰਾਸ਼ਟਰਪਤੀ ਵਜੋਂ ਕਦੋਂ ਕੰਮ ਕੀਤਾ ਸੀ ਜਾਂ ਉਸ ਦੇ ਪੁੱਤਰ ਬੀਊ ਬਾਈਡਨ ਦੀ ਮੌਤ ਕਦੋਂ ਹੋਈ ਸੀ। ਇਸ ਰਿਪੋਰਟ ਉਪਰੰਤ ਰਾਸ਼ਟਰਪਤੀ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਦੀ ਯਾਦਦਾਸ਼ਤ ਬਹੁਤ ਵਧੀਆ ਹੈ। ਰਾਸ਼ਟਰਪਤੀ ਵਜੋਂ ਜੋ ਮੈ ਕੀਤਾ ਹੈ ਉਹ ਸਭ ਦੇ ਸਾਹਮਣੇ ਹੈ।



ਇਥੇ ਜਿਕਰਯੋਗ ਹੈ ਕਿ ਮੋਨਮਾਊਥ ਯੂਨੀਵਰਸਿਟੀ ਵੱਲੋਂ ਪਿਛਲੇ ਸਾਲ ਅਕਤੂਬਰ ਵਿੱਚ ਕੀਤੇ ਸਰਵੇ ਵਿੱਚ 76% ਵੋਟਰ ਇਸ ਗੱਲ ਨਾਲ ਸਹਿਮਤ ਹੋਏ ਹਨ ਕਿ ਬਾਈਡਨ ਦੀ ਉਮਰ ਜਿਆਦਾ ਹੈ ਤੇ ਇਹ ਉਮਰ ਦੂਸਰੀ ਵਾਰ ਪ੍ਰਭਾਵਸ਼ਾਲੀ ਢੰਗ ਨਾਲ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਉਣ ਦੇ ਰਾਹ ਵਿੱਚ ਅੜਿੱਕਾ ਬਣ ਸਕਦੀ ਹੈ। ਇੱਕ ਹੋਰ ਸਰਵੇ ਵਿੱਚ ਵੀ 76% ਵੋਟਰਾਂ ਨੇ ਬਾਈਡਨ ਦੀ ਦਿਮਾਗੀ ਤੇ ਸਰੀਰਕ ਤੰਦਰੁਸਤੀ ਬਾਰੇ ਚਿੰਤਾ ਪ੍ਰਗਟਾਈ ਹੈ। ਇਸ ਤੋਂ ਪਹਿਲਾਂ ਇੱਕ ਮੁਲਾਕਾਤ ਵਿੱਚ ਹੈਰਿਸ ਨੇ ਕਿਹਾ ਸੀ ਕਿ ਜੇਕਰ ਲੋੜ ਪਈ ਤਾਂ ਉਹ ਕਮਾਂਡਰ ਇਨ ਚੀਫ਼ ਬਣਨ ਲਈ ਤਿਆਰ ਹਨ ਪਰੰਤੂ ਬਾਈਡਨ ਵਧੀਆ ਸਾਬਤ ਹੋਣਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਇੱਕ ਸੀ ਸੁਬੇਗ...

## ਭਾਰਤ 'ਚ ਅਜੇ ਵੀ ਜਾਰੀ ਹੈ 'ਵਰਤੋ ਤੇ ਸੁੱਟੋ' ਦੀ ਨੀਤੀ

### ਕੀ ਸਰਕਾਰਾਂ ਦਾ ਹੱਥ-ਠੋਕਾ ਬਣਿਆ ਰਹੇਗਾ ਪੜ੍ਹਿਆ ਲਿਖਿਆ ਵਰਗ ?

ਅੱਜ ਦੇ ਸਮੇਂ ਦੇ ਵਿੱਚ ਇਕੱਲਾ ਕਿਸਾਨ ਹੀ ਨਹੀਂ ਸਗੋਂ ਹਰ ਕੰਮ ਧੰਦੇ ਵਾਲਾ ਸਰਕਾਰਾਂ ਤੋਂ ਕਿਤੇ ਨਾ ਕਿਤੇ ਖਫ਼ਾ ਜ਼ਰੂਰ ਹੈ। ਸਾਨੂੰ ਦਿੱਲੀ ਦੇ ਜੰਤਰ ਮੰਤਰ ਤੋਂ ਲੈ ਕੇ ਹਰ ਰਾਹ 'ਚ ਰੋਸ ਜਤਾਉਂਦੇ ਲੋਕ ਨਜ਼ਰ ਆਉਂਦੇ ਹਨ। ਦੂਜੇ ਪਾਸੇ ਨੌਜਵਾਨਾਂ ਦਾ ਉਹ ਤਬਕਾ ਵੀ ਹੈ, ਜੋ ਸਮਾਜ ਦੇ ਵਿੱਚ ਵਗ ਰਹੀ ਧਰਮ, ਕਰਮ ਤੇ ਮਾਣ ਦੀ ਨਦੀ ਦੇ ਵਿੱਚ ਉੱਤਰ ਰਹੇ ਨੇ। ਕਿਧਰੇ ਮਸਜਿਦਾਂ ਦੇ ਅੱਗੇ ਡਾਂਸ ਕੀਤੇ ਜਾ ਰਹੇ ਹਨ, ਇੱਥੋਂ ਤੱਕ ਕਿ ਸਕੂਲੀ ਬੱਚਿਆਂ ਦੇ ਮਨਾਂ 'ਤੇ ਵੀ ਧਾਰਮਿਕ ਪਰਤ ਚਾੜ੍ਹਨ ਲਈ ਵੱਖੋ ਵੱਖਰੇ ਤਰੀਕਿਆਂ ਨਾਲ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੀ ਕਦੀ ਸੋਚਿਆ ਹੈ ਕਿ ਅਸੀਂ ਆਉਣ ਵਾਲੇ ਸਮੇਂ ਦੇ ਵਿੱਚ ਇੱਕ 'ਬਾਰੂਦ ਦਾ ਢੇਰ' ਤਿਆਰ ਕਰ ਰਹੇ ਹਾਂ। ਪੜ੍ਹੇ ਲਿਖੇ ਤਬਕੇ ਦਾ ਸਰਕਾਰ ਫ਼ਾਇਦਾ ਵੀ ਚੁੱਕਦੀ ਹੈ, ਤੇ ਫੇਰ ਸਮਾਂ ਆਉਣ 'ਤੇ ਵਗ੍ਹਾਅ ਵੀ ਮਾਰਦੀ ਹੈ। ਕੀ ਪੜ੍ਹਿਆ ਲਿਖਿਆ ਵਰਗ ਇਸੇ ਤਰਾਂ ਹੀ ਸਰਕਾਰਾਂ ਦਾ ਹੱਥ-ਠੋਕਾ ਬਣਿਆ ਰਹੇਗਾ ?

ਚਲੋ ਤੁਹਾਨੂੰ ਇੱਕ ਕਹਾਣੀ ਸੁਣਾਉਂਦੇ ਹਾਂ, "ਇੱਕ ਸੀ ਸੁਬੇਗ ਸਿੰਘ" ਇਕੱਲਾ ਸੁਬੇਗ ਸਿੰਘ ਹੀ ਕਿਉਂ, ਇੱਕ ਸੀ ਕਰੋੜੀ ਬੈਂਸਲਾ, ਇੱਕ ਸੀ ਪਾਨ ਸਿੰਘ ਤੋਮਰ, ਮੇਜਰ ਜਨਰਲ ਸੁਬੇਗ ਸਿੰਘ, ਜਿਸ ਦਾ ਨਾਂਅ ਲੈਂਦਿਆਂ ਹੀ ਅਦਬ ਦੇ ਨਾਲ ਸਿਰ ਝੁਕ ਜਾਂਦਾ ਹੈ। ਬਹਾਦਰ ਤੇ ਇਮਾਨਦਾਰ ਅਫ਼ਸਰ, ਜਿਸ ਨਾਲ ਵੀ ਲੱਗਿਆ, ਇਮਾਨਦਾਰੀ ਨਿਭਾਈ। ਜਿਸ ਨੇ ਭਾਰਤ ਦੇ ਲਈ ਆਪਣੀ ਜਾਨ ਦਾਅ 'ਤੇ ਵੀ ਲਗਾਈ ਅਤੇ ਭਾਰਤੀ ਸੈਨਾ ਦੇ ਦੰਦ ਵੀ ਖੱਟੇ ਕੀਤੇ। ਸੁਬੇਗ ਸਿੰਘ ਨੇ ਦੇਸ਼ ਦੇ ਲਈ ਹਰ ਲੜਾਈ ਲੜੀ। ਬ੍ਰਿਟਿਸ਼ ਫ਼ੌਜੀ ਦੇ ਰੂਪ ਵਿੱਚ , ਦੂਸਰੇ ਵਿਸ਼ਵ ਯੁੱਧ ਵਿੱਚ ਬਰਮਾ ਦੇ ਆਸ ਪਾਸ ਲੜਨ ਦੇ ਬਾਅਦ ਸੁਬੇਗ ਸਿੰਘ ਨੇ ਕਸ਼ਮੀਰ ਦੀ ਲੜਾਈ ਲੜੀ। ਸੈਨਾ ਦੇ ਵਿੱਚ ਪ੍ਰਮੋਟ ਹੁੰਦੇ ਰਹੇ, ਫੇਰ 1962 ਤੇ 1965 ਦੀ ਜੰਗ ਵੀ ਲੜੀ, ਪਰ ਸ਼ਾਨਦਾਰ ਕਾਮਯਾਬੀ ਸੀ ਮੁਕਤੀ ਵਾਹਿਨੀ ਦੇ ਮਿਸ਼ਨ ਨੂੰ ਸੰਪੂਰਨ ਕਰਨਾ। ਇਹ ਮਾਸਟਰ ਸਟ੍ਰੋਕ ਦੇ ਬਲਬੂਤੇ 'ਤੇ ਹੀ ਭਾਰਤ ਦੀ ਫ਼ੌਜ ਨੇ ਪਾਕਿਸਤਾਨ 'ਤੇ ਸੁਨਹਿਰੀ ਕਾਮਯਾਬੀ ਹਾਸਲ ਕੀਤੀ ਤੇ ਫੇਰ ਬਹਾਦਰੀ ਦਾ ਮੈਡਲ ਰਾਸ਼ਟਰਪਤੀ ਨੇ ਦਿੱਤਾ ਪਰ ਅਪਮਾਨ ਦਾ ਘੁੱਟ ਉਸ ਦੇ ਅਫ਼ਸਰਾਂ ਨੇ ਦਿੱਤਾ।



ਪਾਨ ਸਿੰਘ ਤੋਮਰ

ਅਸਲ ਵਿੱਚ ਸੁਬੇਗ ਸਿੰਘ ਨੇ ਸੈਨਾ ਦੇ ਵਿੱਚ ਭ੍ਰਿਸ਼ਟਾਚਾਰ ਦੀ ਕੜੀ ਨੂੰ ਫੜ ਲਿਆ ਸੀ, ਜਿਸ ਦੇ ਵਿੱਚ ਵੱਡੇ- ਵੱਡੇ ਅਫ਼ਸਰ ਸ਼ਾਮਲ ਸਨ। ਸੁਬੇਗ ਸਿੰਘ ਨੇ ਜਾਂਚ ਕਰਨੀ ਸੀ, ਤੇ ਇਹਨਾਂ ਅਫ਼ਸਰਾਂ ਨੇ ਜਾਂਚ ਰੋਕਣ ਦੇ ਲਈ ਕਿਹਾ ਪਰ ਉਹ ਨਹੀਂ ਮੰਨੇ ਤੇ ਸੁਬੇਗ ਸਿੰਘ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਸੁਬੇਗ ਸਿੰਘ ਦੇ ਕੋਲ ਇੱਕ ਜੋਂਗਾ ਜੀਪ ਸੀ, ਆਰੋਪ ਲਗਾ ਦਿੱਤਾ ਗਿਆ ਕਿ ਰਿਸ਼ਵਤ ਦੇ ਪੈਸਿਆਂ ਨਾਲ ਇਹ ਜੋਂਗਾ ਜੀਪ ਖ਼ਰੀਦੀ ਹੈ। ਬੱਸ ਫਿਰ ਬਿਨਾਂ ਕੋਰਟ ਮਾਰਸ਼ਲ ਇਹ ਯੋਧਾ ਬਰਖ਼ਾਸਤ ਕਰ ਦਿੱਤਾ ਗਿਆ ਆਪਣੀ ਰਿਟਾਇਰਮੈਂਟ ਤੋਂ ਸਿਰਫ਼ ਇੱਕ ਦਿਨ ਪਹਿਲਾਂ। ਸੁਬੇਗ ਸਿੰਘ ਕੋਰਟ ਗਏ, ਹਰ ਆਰੋਪ ਤੋਂ ਬਰੀ ਹੋਏ, ਪਰ ਮਨ ਖੱਟਾ ਹੋ ਗਿਆ। ਜਿਸ ਦੇਸ਼ ਨੂੰ, ਸਰਕਾਰ ਨੂੰ ਆਪਣੀ ਸਾਰੀ ਜ਼ਿੰਦਗੀ ਦੇ ਦਿੱਤੀ ਹੋਵੇ, ਉਸ ਦੇ ਇਹ ਵਰਤਾਓ ਦਾ ਅੰਦਾਜ਼ਾ ਵੀ ਨਹੀਂ ਸੀ। ਸੁਭਾਵਿਕ ਹੈ ਕਿ ਮਨ ਦੇ ਵਿੱਚ ਬਦਲੇ ਦੀ ਭਾਵਨਾ ਦਾ ਆਉਣਾ ਤੇ ਇਹ ਭਾਵਨਾ ਪੈਦਾ ਕਿਹਨੇ ਕੀਤੀ, ਸਰਕਾਰਾਂ ਨੇ ਤੇ ਉਥੋਂ ਦੇ ਭ੍ਰਿਸ਼ਟ ਅਧਿਕਾਰੀਆਂ ਨੇ। ਉਸ ਤੋਂ ਬਾਅਦ ਪੰਜਾਬ ਦੇ ਵਿੱਚ 'ਕਾਲੇ ਦੌਰ' ਦਾ ਸਮਾਂ ਸੀ, ਤੇ ਸੰਤ ਲੋਕ ਪੱਖੀ ਅਗਵਾਈ ਕਰ ਰਹੇ ਸਨ। ਸੁਬੇਗ ਸਿੰਘ ਉਹਨਾਂ ਦੇ ਨਾਲ ਜਾ ਰਲੇ। ਜਲਦ ਹੀ 'ਸਾਕਾ ਨੀਲਾ ਤਾਰਾ' ਦਾ ਸਮਾਂ ਆ ਗਿਆ। ਭਾਰਤੀ ਸੈਨਾ ਨੂੰ ਲੱਗਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਵਿੱਚ ਮੁੱਠੀ ਭਰ ਲੋਕਾਂ ਦੇ ਨਾਲ ਨਜਿੱਠਣਾ ਬਹੁਤਾ ਔਖਾ ਨਹੀਂ ਹੋਵੇਗਾ, ਥੋੜੀ ਬਹੁਤ ਹਵਾਈ ਫਾਇਰਿੰਗ ਦੇ ਨਾਲ ਡਰਾਅ ਕੇ ਉਹਨਾਂ ਨੂੰ ਕੰਨੋਂ ਫੜ ਕੇ ਬਾਹਰ ਲੈ ਆਵਾਂਗੇ। ਉਹਨਾਂ ਨੂੰ ਕੀ ਪਤਾ ਸੀ ਕਿ ਉਥੇ ਇੱਕ ਫ਼ੌਜੀ ਰਣਨੀਤੀਕਾਰ ਬੈਠਾ ਹੈ, ਜੋ ਫ਼ੌਜ ਵਿੱਚ ਵੀ ਉਹਨਾਂ ਤੋਂ ਸੀਨੀਅਰ ਰਿਹਾ ਹੈ ਤੇ ਉਸ ਦੇ ਮੋਰਚੇ ਬੰਦੀ ਦੇ ਚੱਕਰਵਿਊ ਨੇ ਸੈਨਾ ਨੂੰ ਹੈਰਾਨ ਕਰਕੇ ਰੱਖ ਦਿੱਤਾ। ਮਜਬੂਰਨ ਟੈਂਕ ਬੁਲਾਉਣੇ ਪਏ, ਧਾਰਮਿਕ ਸ਼ਰਧਾ ਨੂੰ ਫ਼ੌਜ ਨੇ ਛਿੱਕੇ ਟੰਗ ਕੇ ਸ੍ਰੀ ਅਕਾਲ ਤਖ਼ਤ ਦੀ ਇਮਾਰਤ ਨੂੰ ਖੰਡਰ ਕਰ ਦਿੱਤਾ। ਜਦੋਂ ਸੁਬੇਗ ਸਿੰਘ ਸ਼ਹੀਦ ਹੋਇਆ ਸੀ ਤਾਂ ਦੱਸਿਆ ਜਾਂਦਾ ਹੈ ਕਿ ਉਸ ਦੇ ਹੱਥ ਵਿੱਚ ਸਟੈਨਗੰਨ ਫੜੀ ਹੋਈ ਸੀ ਤੇ ਵਾਕੀ ਟਾਕੀ ਕੋਲ ਪਿਆ ਸੀ। ਕੁਝ ਅਫ਼ਸਰ ਚੰਗੀਆਂ ਚੀਜ਼ਾਂ ਦੇ ਲਈ ਯਾਦ ਕੀਤੇ ਜਾਂਦੇ ਨੇ। ਕੁਝ ਅਫ਼ਸਰ ਮਨੁੱਖਤਾ ਦਾ ਘਾਣ ਕਰ ਜਾਂਦੇ ਨੇ। ਕੇ ਪੀ ਐਸ ਗਿੱਲ ਵੀ ਇੱਕ ਅਫ਼ਸਰ ਹੀ ਸੀ, ਜਿਸ ਨੇ ਦੋਸ਼ੀਆਂ ਦੇ ਨਾਲ ਬੇਦੋਸੇ ਅਤੇ ਨਿਰਦੋਸ਼ ਲੋਕਾਂ ਨੂੰ ਵੀ ਮੌਤ ਦੇ ਘਾਟ ਉਤਾਰ ਕੇ ਕਲੰਕ ਖੱਟਿਆ।

ਕਰਨਲ ਕਰੋੜੀ ਸਿੰਘ ਬੈਂਸਲਾ ਇੱਕ ਅਜਿਹੀ ਸ਼ਖ਼ਸੀਅਤ ਸੀ ਜਿਸ ਦੇ ਇੱਕ ਇਸ਼ਾਰੇ ਦੇ ਨਾਲ ਪੂਰਾ ਰਾਜਸਥਾਨ ਇੱਕਮੁੱਠ ਹੋ ਜਾਂਦਾ ਸੀ। 2008 ਦੇ ਦੌਰ ਵਿੱਚ ਆਪਣੇ ਸਮਾਜ ਦੇ ਲਈ ਗੁੱਜਰ ਸਮਾਜ ਦੇ ਰਾਖਵੇਂ ਕਰਨ ਦੇ ਲਈ ਰੇਲਾਂ ਰੋਕੀਆਂ ਤੇ ਪੂਰੀ ਦਿੱਲੀ ਨੂੰ ਜਾਮ ਕਰ ਦਿੱਤਾ ਸੀ। ਸੈਨਾ ਤੇ ਪੁਲਿਸ ਉਸ ਦੇ ਅੰਦੋਲਨ ਅੱਗੇ ਬੇਬਸ ਸਨ। ਚਾਹੇ ਵਸੁੰਦਰਾ ਰਾਜੇ ਹੋਵੇ ਜਾਂ ਅਸ਼ੋਕ ਗਹਿਲੋਤ, ਬੈਂਸਲੇ ਦੇ ਇੱਕ ਇਸ਼ਾਰੇ ਅੱਗੇ ਖੋਖਲੇ ਸਨ। 1971 ਦੇ ਵਿੱਚ ਪਾਕਿਸਤਾਨ ਨਾਲ ਯੁੱਧ ਵਿੱਚ ਹਿੱਸਾ ਲਿਆ। 1991 ਵਿੱਚ ਭਾਰਤੀ ਸੈਨਾ ਤੋਂ ਰਿਟਾਇਰ ਹੋਏ ਤੇ ਫਿਰ ਰਾਜਨੀਤੀ ਵਿੱਚ ਆ ਗਏ। ਜਿਥੇ ਸੁਬੇਗ ਸਿੰਘ ਤੇ ਕਰਨਲ ਕਰੋੜੀ ਸਿੰਘ ਬੈਂਸਲੇ ਦੀ ਉਦਾਹਰਨ ਹੋਰ ਕੋਈ ਨਹੀਂ ਹੈ, ਉਸੇ ਤਰਾਂ ਦਾ ਹੀ ਪਾਨ ਸਿੰਘ ਤੋਮਰ ਦੀ ਉਦਾਹਰਨ ਮਿਲਣੀ ਮੁਸ਼ਕਿਲ ਹੈ। ਪਾਨ ਸਿੰਘ ਤੋਮਰ ਭਾਰਤੀ ਫ਼ੌਜ ਵਿੱਚ ਸੂਬੇਦਾਰ ਰਿਹਾ, ਅਥਲੀਟ ਸੀ। ਜਦੋਂ ਉਸ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਤੇ ਉਸ ਦੀ ਮਾਂ ਨੂੰ ਮਾਰ ਦਿੱਤਾ ਗਿਆ ਤਾਂ ਬਦਲਾ ਲੈਣ ਲਈ ਪਾਨ ਸਿੰਘ ਤੋਮਰ ਡਾਕੂ ਬਣ ਕੇ ਚੰਬਲ ਘਾਟੀ ਪਹੁੰਚ ਗਿਆ। ਉਹ ਕਹਿੰਦਾ ਹੁੰਦਾ ਸੀ ਕਿ ਅਸਲੀ ਡਾਕੂ ਚੰਬਲ ਘਾਟੀ ਵਿੱਚ ਨਹੀਂ ਸਗੋਂ ਪਾਰਲੀਮੈਂਟ ਵਿੱਚ ਹਨ। ਉਹ ਆਪਣੇ ਆਪ ਨੂੰ ਹੱਕ ਹਕੂਕ ਦਾ ਪਹਿਰੇਦਾਰ ਕਹਾਉਂਦਾ ਸੀ।

ਜਿਸ ਤਰਾਂ ਦਾ ਸਰਕਾਰਾਂ ਮਾਹੌਲ ਸਿਰਜ ਰਹੀਆਂ ਨੇ, ਜਿਸ ਤਰੀਕੇ ਦੇ ਨਾਲ ਨੌਜਵਾਨ ਪੀੜ੍ਹੀ ਆਪਣੇ ਭਵਿੱਖ ਬਾਰੇ ਸੋਚ ਕੇ ਮਿਹਨਤ ਕਰ ਰਹੀ ਹੈ, ਉਸ ਨੂੰ ਦੇਖ ਕੇ ਲੱਗਦਾ ਹੈ ਕਿ ਹਜ਼ਾਰਾਂ ਸੁਬੇਗ ਸਿੰਘ, ਕਰੋੜੀ ਸਿੰਘ ਬੈਂਸਲਾ ਤੇ ਪਾਨ ਸਿੰਘ ਤੋਮਰ ਵਰਗੇ ਨਿਸ਼ਾਨੇਬਾਜ਼ ਵਰਲਡ ਕਲਾਸ ਟ੍ਰੇਨਿੰਗ ਪਾ ਕੇ 24-25 ਸਾਲ ਦੀ ਉਮਰ ਦੇ ਵਿੱਚ ਬੇਰੁਜ਼ਗਾਰੀ ਦਾ ਜਾਮਾ ਪਾ ਕੇ ਸੜਕਾਂ 'ਤੇ ਨਿਕਲਣ ਵਾਲਾ ਮਾਹੌਲ ਬਣਦਾ ਜਾ ਰਿਹਾ ਹੈ। ਬਹੁਤ ਸਾਰੇ ਅਗਨੀਵੀਰ ਬਣਾ ਕੇ ਬਾਰੂਦ ਦਾ ਢੇਰ ਬਣ ਚੁੱਕੀ ਸੁਸਾਇਟੀ 'ਤੇ ਬੈਠਾਉਣ ਵਾਲੇ ਹਾਂ। ਹੁਣ ਰੱਬ ਜਾਣੇ ਹਿੰਦੁਸਤਾਨ ਦਾ ਵਾਹ ਵਾਸਤਾ ਕਿੰਨੇ ਪਾਨ ਸਿੰਘ ਤੋਮਰ, ਕਿੰਨੇ ਕਰੋੜੀ ਬੈਂਸਲਾ ਅਤੇ ਕਿੰਨੇ ਸੁਬੇਗ ਸਿੰਘ ਵਰਗਿਆਂ ਨਾਲ ਪੈਣ ਵਾਲਾ ਹੈ ਤੇ ਏਸ ਭੀੜ ਦੇ ਵਿਚੋਂ ਕੇ.ਪੀ. ਐਸ.ਗਿੱਲ ਵਰਗਿਆਂ ਦੀ ਗਿਣਤੀ ਵੀ ਕਾਫ਼ੀ ਹੋਵੇਗੀ ਤੇ ਸਵਰਨ ਸਿੰਘ ਘੋਟਨੇ ਵਰਗੇ ਵੀ ਤੁਹਾਨੂੰ ਕਦਮ ਕਦਮ 'ਤੇ ਮਿਲ ਜਾਣਗੇ।

# ਬੇਇਨਸਾਫ਼ੀ ਵਿਰੁੱਧ ਆਵਾਜ਼ ਬੁਲੰਦ ਕਰਨਾ ਸਾਡਾ ਫਰਜ਼ : ਫਰੀਮਾਂਟ ਗੁਰਦੁਆਰਾ ਸੁਪਰੀਮ ਕੌਂਸਲ

## ਭਾਰਤੀ ਜੇਲ੍ਹਾਂ ਵਿੱਚ ਬੰਦ ਸਿੱਖਾਂ ਨਾਲ ਅਣਮਨੁੱਖੀ ਵਿਵਹਾਰ ਅਤੇ ਕਿਸਾਨਾਂ 'ਤੇ ਹਮਲਿਆਂ ਦੀ ਕੀਤੀ ਨਿੰਦਾ

ਫਰੀਮਾਂਟ/ਏ.ਟੀ.ਨਿਊਜ਼ : ਫਰੀਮਾਂਟ ਗੁਰਦੁਆਰਾ ਸੁਪਰੀਮ ਕੌਂਸਲ ਨੇ ਭਾਰਤੀ ਜੇਲ੍ਹਾਂ ਵਿੱਚ ਸਿੱਖਾਂ ਨਾਲ ਅਣਮਨੁੱਖੀ ਵਿਵਹਾਰ ਅਤੇ ਕਿਸਾਨਾਂ 'ਤੇ ਹਮਲਿਆਂ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਬੇਇਨਸਾਫ਼ੀ ਵਿਰੁੱਧ ਆਵਾਜ਼ ਬੁਲੰਦ ਕਰਨਾ ਸਾਡਾ ਫਰਜ਼ ਹੈ।

ਇੱਕ ਲਿਖਤੀ ਬਿਆਨ ਵਿੱਚ ਫਰੀਮਾਂਟ ਗੁਰਦੁਆਰਾ ਸੁਪਰੀਮ ਕੌਂਸਲ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਸਿੱਖ ਕੌਮ ਨਾਲ ਇੱਕਮੁੱਠ ਹੈ। ਬੀਤੇ ਦਿਨਾਂ ਦੌਰਾਨ ਭਾਰਤ ਵਿੱਚ ਜੋ ਸਰਕਾਰ ਵੱਲੋਂ ਸਿੱਖ ਕੈਦੀਆਂ ਅਤੇ ਕਿਸਾਨਾਂ ਵਿਰੁੱਧ ਜੋ ਨਿੰਦਣਯੋਗ ਕਾਰਵਾਈਆਂ ਕੀਤੀਆਂ ਗਈਆਂ ਹਨ, ਉਹਨਾਂ ਦੀ ਜਿੰਨੀ ਨਿਖੇਧੀ ਕੀਤੀ ਜਾਵੇ, ਉਹ ਘੱਟ ਹੈ।

ਉਹਨਾਂ ਕਿਹਾ ਕਿ ਭਾਰਤ ਵਿੱਚ ਅਜਿਹੀਆਂ ਕਾਰਵਾਈਆਂ ਨੇ ਸਿੱਖ ਕੈਦੀਆਂ ਅਤੇ ਕਿਸਾਨਾਂ ਨਾਲ ਅਣਮਨੁੱਖੀ ਸਲੂਕ ਦਾ ਮੁੱਦਾ ਉਭਾਰਿਆ ਹੈ ਅਤੇ ਭਾਰਤੀ ਅਧਿਕਾਰੀਆਂ ਦੀਆਂ ਬੇਤੁੱਕੀਆਂ ਕਾਰਵਾਈਆਂ ਦਾ ਪਰਦਾਫ਼ਾਸ਼ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਅਸਾਮ ਦੇ ਡਿਬਰੂਗੜ੍ਹ ਵਿੱਚ ਸਿੱਖ ਆਗੂ ਅੰਮ੍ਰਿਤਪਾਲ ਸਿੰਘ ਅਤੇ ਹੋਰਨਾਂ ਸਿੱਖ ਕੈਦੀਆਂ ਦੀਆਂ ਬੈਰਕਾਂ ਵਿੱਚ ਸਰਕਾਰ ਤੇ ਜੇਲ੍ਹ ਪ੍ਰਸ਼ਾਸਨ ਵੱਲੋਂ ਜਸੂਸੀ ਕੈਮਰੇ ਲਗਾਉਣਾ ਸਿੱਖ ਕੈਦੀਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਉਹਨਾਂ ਕਿਹਾ ਕਿ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਬੰਦ ਸਿੱਖਾਂ ਵੱਲੋਂ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕੀਤੇ ਜਾਣ ਲਈ ਕੀਤੀ ਜਾ ਰਹੀ ਭੁੱਖ ਹੜਤਾਲ ਦਾ ਉਹ ਸਮਰਥਣ ਕਰਦੇ ਹਨ ਅਤੇ ਇਹਨਾਂ ਕੈਦੀਆਂ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਕਰਦੇ ਹਨ।

ਉਹਨਾਂ ਕਿਹਾ ਕਿ ਭਾਰਤ ਵਿੱਚ ਸ਼ੰਭੂ ਬਾਰਡਰ 'ਤੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਹਰਿਆਣਾ ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲੇ ਸੁੱਟਣਾ, ਰਬੜ ਦੀਆਂ ਗੋਲੀਆਂ ਮਾਰਨੀਆਂ ਗਲਤ ਕਾਰਵਾਈ ਹੈ, ਜਿਸਦਾ ਪੂਰੀ ਦੁਨੀਆਂ ਵਿੱਚ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਭਾਰਤ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਵਾਲਾ ਦੇਸ਼ ਦਸਦਾ ਹੈ ਪਰ ਇਸ ਲੋਕਤੰਤਰੀ ਦੇਸ਼ ਵਿੱਚ ਜਿਸ ਤਰੀਕੇ ਨਾਲ ਕਿਸਾਨਾਂ ਅਤੇ ਸਿੱਖ ਕੈਦੀਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ, ਉਹ ਗਲਤ ਹੈ।

ਉਹਨਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਭਾਰਤ ਵਿੱਚ ਸਿੱਖ ਕੈਦੀਆਂ ਅਤੇ ਰੋਸਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਖ਼ਿਲਾਫ਼ ਦਮਨਕਾਰੀ ਨੀਤੀਆਂ ਨੂੰ ਅਪਨਾਉਣਾ ਸਰਕਾਰ ਦੇ ਇਰਾਦਿਆਂ ਨੂੰ ਉਜਾਗਰ ਕਰਦਾ ਹੈ।

ਉਹਨਾਂ ਕਿਹਾ ਕਿ ਅਸੀਂ ਆਪਣੇ ਸਿੱਖ ਭਰਾਵਾਂ ਅਤੇ ਭੈਣਾਂ ਨਾਲ ਇੱਕਮੁੱਠ ਖੜ੍ਹੇ ਹਾਂ ਜੋ ਭਾਰਤ ਵਿੱਚ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਨ।

ਉਹਨਾਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਭਾਰਤ ਵਿੱਚ ਸਿੱਖਾਂ ਅਤੇ ਕਿਸਾਨਾਂ ਵਿਰੁੱਧ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਦਮਨਕਾਰੀ ਕਾਰਵਾਈਆਂ ਨੂੰ ਰੋਕਣ ਲਈ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ।

### ਮਾਮਲਾ ਚੰਡੀਗੜ੍ਹ ਦੇ ਮੇਅਰ ਦੀ ਚੋਣ ਦਾ

# ਸੁਪਰੀਮ ਕੋਰਟ ਨੇ 'ਇੰਡੀਆ' ਗੱਠਜੋੜ ਦੇ ਹੱਕ 'ਚ ਦਿੱਤਾ ਫ਼ੈਸਲਾ

## ਆਪ-ਕਾਂਗਰਸ ਗੱਠਜੋੜ ਦੇ ਉਮੀਦਵਾਰ ਕੁਲਦੀਪ ਕੁਮਾਰ ਬਣੇ ਚੰਡੀਗੜ੍ਹ ਦੇ ਨਵੇਂ ਮੇਅਰ

### ਕਾਂਗਰਸ, ਕੇਜਰੀਵਾਲ, ਭਗਵੰਤ ਮਾਨ ਵੱਲੋਂ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਦੀ ਸੁਪਰੀਮ ਕੋਰਟ ਨੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਮਾਮਲੇ ਵਿੱਚ ਵੱਡਾ ਫ਼ੈਸਲਾ ਦਿੱਤਾ ਹੈ। ਅਸਲ ਵਿੱਚ ਪੂਰੇ ਦੇਸ਼ ਦੀਆਂ ਨਜ਼ਰਾਂ ਇਸ ਫੈਸਲੇ ਵੱਲ ਲੱਗੀਆਂ ਹੋਈਆਂ ਸਨ। ਇਸ ਨਤੀਜੇ ਬਾਰੇ ਕਈ ਤਰਾਂ ਦੀਆਂ ਕਿਆਸਅਰਾਈਆਂ ਦਾ ਦੌਰ ਵੀ ਚੱਲ ਰਿਹਾ ਸੀ। ਬੀਤੇ ਦਿਨ ਸੁਪਰੀਮ ਕੋਰਟ ਨੇ ਚੰਡੀਗੜ੍ਹ ਮੇਅਰ ਦੀ ਚੋਣ ਦਾ ਵਿਵਾਦਤ ਨਤੀਜਾ ਪਲਟਾਉਣ ਤੋਂ ਬਾਅਦ ਹਾਰੇ ਹੋਏ ਆਪ-ਕਾਂਗਰਸ ਗੱਠਜੋੜ ਦੇ ਉਮੀਦਵਾਰ ਕੁਲਦੀਪ ਕੁਮਾਰ ਨੂੰ ਸ਼ਹਿਰ ਦਾ ਨਵਾਂ ਮੇਅਰ ਐਲਾਨ ਦਿੱਤਾ ਹੈ। ਇਸ ਚੋਣ 'ਚ ਪਹਿਲਾਂ ਭਾਜਪਾ ਉਮੀਦਵਾਰ ਮਨੋਜ ਸੋਨਕਰ ਦੀ ਜਿੱਤ ਹੋਈ ਸੀ। ਅਦਾਲਤ ਨੇ ਚੋਣ ਪ੍ਰਕਿਰਿਆ 'ਚ ਗੰਭੀਰ ਖ਼ਾਮੀਆਂ ਪਾਏ ਜਾਣ ਮਗਰੋਂ ਚੋਣ ਅਧਿਕਾਰੀ ਅਨਿਲ ਮਸੀਹ, ਜੋ ਕਿ ਭਾਜਪਾ ਆਗੂ ਵੀ ਹਨ, ਖ਼ਿਲਾਫ਼ ਅਦਾਲਤ ਸਾਹਮਣੇ ਝੂਠਾ ਬਿਆਨ ਦੇ ਕੇ ਗੰਭੀਰ ਅਪਰਾਧ ਕਰਨ ਦੇ ਦੋਸ਼ ਹੇਠ ਮੁਕੱਦਮਾ ਚਲਾਉਣ ਦਾ ਹੁਕਮ ਵੀ ਦਿੱਤਾ ਹੈ।

ਸੁਪਰੀਮ ਕੋਰਟ ਨੇ ਸੰਵਿਧਾਨ ਦੇ ਆਰਟੀਕਲ 142 ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕਿਹਾ ਕਿ ਰਿਟਰਨਿੰਗ ਅਫਸਰ, ਜੋ ਕਿ ਨਾਮਜ਼ਦ ਕੌਂਸਲਰ ਵੀ ਹੈ, ਵੱਲੋਂ ਐਲਾਨਿਆ ਗਿਆ ਨਤੀਜਾ ਸਪੱਸ਼ਟ ਤੌਰ 'ਤੇ ਕਾਨੂੰਨ ਅਨੁਸਾਰ ਗਲਤ ਹੈ। ਚੀਫ਼ ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਜੇਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ 'ਤੇ ਆਧਾਰਿਤ ਬੈਂਚ ਨੇ ਕਿਹਾ ਕਿ ਅਜਿਹੇ ਮਾਮਲੇ 'ਚ ਸਿਖਰਲੀ ਅਦਾਲਤ ਫਰਜ਼ ਨਾਲ ਬੱਝੀ ਹੋਈ ਹੈ। ਖਾਸ ਕਰ ਕੇ ਸੰਵਿਧਾਨ ਦੇ ਆਰਟੀਕਲ 142 ਤਹਿਤ ਆਪਣੇ ਅਧਿਕਾਰ ਖੇਤਰ ਦੇ ਸੰਦਰਭ ਵਿੱਚ ਇਹ ਯਕੀਨੀ ਬਣਾਉਣ ਲਈ ਕਿ ਚੁਣਾਵੀ ਲੋਕਤੰਤਰ ਦੀ ਪ੍ਰਕਿਰਿਆ ਨੂੰ ਧੋਖੇ ਨਾਲ



ਨਾਕਾਮ ਨਾ ਹੋਣ ਦਿੱਤਾ ਜਾਵੇ। ਬੈਂਚ ਨੇ ਕਿਹਾ ਕਿ ਅਦਾਲਤ ਨੂੰ ਉੱਥੇ ਕਦਮ ਚੁੱਕਣਾ ਚਾਹੀਦਾ ਹੈ ਜਿੱਥੇ ਅਸਧਾਰਨ ਸਥਿਤੀਆਂ ਪੈਦਾ ਹੁੰਦੀਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਚੁਣਾਵੀ ਲੋਕਤੰਤਰ ਦਾ ਮੂਲ ਲੋਕ ਫਤਵਾ ਸੁਰੱਖਿਅਤ ਰਹੇ। ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ 'ਚ ਕਿਹਾ, 'ਅਸੀਂ ਇਸੇ ਅਨੁਸਾਰ (**ਬਾਕੀ ਸਫ਼ਾ 30 'ਤੇ**)

## ਭਾਜਪਾ ਦੀ ਵੋਟ ਚੋਰੀ ਫੜੀ ਗਈ : ਕੇਜਰੀਵਾਲ

ਨਵੀਂ ਦਿੱਲੀ/ਏ.ਟੀ.ਨਿਊਜ਼ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਚੰਡੀਗੜ੍ਹ ਦੇ ਮੇਅਰ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਜਪਾ ਵੋਟਾਂ ਦੀ ਚੋਰੀ ਕਰਦੀ ਹੈ ਤੇ ਇਹ ਚੋਰੀ ਸੀਸੀਟੀਵੀ ਕੈਮਰਿਆਂ ਰਾਹੀਂ ਫੜੀ ਵੀ ਗਈ ਹੈ। ਉਨ੍ਹਾਂ ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਸੋਚਣਾ ਪਵੇਗਾ ਕਿ ਜਦੋਂ ਭਾਜਪਾ ਵਾਲੇ 36 ਵੋਟਾਂ ਵਿੱਚੋਂ ਹੀ 8 ਵੋਟਾਂ (25 ਫ਼ੀਸਦੀ) ਦੀ ਚੋਰੀ ਕਰ ਸਕਦੀ ਹੈ ਤਾਂ ਅਗਲੇ ਸਮੇਂ ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ 90 ਕਰੋੜ ਵੋਟਾਂ ਵਿੱਚੋਂ ਕਿੰਨੇ ਵੱਡੇ ਪੱਧਰ 'ਤੇ ਧਾਂਦਲੀ ਕਰਨਗੇ।



ਉਨ੍ਹਾਂ ਕਿਹਾ, 'ਸੁਣਦੇ ਸੀ ਭਾਜਪਾ ਵਾਲੇ ਗੜਬੜ ਕਰਦੇ ਹਨ। ਭਾਜਪਾ ਵਾਲੇ ਬਦਮਾਸ਼ੀ ਕਰਦੇ ਹਨ, ਵੋਟਾਂ ਦੀ ਚੋਰੀ ਕਰਦੇ ਹਨ। ਜਿਸ ਭਰੋਸੇ ਨਾਲ ਉਹ (ਭਾਜਪਾ) ਆਖ ਰਹੇ ਹਨ ਕਿ 370 ਸੀਟਾਂ ਆਉਣਗੀਆਂ, ਇੱਕ ਤਰ੍ਹਾਂ ਨਾਲ ਇਹ ਦੇਸ਼ ਦੇ ਲੋਕਾਂ ਨੂੰ ਚੁਣੌਤੀ ਦੇ ਰਹੇ ਹਨ ਕਿ ਉਨ੍ਹਾਂ ਦੀਆਂ ਵੋਟਾਂ ਦੀ ਲੋੜ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ 370 ਸੀਟਾਂ ਮਿਲ ਰਹੀਆਂ ਹਨ। ਉਨ੍ਹਾਂ ਨੂੰ ਇਹ ਭਰੋਸਾ ਕਿੱਥੋਂ ਆ ਰਿਹਾ ਹੈ, ਕੁਝ ਤਾਂ ਗੜਬੜ ਕਰ ਰੱਖੀ ਹੈ।' ਉਨ੍ਹਾਂ 3 ਕੌਂਸਲਰਾਂ ਦੇ ਭਾਜਪਾ ਵਿੱਚ ਜਾਣ ਬਾਰੇ ਕਿਹਾ ਕਿ ਉਹ (ਭਾਜਪਾ) ਕੌਂਸਲਰਾਂ ਤੇ ਵਿਧਾਇਕਾਂ ਨੂੰ ਖਰੀਦਣ ਲੱਗੇ ਹਨ। ਉਹ ਸਰਕਾਰਾਂ ਡੇਗਦੇ ਹਨ ਤੇ ਈਡੀ ਨੂੰ ਪਿੱਛੇ ਲਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇੰਡੀਆ ਗੱਠਜੋੜ ਨੇ ਮਿਲ ਕੇ ਜਿੱਤ ਪ੍ਰਾਪਤ ਕੀਤੀ ਤੇ ਵੱਡਾ ਸੰਦੇਸ਼ ਦਿੱਤਾ ਹੈ ਕਿ ਮਿਲ ਕੇ ਭਾਜਪਾ ਨੂੰ ਹਰਾਇਆ ਜਾ ਸਕਦਾ ਹੈ।

## ਭਾਜਪਾ ਦੀ ਧੱਕੇਸ਼ਾਹੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ: ਭਗਵੰਤ ਮਾਨ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਮੇਅਰ ਦੀ ਚੋਣ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਇਸ ਨੂੰ 'ਲੋਕਤੰਤਰ ਅਤੇ ਸਚਾਈ ਦੀ ਜਿੱਤ' ਕਰਾਰ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਭਾਜਪਾ ਦੀ ਧੱਕੇਸ਼ਾਹੀ ਦਾ ਮੂੰਹ ਤੋੜਵਾਂ ਜਵਾਬ ਹੈ। ਉਨ੍ਹਾਂ ਕਿਹਾ ਕਿ 30 ਜਨਵਰੀ ਨੂੰ ਭਾਰਤੀ ਰਾਜਨੀਤੀ ਦੇ ਇਤਿਹਾਸ ਵਿੱਚ 'ਸਭ ਤੋਂ ਕਾਲੇ ਦਿਨ' ਵਜੋਂ ਯਾਦ ਕੀਤਾ ਜਾਵੇਗਾ। ਇਸ ਦਿਨ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਚੰਡੀਗੜ੍ਹ ਵਿੱਚ ਮੇਅਰ ਦੇ ਅਹੁਦੇ ਲਈ ਹੋਈਆਂ ਚੋਣਾਂ ਦੌਰਾਨ ਲੋਕਤੰਤਰ ਦਾ ਕਤਲ ਕੀਤਾ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਨੇ ਸਮੁੱਚੀ ਜਮਹੂਰੀ ਪ੍ਰਕਿਰਿਆ ਵਿੱਚ ਲੋਕਾਂ ਦਾ ਵਿਸ਼ਵਾਸ ਬਹਾਲ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਦਾਲਤ ਨੇ ਪ੍ਰੀਜ਼ਾਈਡਿੰਗ ਅਫ਼ਸਰ ਵੱਲੋਂ ਅੱਠ ਵੋਟਾਂ ਰੱਦ ਕਰਨ ਦੇ ਫੈਸਲੇ ਨੂੰ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਠ ਵੋਟਾਂ ਬਹਾਲ ਹੋਣ ਨਾਲ 'ਆਪ' ਦੇ ਕੁਲਦੀਪ ਕੁਮਾਰ ਦੇ ਚੰਡੀਗੜ੍ਹ ਨਿਗਮ ਦਾ ਮੇਅਰ ਬਣਨ ਦਾ ਰਾਹ ਪੱਧਰਾ ਹੋ ਗਿਆ ਹੈ।

## ਚੋਣ 'ਚ ਹੇਰਾ-ਫੇਰੀ ਦਾ ਸਹਾਰਾ ਲੈਂਦੀ ਹੈ ਭਾਜਪਾ: ਕਾਂਗਰਸ

ਨਵੀਂ ਦਿੱਲੀ: ਸੁਪਰੀਮ ਕੋਰਟ ਵੱਲੋਂ ਚੰਡੀਗੜ੍ਹ ਮੇਅਰ ਦੀ ਚੋਣ ਦੇ ਨਤੀਜੇ ਪਲਟੇ ਜਾਣ ਮਗਰੋਂ ਕਾਂਗਰਸ ਨੇ ਕਿਹਾ ਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਲੋਕਤੰਤਰ ਨੂੰ 'ਤਾਨਾਸ਼ਾਹ ਭਾਜਪਾ' ਦੇ ਜਬਾੜੇ ਤੋਂ ਬਚਾਇਆ ਹੈ। ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਚੋਣਾਂ 'ਚ ਧਾਂਦਲੀ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨੇ 'ਤੇ ਲਿਆ ਤੇ ਕਿਹਾ ਕਿ ਚੋਣ ਅਧਿਕਾਰੀ ਅਨਿਲ ਮਸੀਹ ਤਾਂ ਸਿਰਫ਼ ਇੱਕ ਮੋਹਰਾ ਸਨ। ਖੜਗੇ ਨੇ ਐਕਸ 'ਤੇ ਪੋਸਟ ਕੀਤਾ, 'ਸੁਪਰੀਮ ਕੋਰਟ ਨੇ ਲੋਕਤੰਤਰ ਨੂੰ ਤਾਨਾਸ਼ਾਹ ਭਾਜਪਾ ਦੇ ਜਬਾੜੇ ਤੋਂ ਬਚਾਇਆ ਹੈ। ਭਾਜਪਾ ਚੋਣ 'ਚ ਹੇਰਾ-ਫੇਰੀ ਦਾ ਸਹਾਰਾ ਲੈਂਦੀ ਹੈ। ਚੰਡੀਗੜ੍ਹ ਮੇਅਰ ਦੀ ਚੋਣ ਵਿੱਚ ਸੰਸਥਾਤਮਕ ਤੌਰ 'ਤੇ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਮੋਦੀ-ਸ਼ਾਹ ਦੀ ਲੋਕਤੰਤਰ ਨੂੰ ਖਤਮ ਕਰਨ ਦੀ ਸਾਜ਼ਿਸ਼ ਦਾ ਇੱਕ ਛੋਟਾ ਜਿਹਾ ਹਿੱਸਾ ਹੈ।' ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਚੰਡੀਗੜ੍ਹ ਮੇਅਰ ਦੀਆਂ ਚੋਣਾਂ 'ਚ ਜੋ ਕੁਝ ਵੀ ਹੋਇਆ ਹੈ, ਉਸ ਪਿੱਛੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ। ਉਨ੍ਹਾਂ ਐਕਸ 'ਤੇ ਪੋਸਟ ਕੀਤਾ, 'ਲੋਕਤੰਤਰ ਦੀ ਹੱਤਿਆ ਦੀ ਭਾਜਪਾਈ ਸਾਜ਼ਿਸ਼ ਵਿੱਚ ਮਸੀਹ ਸਿਰਫ਼ ਮੋਹਰਾ ਹਨ, ਪਿੱਛੇ ਮੋਦੀ ਦਾ ਚਿਹਰਾ ਹੈ।' ਇਸੇ ਤਰ੍ਹਾਂ ਕਾਂਗਰਸ ਦੇ ਜਥੇਬੰਦਕ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਤੇ ਮੀਡੀਆ ਵਿਭਾਗ ਦੇ ਮੁਖੀ ਪਵਨ ਖੇੜਾ ਨੇ ਵੀ ਕੇਂਦਰ ਦੀ ਭਾਜਪਾ ਸਰਕਾਰ ਦੀ ਆਲੋਚਨਾ ਕੀਤੀ ਹੈ।

## ਹਰਿਆਣਾ ਦੇ ਕਿਸਾਨਾਂ ਅਤੇ ਖਾਪ ਪੰਚਾਇਤਾਂ ਨੇ ਕਿਸਾਨੀ ਸੰਘਰਸ਼ ਦੀ ਕੀਤੀ ਹਮਾਇਤ

ਚੰਡੀਗੜ੍ਹ/ਏ.ਟੀ.ਨਿਊਜ਼ : ਹਰਿਆਣਾ ਸਰਕਾਰ ਵੱਲੋਂ ਕਿਸਾਨੀ ਮੰਗਾਂ ਲਈ ਕਿਸਾਨਾਂ ਨੂੰ ਦਿੱਲੀ ਕੂਚ ਕਰਨ ਤੋਂ ਰੋਕਣ ਲਈ ਪੰਜਾਬ ਤੇ ਹਰਿਆਣਾ ਦੀਆਂ ਹੱਦਾਂ 'ਤੇ ਲਗਾਈਆਂ ਗਈਆਂ ਰੋਕਾਂ ਅਤੇ ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲੇ ਸੁੱਟਣ ਤੇ ਹੋਰ ਤਸ਼ੱਦਦ ਕਰਨ ਤੋਂ ਬਾਅਦ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਤੇ ਖਾਪ ਪੰਚਾਇਤਾਂ ਵੀ ਕਿਸਾਨ ਅੰਦੋਲਨ ਦੀ ਹਮਾਇਤ ਵਿੱਚ ਆ ਗਈਆਂ ਹਨ।

ਹਰਿਆਣਾ ਦੇ ਕੁਰੂਕਸ਼ੇਤਰ ਵਿਖੇ ਬ੍ਰਹਮਸਰੋਵਰ ਪਾਰਕ ਵਿੱਚ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੀ ਅਗਵਾਈ ਹੇਠ ਦੋ ਦਰਜਨ ਦੇ ਕਰੀਬ ਕਿਸਾਨ ਜਥੇਬੰਦੀਆਂ, ਖਾਪ ਪੰਚਾਇਤਾਂ ਤੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਗੁਰਨਾਮ ਸਿੰਘ ਚੜੂਨੀ, ਰਾਕੇਸ਼ ਬੈਂਸ, ਓਪਬੀ ਧਨਖੜ, ਵਰਿੰਦਰ ਹੁੱਡਾ, ਪ੍ਰਦੀਪ ਹੁੱਡਾ ਤੇ ਦੀਦਾਰ ਸਿੰਘ ਨਲਵੀ ਸਣੇ ਕਿਸਾਨ ਆਗੂਆਂ ਨੇ ਹਰਿਆਣਾ ਪੁਲਿਸ ਵੱਲੋਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਤੇ ਹੋਰਨਾਂ ਰੋਕਾਂ ਲਗਾਉਣ ਵਰਗੀਆਂ ਗਤੀਵੀਧੀਆਂ ਦੀ ਨਿਖੇਧੀ ਕੀਤੀ। ਚੜੂਨੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਰੱਦ ਕਰਨ ਸਮੇਂ ਕਿਸਾਨਾਂ ਦੀਆਂ ਮੰਗਾਂ ਲਿਖਤੀ ਰੂਪ ਵਿੱਚ ਮੰਨੀਆਂ ਸਨ, ਪਰ ਦੋ ਸਾਲ ਬੀਤਣ ਮਗਰੋਂ ਵੀ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦਾ ਅੰਨਦਾਤਾ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਵਿਖੇ ਮੁੜ ਤੋਂ ਸੰਘਰਸ਼ ਸ਼ੁਰੂ ਕਰਨ ਲਈ ਵੱਧ ਰਿਹਾ ਹੈ ਤਾਂ ਹਰਿਆਣਾ ਪੁਲਿਸ ਵੱਲੋਂ ਵੱਡੀਆਂ-ਵੱਡੀਆਂ ਰੋਕਾਂ ਲਗਾ ਕੇ ਕਿਸਾਨਾਂ ਨੂੰ ਰੋਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ (**ਬਾਕੀ ਸਫ਼ਾ 31 'ਤੇ**)

# ਭਾਰਤ ਦਾ ਪਾਸਪੋਰਟ ਹੋਇਆ ਕਮਜ਼ੋਰ

### ਭਾਰਤ ਦਾ ਪਾਸਪੋਰਟ ਤਾਕਤ ਦੇ ਲਿਹਾਜ਼ ਨਾਲ 80ਵੇਂ ਨੰਬਰ ਤੋਂ 85ਵੇਂ ਨੰਬਰ 'ਤੇ ਆਇਆ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਪਾਸਪੋਰਟ ਦੀ ਤਾਕਤ ਵਿੱਚ ਕੁਝ ਕਮੀ ਆਈ ਹੈ। ਇਹ ਭਾਰਤ ਲਈ ਨਿਰਾਸ਼ਾਜਨਕ ਹੈ, ਜੋ ਇੱਕ ਵੱਡੀ ਵਿਸ਼ਵ ਆਰਥਿਕ ਸ਼ਕਤੀ ਵਜੋਂ ਉਭਰ ਰਿਹਾ ਹੈ। ਪਹਿਲਾਂ ਭਾਰਤ ਦਾ ਪਾਸਪੋਰਟ ਤਾਕਤ ਦੇ ਲਿਹਾਜ਼ ਨਾਲ 80ਵੇਂ ਨੰਬਰ 'ਤੇ ਸੀ ਪਰ ਹੁਣ ਇਹ ਕੁਝ ਸਥਾਨ ਖਿਸਕ ਕੇ 85ਵੇਂ ਨੰਬਰ 'ਤੇ ਆ ਗਿਆ ਹੈ। ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਪਾਸਪੋਰਟਾਂ ਦੀ ਤਾਕਤ ਇਸ ਆਧਾਰ 'ਤੇ ਮਾਪੀ ਜਾਂਦਾ ਹੈ ਕਿ ਕਿੰਨੇ ਦੇਸ਼ ਇਸ 'ਤੇ ਵੀਜ਼ਾ-ਮੁਕਤ ਦਾਖਲਾ ਪ੍ਰਦਾਨ ਕਰਦੇ ਹਨ। ਇਸ ਪੈਮਾਨੇ 'ਤੇ ਹੈਨਲੇ ਪਾਸਪੋਰਟ ਇੰਡੈਕਸ ਜਾਰੀ ਕੀਤਾ ਜਾਂਦਾ ਹੈ। ਦੂਜੀ ਤਿਮਾਹੀ ਲਈ ਜਾਰੀ ਕੀਤੇ ਗਏ ਹੈਨਲੇ ਪਾਸਪੋਰਟ ਇੰਡੈਕਸ 2024 'ਚ ਭਾਰਤ ਹੁਣ 80ਵੇਂ ਸਥਾਨ ਤੋਂ ਡਿੱਗ ਕੇ 85ਵੇਂ ਸਥਾਨ 'ਤੇ ਆ ਗਿਆ ਹੈ।



ਭਾਰਤੀ ਪਾਸਪੋਰਟ ਧਾਰਕ ਭਾਵ ਭਾਰਤ ਦੇ ਲੋਕ 62 ਦੇਸ਼ਾਂ ਵਿੱਚ ਵੀਜ਼ਾ ਮੁਕਤ ਯਾਤਰਾ ਕਰ ਸਕਦੇ ਹਨ। ਇਹਨਾਂ ਦੇਸ਼ਾਂ ਵਿੱਚ ਭੂਟਾਨ, ਬ੍ਰਿਟਿਸ਼ ਵਰਜਿਨ ਆਈਲੈਂਡ, ਬਾਰਬਾਡੋਸ, ਥਾਈਲੈਂਡ, ਜਾਰਡਨ, ਮਲੇਸ਼ੀਆ, ਮਾਲਦੀਵ, ਸ਼੍ਰੀਲੰਕਾ, ਮਾਰੀਸ਼ਸ ਅਤੇ ਇੰਡੋਨੇਸ਼ੀਆ ਆਦਿ ਸ਼ਾਮਲ ਹਨ।

ਇਨ੍ਹਾਂ ਦੇਸ਼ਾਂ ਦੇ ਪਾਸਪੋਰਟ ਸਭ ਤੋਂ ਮਜ਼ਬੂਤ : ਸਭ ਤੋਂ ਤਾਕਤਵਰ ਪਾਸਪੋਰਟਾਂ ਦੀ ਗੱਲ ਕਰੀਏ ਤਾਂ ਹੈਨਲੇ ਪਾਸਪੋਰਟ ਇੰਡੈਕਸ ਮੁਤਾਬਕ ਫਰਾਂਸ, ਜਰਮਨੀ, ਇਟਲੀ, ਜਾਪਾਨ, ਸਿੰਗਾਪੁਰ ਅਤੇ ਸਪੇਨ ਸਭ ਤੋਂ ਉੱਪਰ ਹਨ। ਇਨ੍ਹਾਂ ਦੇਸ਼ਾਂ ਦੇ ਪਾਸਪੋਰਟ ਧਾਰਕ ਬਿਨਾਂ ਵੀਜ਼ਾ 194 ਦੇਸ਼ਾਂ ਦਾ ਦੌਰਾ ਕਰ ਸਕਦੇ ਹਨ। ਉਨ੍ਹਾਂ ਤੋਂ ਬਾਅਦ ਫਿਨਲੈਂਡ, ਨੀਦਰਲੈਂਡ, ਸਵੀਡਨ ਅਤੇ ਦੱਖਣੀ ਕੋਰੀਆ 193 ਦੇਸ਼ਾਂ ਤੱਕ ਵੀਜ਼ਾ-ਮੁਕਤ ਸਫ਼ਰ ਕਰ ਸਕਦੇ ਹਨ। ਆਸਟਰੀਆ, ਡੈਨਮਾਰਕ, ਆਇਰਲੈਂਡ, ਯੂਕੇ ਅਤੇ ਲਕਸਮਬਰਗ ਦੇ ਪਾਸਪੋਰਟ 192 ਦੇਸ਼ਾਂ ਵਿੱਚ ਵੀਜ਼ਾ-ਮੁਕਤ ਯਾਤਰਾ ਕਰ ਸਕਦੇ ਹਨ।

ਇਨ੍ਹਾਂ ਦੇਸ਼ਾਂ ਦੇ ਪਾਸਪੋਰਟ ਸਭ ਤੋਂ ਕਮਜ਼ੋਰ : ਸਭ ਤੋਂ ਕਮਜ਼ੋਰ ਪਾਸਪੋਰਟ ਡੋਮਿਨਿਕਾ, ਹੈਤੀ, ਮਾਈਕ੍ਰੋਨੇਸ਼ੀਆ, ਕਤਰ, ਸੇਂਟ ਵਿਨਸੈਂਟ, ਤ੍ਰਿਨੀਦਾਦ ਅਤੇ ਟੋਬੈਗੋ ਅਤੇ ਵੈਨੂਆਟੂ ਵਰਗੇ ਦੇਸ਼ਾਂ ਦੇ ਹਨ। ਇਰਾਕ, ਸੀਰੀਆ ਅਤੇ ਅਫਗਾਨਿਸਤਾਨ ਦੇ ਪਾਸਪੋਰਟ ਵੀ ਹੈਨਲੀ ਪਾਸਪੋਰਟ ਸੂਚਕਾਂਕ 'ਤੇ ਨੀਵੇਂ ਸਥਾਨ 'ਤੇ ਹਨ। ਗੁਆਂਢੀ ਦੇਸ਼ ਪਾਕਿਸਤਾਨ ਦਾ ਪਾਸਪੋਰਟ ਦੁਨੀਆ ਦਾ ਚੌਥਾ ਸਭ ਤੋਂ ਕਮਜ਼ੋਰ ਪਾਸਪੋਰਟ ਹੈ।

## ਕੀ ਮੁੜ ਆ ਰਹੀ ਹੈ ਆਲਮੀ ਆਰਥਿਕ ਮੰਦੀ ?

# ਜਾਪਾਨ ਤੋਂ ਬਾਅਦ ਹੁਣ ਬ੍ਰਿਟੇਨ ਵੀ ਮੰਦੀ ਦਾ ਸ਼ਿਕਾਰ

## ਆਮ ਲੋਕਾਂ ਦੀ ਜ਼ਿੰਦਗੀ 'ਤੇ ਇਸ ਦਾ ਕੀ ਪਵੇਗਾ ਅਸਰ ?

### ਕੰਪਨੀਆਂ ਵੱਲੋਂ ਕਰਮਚਾਰੀਆਂ ਦੀ ਛਾਂਟੀ ਕਰਨ ਕਾਰਨ ਵਧ ਸਕਦੀ ਹੈ ਬੇਰੁਜ਼ਗਾਰੀ

ਅੰਤਰਰਾਸ਼ਟਰੀ ਪੱਧਰ 'ਤੇ ਆਰਥਿਕ ਖੇਤਰ ਵਿੱਚ ਜਿਸ ਤਰਾਂ ਦੀਆਂ ਘਟਨਾਵਾਂ ਇਸ ਸਮੇਂ ਵਾਪਰ ਰਹੀਆਂ ਹਨ, ਉਹਨਾਂ ਤੋਂ ਮਹਿਸੂਸ ਹੋਣ ਲੱਗਿਆ ਹੈ ਕਿ ਪੂਰੇ ਵਿਸ਼ਵ ਵਿੱਚ ਆਰਥਿਕ ਮੰਦੀ ਆ ਸਕਦੀ ਹੈ। ਅਸਲ ਵਿੱਚ ਆਰਥਿਕ ਮੰਦੀ ਦੇ ਬੱਦਲ ਪੂਰੀ ਦੁਨੀਆਂ ਦੇ ਆਰਥਿਕ ਅਸਮਾਣ 'ਤੇ ਉਦੋਂ ਹੀ ਛਾਉਣੇ ਸ਼ੁਰੂ ਹੋ ਗਏ ਹਨ, ਜਦੋਂ ਤੋਂ ਜਾਪਾਨ ਆਰਥਿਕ ਮੰਦੀ ਦਾ ਸ਼ਿਕਾਰ ਹੋਣਾ ਸ਼ੁਰੂ ਹੋਇਆ। ਉਸ ਤੋਂ ਬਾਅਦ ਬ੍ਰਿਟੇਨ ਵੀ ਆਰਥਿਕ ਮੰਦੀ ਦੀ ਲਪੇਟ ਵਿੱਚ ਆ ਗਿਆ। ਭਾਵੇਂ ਕਿ ਜਾਪਾਨ ਅਤੇ ਬ੍ਰਿਟੇਨ ਵੱਲੋਂ ਆਰਥਿਕ ਮੰਦੀ ਤੋਂ ਬਚਣ ਲਈ ਅਨੇਕਾਂ ਉਪਾਅ ਕੀਤੇ ਗਏ ਪਰ ਇਸਦੇ ਬਾਵਜੂਦ ਇਹ ਦੇਸ਼ ਆਰਥਿਕ ਮੰਦੀ ਦੇ ਸ਼ਿਕਾਰ ਹੋ ਗਏ। ਇਸ ਤਰਾਂ ਪੂਰੀ ਦੁਨੀਆਂ ਵਿੱਚ ਆਰਥਿਕ ਮੰਦੀ ਦਾ ਨਾ ਟੁੱਟਣ ਵਾਲਾ ਸਿਲਸਿਲਾ ਸ਼ੁਰੂ ਹੋ ਗਿਆ ਹੈ, ਜਿਸਦੇ ਖਤਰਨਾਕ ਨਤੀਜੇ ਨਿਕਲ ਸਕਦੇ ਹਨ।

ਜਪਾਨ ਦੀ ਆਰਥਿਕਤਾ ਅਚਾਨਕ ਮੰਦੀ ਵਿੱਚ ਡਿੱਗ ਗਈ ਅਤੇ ਦੇਸ਼ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵਜੋਂ ਆਪਣੀ ਸਥਿਤੀ ਗੁਆ ਬੈਠਾ। ਹੁਣ ਜਰਮਨੀ ਨੂੰ ਇਹ ਖੇਡ ਮਿਲ ਗਈ ਹੈ। ਜਪਾਨ ਅਰਥਵਿਵਸਥਾ ਦੇ ਤੀਜੇ ਸਥਾਨ ਤੋਂ ਚੌਥੇ ਸਥਾਨ 'ਤੇ ਆ ਗਿਆ ਹੈ। ਚਾਲੂ ਵਿੱਤੀ ਸਾਲ ਦੀ ਤੀਜੀ ਤਿਮਾਹੀ 'ਚ ਜਪਾਨ ਦੀ ਅਰਥਵਿਵਸਥਾ 'ਚ ਗਿਰਾਵਟ ਦਰਜ ਕੀਤੀ ਗਈ ਸੀ। ਇਸ ਗਿਰਾਵਟ ਕਾਰਨ ਜਪਾਨ ਵਿੱਚ ਮੰਦੀ ਦੇ ਆਸਾਰ ਹਨ।

ਕਮਜ਼ੋਰ ਘਰੇਲੂ ਮੰਗ ਨੇ ਜਪਾਨ ਦੀ ਆਰਥਿਕਤਾ 'ਤੇ ਭਾਰ ਪਾਇਆ ਹੈ ਕਿਉਂਕਿ ਇਹ ਲਗਾਤਾਰ ਦੂਜੀ ਤਿਮਾਹੀ ਲਈ ਅਚਾਨਕ ਸੰਕੁਚਿਤ ਹੋ ਗਿਆ ਹੈ, ਇਸ ਸਾਲ ਕਿਸੇ ਸਮੇਂ



ਆਪਣੀ ਅਤਿ-ਆਸਾਨ ਨੀਤੀ ਤੋਂ ਬਾਹਰ ਨਿਕਲਣ ਲਈ ਕੇਂਦਰੀ ਬੈਂਕ ਦੀਆਂ ਯੋਜਨਾਵਾਂ ਬਾਰੇ ਅਨਿਸ਼ਚਿਤਤਾ ਵਧਾਉਂਦਾ ਹੈ। ਜਰਮਨੀ ਹੁਣ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਹੈ। ਜਾਪਾਨ ਦੀ ਅਰਥਵਿਵਸਥਾ ਪਿਛਲੇ ਸਾਲ ਅਮਰੀਕੀ ਡਾਲਰ ਦੇ ਲਿਹਾਜ਼ ਨਾਲ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਈ ਕਿਉਂਕਿ ਘਰਾਂ ਅਤੇ ਕਾਰੋਬਾਰਾਂ ਨੇ ਲਗਾਤਾਰ ਤੀਜੀ ਤਿਮਾਹੀ ਲਈ ਖਰਚਿਆਂ ਵਿੱਚ ਕਟੌਤੀ ਕੀਤੀ। ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐਮ.ਐਫ.) ਨੇ ਪਿਛਲੇ ਸਾਲ ਅਕਤੂਬਰ ਵਿੱਚ ਅੰਦਾਜ਼ਾ ਲਗਾਇਆ ਸੀ ਕਿ ਜਦੋਂ ਅਮਰੀਕੀ ਡਾਲਰ ਵਿੱਚ ਮਾਪਿਆ ਜਾਂਦਾ ਹੈ ਤਾਂ ਜਰਮਨੀ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਵਜੋਂ ਜਾਪਾਨ ਨੂੰ ਪਛਾੜ ਸਕਦਾ ਹੈ। ਹਾਲਾਂਕਿ, ਦਰਜਾਬੰਦੀ ਵਿੱਚ ਬਦਲਾਅ ਦਾ ਐਲਾਨ ਉਦੋਂ ਹੀ ਕੀਤਾ ਜਾਵੇਗਾ ਜਦੋਂ ਦੋਵੇਂ ਦੇਸ਼ ਆਪਣੇ ਆਰਥਿਕ ਵਿਕਾਸ ਦੇ ਅੰਕੜਿਆਂ ਦੇ ਅੰਤਿਮ ਸੰਸਕਰਣ ਪ੍ਰਕਾਸ਼ਤ ਕਰਨਗੇ। ਇਸਨੇ 1980 ਵਿੱਚ ਅਰਥਵਿਵਸਥਾਵਾਂ ਦੀ ਤੁਲਨਾ ਕਰਨ ਵਾਲੇ ਡੇਟਾ ਨੂੰ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ।

ਬ੍ਰਿਟੇਨ 2023 ਦੇ ਦੂਜੇ ਅੱਧ ਵਿੱਚ ਇੱਕ ਹਲਕੀ ਮੰਦੀ ਵਿੱਚ ਫਿਸਲਣ ਲਈ ਤਿਆਰ ਹੈ, ਇਹ ਦਰਸਾਉਂਦਾ ਹੈ ਕਿ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਹੁਣ ਤੱਕ ਆਰਥਿਕਤਾ ਨੂੰ ਵਧਾਉਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਵਿੱਚ ਅਸਫਲ ਰਹੇ ਹਨ। ਨੈਸ਼ਨਲ ਸਟੈਟਿਸਟਿਕਸ ਦੇ ਦਫਤਰ ਤੋਂ ਵੀਰਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਨੇ ਦਿਖਾਇਆ ਕਿ ਚੌਥੀ ਤਿਮਾਹੀ ਵਿੱਚ ਕੁੱਲ ਘਰੇਲੂ ਉਤਪਾਦ 0.3% ਘਟਿਆ, ਅਰਥਸ਼ਾਸਤਰੀਆਂ ਦੇ 0.1% ਦੀ ਗਿਰਾਵਟ ਦੀ ਭਵਿੱਖਬਾਣੀ ਤੋਂ ਵੱਧ। ਇਸਨੇ 0.1% ਦੀ ਗਿਰਾਵਟ ਤੋਂ ਬਾਅਦ, ਪਿਛਲੇ ਤਿੰਨ ਮਹੀਨਿਆਂ ਤੋਂ ਕੋਈ ਬਦਲਾਅ ਨਹੀਂ ਕੀਤਾ, ਅਰਥਸ਼ਾਸਤਰੀਆਂ ਦੀ ਮੰਦੀ ਦੀ ਤਕਨੀਕੀ ਪਰਿਭਾਸ਼ਾ ਨੂੰ ਪੂਰਾ ਕੀਤਾ। ਆਰਥਿਕਤਾ ਵਿੱਚ ਅਜੇ ਵੀ ਸਾਲ ਲਈ 0.1% ਦਾ ਵਾਧਾ ਹੋਇਆ ਹੈ, ਇਸ ਨੂੰ ਮਹਾਂਮਾਰੀ ਦੇ ਪਹਿਲੇ ਸਾਲ ਨੂੰ ਛੱਡ ਕੇ, 2009 ਤੋਂ ਬਾਅਦ ਯੂਕੇ ਵਿੱਚ ਦੇਖਿਆ ਗਿਆ ਸਭ ਤੋਂ ਹੌਲੀ ਸਲਾਨਾ ਵਿਸਤਾਰ ਹੈ। ਬ੍ਰਿਟੇਨ ਦੀ ਆਰਥਿਕਤਾ ਨੇ ਪਿਛਲੇ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਆਖਰੀ ਵਾਰ ਇੱਕ ਚੌਥਾਈ ਵਾਧਾ ਦਰਜ ਕੀਤਾ ਸੀ।

ਮੰਦੀ ਆਮ ਆਦਮੀ ਲਈ ਮਾੜੀ ਹੈ। ਆਰਥਿਕ ਮਾਹਿਰਾਂ ਅਨੁਸਾਰ ਕੰਪਨੀਆਂ ਵੱਲੋਂ ਕਰਮਚਾਰੀਆਂ ਦੀ ਛਾਂਟੀ ਕਰਨ ਕਾਰਨ ਬੇਰੁਜ਼ਗਾਰੀ ਵਧ ਸਕਦੀ ਹੈ। ਦੂਸਰਿਆਂ ਨੂੰ ਕੀਮਤ ਵਾਧੇ ਦੇ ਨਾਲ ਤਾਲਮੇਲ ਰੱਖਣ ਲਈ ਤਰੱਕੀ ਪ੍ਰਾਪਤ ਕਰਨਾ ਜਾਂ ਤਨਖਾਹ ਵਿੱਚ ਵਾਧਾ ਪ੍ਰਾਪਤ ਕਰਨਾ ਮੁਸ਼ਕਲ ਹੋ ਸਕਦਾ ਹੈ। ਹਾਲਾਂਕਿ, ਮੰਦੀ ਦਾ ਦਰਦ ਆਮ ਤੌਰ 'ਤੇ ਸਮਾਜ ਵਿੱਚ ਬਰਾਬਰ ਮਹਿਸੂਸ ਨਹੀਂ ਕੀਤਾ ਜਾਂਦਾ ਹੈ ਅਤੇ ਅਸਮਾਨਤਾ ਵਧ ਸਕਦੀ ਹੈ। ਸਥਿਰ ਆਮਦਨੀ 'ਤੇ ਰਹਿਣ ਵਾਲੇ ਲੋਕਾਂ ਨੂੰ ਵਧੇਰੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ, ਖਾਸ ਕਰਕੇ ਜੇ ਸਰਕਾਰਾਂ ਜਨਤਕ ਸਹੂਲਤਾਂ 'ਤੇ ਖਰਚ ਘਟਾਉਂਦੀਆਂ ਹਨ।

ਇਥੇ ਹੁਣ ਭਾਰਤ ਦੀ ਸਾਬਕਾ ਮਨਮੋਹਨ ਸਰਕਾਰ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਮਨਮੋਹਨ ਸਰਕਾਰ ਸਮੇਂ ਵੀ ਦੁਨੀਆਂ ਆਰਥਿਕ ਮੰਦੀ ਦਾ ਸ਼ਿਕਾਰ ਹੋ ਗਈ ਸੀ, ਪਰ ਉਸ ਸਮੇਂ ਅਰਥ ਸ਼ਾਸਤਰੀ ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਹੋਣ ਕਾਰਨ ਉਹਨਾਂ ਦੀਆਂ ਆਰਥਿਕ ਨੀਤੀਆਂ ਕਾਰਨ ਭਾਰਤ ਆਰਥਿਕ ਪੱਧਰ 'ਤੇ ਹੋਰ ਮਜ਼ਬੂਤ ਹੋ ਗਿਆ ਸੀ। ਹੁਣ ਵੇਖਣ ਵਾਲੀ ਇਹ ਗੱਲ ਹੋਵੇਗੀ ਕਿ ਵਿਸ਼ਵ ਵਿੱਚ ਆ ਰਹੀ ਆਰਥਿਕ ਮੰਦੀ ਦਾ ਸਾਹਮਣਾ ਮੌਜੂਦਾ ਕੇਂਦਰ ਸਰਕਾਰ ਕਿਸ ਤਰਾਂ ਕਰਦੀ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਸਾਲ 2023 ਵਿੱਚ ਭਾਰਤੀ ਵੈੱਬਸਾਈਟਾਂ ’ਤੇ 5.14 ਬਿਲੀਅਨ ਤੋਂ ਵੱਧ ਸਾਈਬਰ ਹਮਲੇ ਹੋਏ

## ਸਿਹਤ ਸੰਭਾਲ ਖੇਤਰ ਨੂੰ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਗਿਆ

ਨਵੀਂ ਦਿੱਲੀ/ਏ.ਟੀ.ਨਿਊਜ਼ : ਸਾਲ 2023 ਵਿੱਚ, ਭਾਰਤੀ ਵੈੱਬਸਾਈਟਾਂ ਅਤੇ ਐਪਲੀਕੇਸ਼ਨਾਂ ’ਤੇ 5.14 ਬਿਲੀਅਨ ਤੋਂ ਵੱਧ ਸਾਈਬਰ ਹਮਲੇ ਹੋਏ। ਇਸ ਵਿੱਚ ਸਿਹਤ ਸੰਭਾਲ ਖੇਤਰ ਨੂੰ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਗਿਆ।



ਟੀ.ਸੀ.ਜੀ.ਐਫ. 2 ਦੁਆਰਾ ਫੰਡ ਪ੍ਰਾਪਤ ਇੱਕ ਐਪਲੀਕੇਸ਼ਨ ਸੁਰੱਖਿਆ ਕੰਪਨੀ, ਇੰਡੋਸਫੇਸ ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਵਿੱਚ ਸੌਫਟਵੇਅਰ-ਏ-ਏ-ਸਰਵਿਸ ਕੰਪਨੀਆਂ ਉੱਚ-ਮੁੱਲ ਵਾਲੇ ਗਾਹਕ ਡੇਟਾ ਦੇ ਕਾਰਨ, ਹਮਲਿਆਂ ਵਿੱਚ 10 ਗੁਣਾ ਵਾਧੇ ਦੇ ਨਾਲ, ਸਾਈਬਰ ਅਪਰਾਧੀਆਂ ਲਈ ਇੱਕ ਵੱਡਾ ਨਿਸ਼ਾਨਾ ਬਣ ਗਈਆਂ ਹਨ।(ਟਾਟਾ ਕੈਪੀਟਲ) ਦੇ ਨਿਸ਼ਾਨੇ ਵਜੋਂ ਉਭਰੇ ਹਨ।ਰਿਟੇਲ ਅਤੇ ਈ-ਕਾਮਰਸ ਉਦਯੋਗ ਜ਼ਿਆਦਾਤਰ ਕਾਰਡਿੰਗ ਹਮਲਿਆਂ ਦਾ ਨਿਸ਼ਾਨਾ ਸਨ। ਆਈ.ਟੀ. ਸੇਵਾਵਾਂ ਅਤੇ ਸਲਾਹ, ਬੈਂਕਿੰਗ, ਨਿਰਮਾਣ, ਦੂਰਸੰਚਾਰ ਅਤੇ ਇਸ਼ਤਿਹਾਰਬਾਜ਼ੀ ਵਰਗੇ ਖੇਤਰਾਂ ਦਾ ਵੀ ਵਿਸ਼ਲੇਸ਼ਣ ਕੀਤਾ ਗਿਆ। ਇੰਡਸਫੇਸ ਦੇ ਸੀਈਓ ਆਸ਼ੀਸ਼ ਟੰਡਨ ਨੇ ਕਿਹਾ, ਕਾਰਡ ਕ੍ਰੈਕਿੰਗ ਜਾਂ ਕ੍ਰੈਡੈਂਸ਼ੀਅਲ ਸਟਫਿੰਗ ਦੇ ਨਾਲ, ਅਸੀਂ ਬੋਟ-ਸੰਚਾਲਿਤ, ਘੱਟ-ਰੇਟ ਡਿਸਟ੍ਰੀਬਿਊਟਿਡ ਡਿਨਾਇਲ ਆਫ ਸਰਵਿਸ ਹਮਲੇ ਨੂੰ ਵੀ ਜ਼ਿਆਦਾ ਵਾਰ ਵਰਤੇ ਜਾਂਦੇ ਦੇਖਿਆ ਹੈ।

ਇੰਡੋਸਫੇਸਜ ਦੇ ਅਪਟਰਾਨਾ ਨੈੱਟਵਰਕ ਨੇ ਵਿਸ਼ਵ ਪੱਧਰ ’ਤੇ 6.8 ਬਿਲੀਅਨ ਹਮਲਿਆਂ ਨੂੰ ਬਲੌਕ ਕੀਤਾ। ਇਨ੍ਹਾਂ ਵਿੱਚੋਂ 5.14 ਬਿਲੀਅਨ ਹਮਲੇ ਭਾਰਤੀ ਉਦਯੋਗਾਂ, ਐਸ.ਐਮ.ਈ. ਅਤੇ ਸਰਕਾਰੀ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਸਨ। ਰਿਪੋਰਟ ਮੁਤਾਬਕ 2023 ਦੀ ਪਹਿਲੀ ਤਿਮਾਹੀ ਤੋਂ ਚੌਥੀ ਤਿਮਾਹੀ ਤੱਕ ਸਾਈਬਰ ਹਮਲਿਆਂ ਵਿੱਚ ਔਸਤਨ 63 ਫੀਸਦੀ ਦਾ ਵਾਧਾ ਦੇਖਿਆ ਗਿਆ। ਭਾਰਤ ਤੋਂ ਇਲਾਵਾ ਸਾਈਬਰ ਹਮਲਿਆਂ ਦੇ ਪ੍ਰਮੁੱਖ ਸਰੋਤਾਂ ਵਿੱਚ ਅਮਰੀਕਾ, ਬ੍ਰਿਟੇਨ, ਰੂਸ, ਜਰਮਨੀ ਅਤੇ ਸਿੰਗਾਪੁਰ ਸ਼ਾਮਲ ਹਨ।

# ਗੁਲਜ਼ਾਰ ਤੇ ਰਾਮਭਦਰਾਚਾਰੀਆ ਨੂੰ ਸਾਲ 2023 ਦੇ ਗਿਆਨਪੀਠ ਪੁਰਸਕਾਰ ਲਈ ਚੁਣਿਆ





ਨਵੀਂ ਦਿੱਲੀ/ਏ.ਟੀ.ਨਿਊਜ਼ : ਪ੍ਰਸਿੱਧ ਉਰਦੂ ਕਵੀ ਗੁਲਜ਼ਾਰ ਅਤੇ ਸੰਸਕ੍ਰਿਤ ਵਿਦਵਾਨ ਜਗਦਗੁਰੂ ਰਾਮਭਦਰਾਚਾਰੀਆ ਨੂੰ 2023 ਦੇ 58ਵੇਂ ਗਿਆਨਪੀਠ ਪੁਰਸਕਾਰ ਲਈ ਚੁਣਿਆ ਗਿਆ ਹੈ। ਗੁਲਜ਼ਾਰ ਨੂੰ ਹਿੰਦੀ ਸਿਨੇਮਾ ਵਿੱਚ ਆਪਣੀਆਂ ਰਚਨਾਵਾਂ ਲਈ ਜਾਣਿਆ ਜਾਂਦਾ ਹੈ ਅਤੇ ਇਸ ਯੁੱਗ ਦੇ ਉੱਤਮ ਉਰਦੂ ਕਵੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਪਹਿਲਾਂ 2002 ਵਿੱਚ ਉਰਦੂ ਲਈ ਸਾਹਿਤ ਅਕਾਦਮੀ ਐਵਾਰਡ, 2013 ਵਿੱਚ ਦਾਦਾ ਸਾਹਿਬ ਫਾਲਕੇ ਐਵਾਰਡ, 2004 ਵਿੱਚ ਪਦਮ ਭੂਸ਼ਣ ਮਿਲ ਚੁੱਕਿਆ ਹੈ।

ਇਸ ਤੋਂ ਇਲਾਵਾ ਪੰਜ ਰਾਸ਼ਟਰੀ ਫ਼ਿਲਮ ਪੁਰਸਕਾਰ ਮਿਲ ਚੁੱਕੇ ਹਨ।ਰਾਮਭਦਰਚਾਰੀਆ, ਚਿਤਰਕੂਟ ਵਿੱਚ ਤੁਲਸੀ ਪੀਠ ਦੇ ਸੰਸਥਾਪਕ ਅਤੇ ਮੁਖੀ ਹਨ। ਉਹ ਪ੍ਰਸਿੱਧ ਹਿੰਦੂ ਅਧਿਆਤਮਕ ਆਗੂ, ਸਿੱਖਿਅਕ ਅਤੇ 100 ਤੋਂ ਵੱਧ ਕਿਤਾਬਾਂ ਦੇ ਲੇਖਕ ਹਨ।

# ਰਾਕੇਸ਼ ਟਿਕੈਤ ਵੱਲੋਂ ਕਿਸਾਨ ਸੰਘਰਸ਼ ਦੀ ਹਮਾਇਤ ਦਾ ਐਲਾਨ

## ਕਿਹਾ ਕਿ 14 ਮਾਰਚ ਨੂੰ ਟਰੈਕਟਰਾਂ ’ਤੇ ਜਾਣਗੇ ਦਿੱਲੀ



ਗਾਜ਼ੀਆਬਾਦ/ਏ.ਟੀ.ਨਿਊਜ਼: ਭਿਕਨਪੁਰ ਦੁਹਾਈ ਵਿੱਚ ਬੀਕੇਯੂ ਮਹਿਲਾ ਸੈੱਲ ਦੀ ਮਹਿਲਾ ਕਿਸਾਨ ਮਜ਼ਦੂਰ ਮਹਾਪੰਚਾਇਤ ਵਿੱਚ ਜਥੇਬੰਦੀ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਅਸੀਂ ਕਿਸਾਨ ਅੰਦੋਲਨ ਦਾ ਸਮਰਥਨ ਕਰਦੇ ਹਾਂ। ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਬਣਨ ਤੱਕ ਕਿਸਾਨ ਆਪਣੀ ਮੰਗ ’ਤੇ ਅੜੇ ਰਹਿਣਗੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ’ਤੇ ਜ਼ੁਲਮ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਜੇਕਰ ਅਸੀਂ ਹੁਣ ਦਿੱਲੀ ਨਹੀਂ ਜਾ ਰਹੇ ਤਾਂ ਯੂਪੀ ਬਾਰਡਰ ’ਤੇ ਜਾਮ ਲਗਾ ਕੇ ਆਮ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਆਪਣੇ ਵਿਚਾਰ ਪ੍ਰਗਟ ਕਰਨ ਜਾ ਰਹੇ ਕਿਸਾਨਾਂ ’ਤੇ ਜੋ ਜ਼ੁਲਮ ਕੀਤਾ ਗਿਆ, ਉਹ ਅੰਗਰੇਜ਼ ਹਕੂਮਤ ਦੀ ਯਾਦ ਤਾਜ਼ਾ ਕਰਵਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ 14 ਮਾਰਚ ਨੂੰ ਕਿਸਾਨ ਇੱਕ ਦਿਨ ਲਈ ਟਰੈਕਟਰਾਂ ਨਾਲ ਦਿੱਲੀ ਜਾਣਗੇ ਪਰ ਇਸ ਤੋਂ ਪਹਿਲਾਂ ਬੀਕੇਯੂ ਦੇ ਵਰਕਰ 21 ਫਰਵਰੀ ਨੂੰ ਉੱਤਰ ਪ੍ਰਦੇਸ਼, ਉੱਤਰਾਖੰਡ, ਹਰਿਆਣਾ ਆਦਿ ਰਾਜਾਂ ਦੇ ਜ਼ਿਲ੍ਹਾ ਹੈੱਡਕੁਆਰਟਰਾਂ ’ਤੇ ਟਰੈਕਟਰਾਂ ਨਾਲ ਰੋਸ ਪ੍ਰਦਰਸ਼ਨ ਕਰਨਗੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸਾਡਾ ਟਰੈਕਟਰ ਖੇਤਾਂ ਵਿੱਚ ਵੀ ਚੱਲੇਗਾ ਅਤੇ ਦਿੱਲੀ ਦੀਆਂ ਸੜਕਾਂ ’ਤੇ ਵੀ।

# ਹਵਾ ਪ੍ਰਦੂਸ਼ਣ ਦੇ ਕਾਰਨ ਭਾਰਤ ’ਚ ਵਸਣਾ ਨਹੀਂ ਚਾਹੁੰਦੇ ਵਿਦੇਸ਼ੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਵਿੱਚ ਸਥਾਈ ਟਿਕਾਣਾ ਬਣਾਉਣ ਦਾ ਵਿਚਾਰ ਕਰਨ ਵਾਲੇ ਵਿਦੇਸ਼ੀਆਂ ਦੀ ਮੁੱਢਲੀ ਚਿੰਤਾ ਇੱਥੋਂ ਦੇ ਹਵਾ ਪ੍ਰਦੂਸ਼ਣ ਦੀ ਸਮੱਸਿਆ ਹੈ, ਜੋ ਸਿਆਸੀ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਵਿੱਚ ਉਲਝੀ ਹੋਈ ਹੈ। ਇਹ ਗੱਲ ਜਰਮਨ ਦੂਤਘਰ ਦੇ ਇੱਕ ਅਧਿਕਾਰੀ ਨੇ ਕਹੀ। ਜਰਮਨ ਦੂਤਘਰ ਵਿੱਚ ਆਰਥਿਕ ਅਤੇ ਵਿਸ਼ਵ ਪੱਧਰੀ ਮਾਮਲਿਆਂ ਦੇ ਵਿਭਾਗ ਦੇ ਮੁਖੀ ਹੈਂਡਰਿਕ ਸੀਲੇ ਨੇ ਇੱਥੇ ਹਵਾ ਪ੍ਰਦੂਸ਼ਣ ’ਤੇ ਆਯੋਜਿਤ ਇੱਕ ਗੋਸ਼ਟੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਵਾ ਪ੍ਰਦੂਸ਼ਣ ਨਾ ਸਿਰਫ਼ ਲੋਕਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਆਰਥਿਕਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ।



ਜਰਮਨ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ ਨੇ ਭਾਰਤ ਦੇ ਰਾਸ਼ਟਰੀ ਸਵੱਛ ਹਵਾ ਪ੍ਰੋਗਰਾਮ ਦਾ ਸਵਾਗਤ ਕੀਤਾ ਹੈ, ਜਿਸਦਾ ਮਕਸਦ ਦੇਸ਼ ਦੇ 131 ਸ਼ਹਿਰਾਂ ਵਿੱਚ ਹਵਾ ਪ੍ਰਦੂਸ਼ਣ ਦੇ ਪੱਧਰ ਨੂੰ ਘਟਾਉਣਾ ਹੈ। ਉਨ੍ਹਾਂ ਕਿਹਾ ਕਿ ਜਰਮਨੀ 2019 ਵਿੱਚ ਸ਼ੁਰੂ ਐੱਨ.ਸੀ.ਏ.ਸੀ. ਪ੍ਰਾਜੈਕਟ ਦੇ ਤਹਿਤ ਸੂਰਤ, ਪੁਣੇ ਅਤੇ ਨਾਗਪੁਰ ਵਿੱਚ ਇਸ ਦੇ ਪ੍ਰਭਾਵੀ ਅਮਲ ਲਈ ਭਾਰਤ ਨਾਲ ਕੰਮ ਕਰ ਰਿਹਾ ਹੈ।

**ਹਵਾ ਪ੍ਰਦੂਸ਼ਣ ’ਤੇ ਕਾਫੀ ਨਹੀਂ ਸਿਆਸੀ ਕਾਰਵਾਈ**

ਭਾਰਤ ਦੇ ਸੰਦਰਭ ਵਿੱਚ ਹਵਾ ਪ੍ਰਦੂਸ਼ਣ ਇੱਕ ਪ੍ਰਮੁੱਖ ਕਾਰਣਾਂ ਵਿਚੋਂ ਇੱਕ ਹੈ ਅਤੇ ਇੱਥੇ ਆਪਣਾ ਸਥਾਈ ਟਿਕਾਣਾ ਬਣਾਉਣ ਬਾਰੇ ਸੋਚ ਰਹੇ ਵਿਦੇਸ਼ੀ ਲੋਕ ਇਸ ਪਹਿਲੂ ’ਤੇ ਵਿਚਾਰ ਕਰਦੇ ਹਨ। ਵਿਦੇਸ਼ੀ ਲੋਕ ਹਵਾ ਪ੍ਰਦੂਸ਼ਣ ਦਾ ਖਤਰਾ ਮੁੱਲ ਲੈਣ ਲਈ ਤਿਆਰ ਨਹੀਂ ਹਨ।

ਸੇਲੇ ਨੇ ਕਿਹਾ ਕਿ ਇਹ ਸੱਚਮੁੱਚ ਇੱਕ ਬਹੁਤ ਮਹੱਤਵਪੂਰਨ ਚਿੰਤਾ ਅਤੇ ਬਹੁ-ਆਯਾਮੀ ਸਮੱਸਿਆ ਹੈ, ਜੋ ਅਕਸਰ ਸਿਆਸੀ ਦੋਸ਼ਾਂ ਦੀ ਖੇਡ ਵਿੱਚ ਫਸ ਜਾਂਦੀ ਹੈ। ਇੱਟ ਭੱਠਾ ਮਜ਼ਦੂਰ ਇਸ ਦਾ ਕਾਰਨ ਵਾਹਨਾਂ ਦੇ ਪ੍ਰਦੂਸ਼ਣ ਨੂੰ ਮੰਨਦੇ ਹਨ, ਜਦਕਿ ਪਰਾਲੀ ਸਾੜਨ ਵਾਲੇ ਕਿਸਾਨ ਇਸ ਦਾ ਦੋਸ਼ ਦੂਜੇ ਰਾਜਾਂ ਦੇ ਕਿਸਾਨਾਂ ’ਤੇ ਮੜ੍ਹਦੇ ਹਨ।

# ਜਲੰਧਰ ਦੇ ਐਨ.ਆਰ.ਆਈ. ਨੇ ਚੰਨ ’ਤੇ ਖ਼ਰੀਦੇ ਦੋ ਪਲਾਟ

## ਇੱਕ ਪਤਨੀ ਨੂੰ ਤੇ ਦੂਜਾ ਜਿਗਰੀ ਦੋਸਤ ਨੂੰ ਕੀਤਾ ਗਿ.ਫਟ






ਜਲੰਧਰ/ਏ.ਟੀ.ਨਿਊਜ਼ : ਲੋਕਾਂ ਦਾ ਸੁਫ਼ਨਾ ਹੁੰਦਾ ਹੈ ਕਿ ਚੰਨ ਦੀ ਇੱਕ ਵਾਰ ਸੈਰ ਜ਼ਰੂਰ ਕੀਤੀ ਜਾਵੇ ਪਰ ਜਲੰਧਰ ਦੇ ਐੱਨ. ਆਰ. ਆਈ. ਵਿਅਕਤੀ ਨੇ ਚੰਨ ਉਤੇ ਪਲਾਟ ਹੀ ਖ਼ਰੀਦ ਲਿਆ ਹੈ। ਉਸ ਨੇ ਇੱਕ-ਇੱਕ ਏਕੜ ਦੇ ਦੋ ਪਲਾਟ ਖ਼ਰੀਦੇ ਹਨ। ਜਿਸ ਵਿੱਚ ਇੱਕ ਪਲਾਟ ਪਤਨੀ ਦੇ ਨਾਂਅ ਉਸ ਨੂੰ ਜਨਮ ਦਿਨ ਦਾ ਤੋਹਫ਼ਾ ਦਿੱਤਾ, ਜਦਕਿ ਇੱਕ ਪਲਾਟ ਬਚਪਨ ਦੇ ਜਿਗਰੀ ਦੋਸਤ ਦੇ ਨਾਮ ਕਰਵਾ ਦਿੱਤਾ। ਐੱਨ. ਆਰ. ਆਈ. ਹਰਜਿੰਦਰ ਸਿੰਘ ਜਲੰਧਰ ਦੇ ਜੰਡਿਆਲਾ ਦੇ ਰਹਿਣ ਵਾਲੇ ਹਨ। ਕੁਝ ਦਿਨ ਪਹਿਲਾਂ ਹੀ ਉਹ ਇਟਲੀ ਤੋਂ ਜਲੰਧਰ ਪਹੁੰਚੇ ਹਨ। ਹਰਜਿੰਦਰ ਸਿੰਘ ਨੇ ਯੂਨਾਈਟੇਡ ਸਟੇਟਸ ਆਫ਼ ਅਮਰੀਕਾ ਦੀ ਇਕ ਸਰਕਾਰੀ ਵੈੱਬਸਾਈਟ ਤੋਂ ਜਗ੍ਹਾ ਚੰਨ ’ਤੇ ਖ਼ਰੀਦੀ ਹੈ। ਇਸ ਦਾ ਸਾਰਾ ਪ੍ਰੋਸੈਸ ਆਨਲਾਈਨ ਹੋਇਆ।

ਹਰਜਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੇ ਪਰਿਵਾਰ ਦੇ ਨਾਲ ਇਟਲੀ ਵਿੱਚ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਅਤੇ ਉਨ੍ਹਾਂ ਦੇ ਦੋਸਤ ਦੇ ਚੰਨ ’ਤੇ ਜ਼ਮੀਨ ਖ਼ਰੀਦਣ ਦਾ ਸੁਫ਼ਨਾ ਸੀ। ਉਨ੍ਹਾਂ ਨੂੰ ਕਿਸੇ ਜਾਣਕਾਰ ਤੋਂ ਪਤਾ ਲੱਗਾ ਸੀ ਕਿ ਯੂਨਾਈਟੇਡ ਸਟੇਟਸ ਆਫ਼ ਅਮਰੀਕਾ ਦੀ ਇਕ ਵੈੱਬਸਾਈਟ ਜ਼ਰੀਏ ਚੰਨ ’ਤੇ ਜ਼ਮੀਨ ਖ਼ਰੀਦੀ ਜਾਂਦੀ ਹੈ। ਪਹਿਲਾਂ ਉਨ੍ਹਾਂ ਨੇ ਇਸ ਦਾ ਪ੍ਰੋਸੈਸ ਪਤਾ ਕੀਤਾ। ਪਤਾ ਲੱਗਾ ਕਿ ਸਾਰੀ ਪ੍ਰਕਿਰਿਆ ਆਨਲਾਈਨ ਹੈ। ਚੰਨ ’ਤੇ ਜਗ੍ਹਾ ਲਈ ਆਨਲਾਈਨ ਅਪਲਾਈ ਕਰਕੇ 2 ਪਲਾਟ ਖ਼ਰੀਦੇ। ਇੱਕ ਪਲਾਟ ਨੂੰ ਪਤਨੀ ਦੇ ਜਨਮਦਿਨ ਵਾਲੇ ਦਿਨ ਤੋਹਫ਼ਾ ਦਿੱਤਾ।

ਹਰਜਿੰਦਰ ਨੇ ਦੱਸਿਆ ਕਿ ਉਸ ਦਾ ਦੋਸਤ ਸੁਖਜੀਤ ਜਲੰਧਰ ਰਹਿੰਦਾ ਹੈ। ਉਸ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਕਿ ਚੰਨ ’ਤੇ ਖ਼ਰੀਦਿਆ ਹੋਇਆ ਇੱਕ ਪਲਾਟ ਉਸ ਦੇ ਨਾਂ ਕਰ ਦੇਵੇ, ਉਹ ਉਸ ਦੇ ਪੈਸੇ ਦੇਣ ਨੂੰ ਤਿਆਰ ਹੈ। ਜਿਸ ਦੇ ਬਾਅਦ ਉਨ੍ਹਾਂ ਇੱਕ ਪਲਾਟ ਸੁਖਜੀਤ ਦੇ ਨਾਂ ਕੀਤਾ। ਇਸ ਦੇ ਦਸਤਾਵੇਜ਼ ਦੋਸਤ ਨੂੰ ਸੌਂਪ ਦਿੱਤੇ ਗਏ ਹਨ। ਦੋਸਤ ਕੋਲੋਂ ਪਲਾਟ ਦੇ ਬਦਲੇ ਕੋਈ ਪੈਸਾ ਵੀ ਨਹੀਂ ਲਿਆ ਹੈ। ਉਨ੍ਹਾਂ ਦੱਸਿਆ ਕਿ ਉਹ ਦੋਵੇਂ ਦੋਸਤ ਇੱਕ ਹੀ ਪਿੰਡ ਦੇ ਰਹਿਣ ਵਾਲੇ ਹਨ। ਸਾਡਾ ਦੋਹਾਂ ਦਾ ਜਨਮ ਵੀ ਇਥੇ ਹੀ ਹੋਇਆ, ਇਕੱਠੇ ਖੇਡੇ ਅਤੇ ਵੱਡੇ ਹੋਏ ਹਾਂ। ਜਿਸ ਦੇ ਚਲਦਿਆਂ ਮੈਂ ਆਪਣਾ ਇੱਕ ਪਲਾਟ ਦੋਸਤ ਦੇ ਨਾਂ ਕੀਤਾ।

ਹਰਜਿੰਦਰ ਨੇ ਕਿਹਾ ਕਿ ਦੋਵੇਂ ਪਲਾਟ 1-1 ਏਕੜ ਦੇ ਹਨ। ਦਸਤਾਵੇਜ਼ ਦੋਸਤ ਦੇ ਨਾਂ ਕਰਵਾਉਣ ਵਿੱਚ ਜੋ ਕਮੀਆਂ ਰਹਿ ਗਈਆਂ ਹਨ, ਉਨ੍ਹਾਂ ਨੂੰ ਆਨਲਾਈਨ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ। ਮੇਰੀ ਇੱਛਾ ਸੀ ਕਿ ਮੈਂ ਪਤਨੀ ਨੂੰ ਦੂਜਿਆਂ ਨਾਲੋਂ ਵੱਖਰਾ ਤੋਹਫ਼ਾ ਦੇਵਾ, ਜਿਸ ਦੇ ਚਲਦਿਆਂ ਮੈਂ ਫ਼ੈਸਲਾ ਕੀਤਾ ਕਿ ਆਪਣੀ ਪਤਨੀ ਨੂੰ ਚੰਨ ’ਤੇ ਜਗ੍ਹਾ ਲੈ ਕੇ ਦੇਵਾਂਗਾ। ਇਸੇ ਕਰਕੇ ਉਸ ਨੇ ਚੰਨ ’ਤੇ ਜਗ੍ਹਾ ਖ਼ਰੀਦ ਕੇ ਪਤਨੀ ਨੂੰ ਤੋਹਫ਼ਾ ਦਿੱਤਾ। ਉਥੇ ਹੀ ਸੁਖਜੀਤ ਨੇ ਦੋਸਤ ਹਰਜਿੰਦਰ ਸਿੰਘ ਵੱਲੋਂ ਤੋਹਫ਼ੇ ਵਿੱਚ ਲੈ ਕੇ ਦਿੱਤੇ ਗਏ ਚੰਨ ’ਤੇ ਪਲਾਟ ਨੂੰ ਲੈ ਕੇ ਹਰਜਿੰਦਰ ਅਤੇ ਉਸ ਦੇ ਪਰਿਵਾਰ ਦਾ ਦਿਲੋਂ ਧੰਨਵਾਦ ਕੀਤਾ।

ਦਰਪਣ ਝੂਠ ਨਹੀਂ ਬੋਲਦਾ

# ਕੇਂਦਰ ਵੱਲੋਂ ਪੰਜ ਫ਼ਸਲਾਂ ’ਤੇ ਐਮ.ਐਸ.ਪੀ. ਦੇਣ ਦੀ ਪੇਸ਼ਕਸ਼

## ਸਰਕਾਰ ਲਈ ਸੌਖਾ ਨਹੀਂ ਹੈ, ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨਣਾ

ਕੇਂਦਰ ਸਰਕਾਰ ਦੀ ਤਿੰਨ ਮੈਂਬਰੀ ਟੀਮ ਅਤੇ ਕਿਸਾਨ ਜਥੇਬੰਦੀਆਂ ਵਿਚਾਲੇ ਚੌਥੇ ਗੇੜ ਦੀ ਹੋਈ ਬੈਠਕ ਵਿੱਚ ਕੇਂਦਰੀ ਵਜ਼ੀਰਾਂ ਨੇ ਬੀਤੇ ਦਿਨੀਂ ਕਿਸਾਨ ਆਗੂਆਂ ਨੂੰ ਪਹਿਲੀ ਵਾਰ ਪੇਸ਼ਕਸ਼ ਕੀਤੀ ਕਿ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਗੇੜ ਵਿਚੋਂ ਕੱਢਣ ਵਾਸਤੇ ਦਾਲਾਂ ਸਣੇ ਪੰਜ ਫਸਲਾਂ ’ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਗਾਰੰਟੀ ਦੇਵੇਗੀ। ਇਸ ਨਾਲ ਜਿੱਥੇ ਜ਼ਮੀਨੀ ਪਾਣੀ ਦੀ ਬੱਚਤ ਹੋਵੇਗੀ, ਉੱਥੇ ਹੀ ਪਰਾਲੀ ਤੋਂ ਪੈਦਾ ਹੋਣ ਵਾਲੇ ਹਵਾ ਪ੍ਰਦੂਸ਼ਣ ਨੂੰ ਵੀ ਠੱਲ੍ਹ ਪਵੇਗੀ। ਕਿਸਾਨਾਂ ਨੇ ਇਸ ਪੇਸ਼ਕਸ਼ ’ਤੇ ਲੰਬਾ ਸਮਾਂ ਚਰਚਾ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਪੇਸ਼ਕਸ਼ ਬਾਰੇ ਉਹ ਵਿਚਾਰ-ਚਰਚਾ ਕਰ ਕੇ ਕੋਈ ਫੈਸਲਾ ਲੈਣਗੇ। ਕਿਸਾਨਾਂ ਨੇ ਕਿਹਾ ਕਿ ਕੇਂਦਰ ਆਪਣੀ ਪੇਸ਼ਕਸ਼ ਬਾਰੇ ਲਿਖਤੀ ਭਰੋਸਾ ਦੇਵੇ ਜਦਕਿ ਕੇਂਦਰੀ ਮੰਤਰੀਆਂ ਨੇ ਕਿਸਾਨਾਂ ਅੱਗੇ ਪਹਿਲਾਂ ਆਪਣਾ ਅੰਦੋਲਨ ਖ਼ਤਮ ਕਰਨ ਦੀ ਸ਼ਰਤ ਰੱਖੀ।

ਕੇਂਦਰੀ ਮੰਤਰੀਆਂ ਪਿਊਸ਼ ਗੋਇਲ, ਮੰਤਰੀ ਅਰਜੁਨ ਮੁੰਡਾ ਅਤੇ ਨਿੱਤਿਆ ਨੰਦ ਰਾਏ ਚੌਥੀ ਮੀਟਿੰਗ ਲਈ ਚੰਡੀਗੜ੍ਹ ਪੁੱਜੇ ਅਤੇ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸ਼ਮੂਲੀਅਤ ਕੀਤੀ। ‘ਦਿੱਲੀ ਕੂਚ’ ਪ੍ਰੋਗਰਾਮ ਤਹਿਤ ਕਿਸਾਨ ਸੰਘਰਸ਼ ਦਾ ਛੇਵਾਂ ਦਿਨ ਸੀ। ਸੰਘਰਸ਼ ਸ਼ੁਰੂ ਹੋਣ ਤੋਂ ਪਹਿਲਾਂ ਤਿੰਨ ਮੀਟਿੰਗਾਂ ਹੋ ਚੁੱਕੀਆਂ ਹਨ। ਸੂਤਰਾਂ ਅਨੁਸਾਰ ਕੇਂਦਰੀ ਵਜ਼ੀਰਾਂ ਨੇ ਨਵੇਂ ਫਾਰਮੂਲੇ ਬਾਰੇ ਦੱਸਿਆ ਕਿ ਜੇਕਰ ਕਿਸਾਨ ਫਸਲੀ ਵਿਭਿੰਨਤਾ ਤਹਿਤ ਮੱਕੀ ਤੋਂ ਇਲਾਵਾ ਦਾਲਾਂ (ਕੁੱਲ ਪੰਜ ਫਸਲਾਂ) ਦੀ ਕਾਸ਼ਤ ਕਰਨਗੇ ਤਾਂ ਉਨ੍ਹਾਂ ਦਾ ਸਿੱਧਾ ਕੇਂਦਰੀ ਏਜੰਸੀ ਨੈਸ਼ਨਲ ਐਗਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਆਫ ਇੰਡੀਆ (ਨੈਫੇਡ) ਅਤੇ ਨੈਸ਼ਨਲ ਕੋਆਪਰੇਟਿਵ ਕੰਜ਼ਿਊਮਰਜ਼ ਫੈਡਰੇਸ਼ਨ ਆਫ ਇੰਡੀਆ (ਐੱਨਸੀਸੀਐੱਫ) ਨਾਲ ਪੰਜ ਵਰ੍ਹਿਆਂ



ਲਈ ਐਮ.ਐਸ.ਪੀ. ’ਤੇ ਫਸਲ ਖਰੀਦਣ ਦਾ ਲਿਖਤੀ ਇਕਰਾਰਨਾਮਾ ਕਰਾਇਆ ਜਾਵੇਗਾ। ਕਿਸਾਨ ਆਗੂਆਂ ਨੇ ਆਪਣੇ ਮੰਗ ਪੱਤਰ ਵਿੱਚ ਮੰਗ ਕੀਤੀ ਹੈ ਕਿ ਫ਼ਸਲਾਂ ਦੀ ਖਰੀਦ ਲਈ ਐਮ.ਐਸ.ਪੀ. ਦੀ ਗਾਰੰਟੀ ਕਾਨੂੰਨ, ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਫਸਲਾਂ ਦੇ ਭਾਅ ਤੈਅ ਕਰਨੇ, ਕਿਸਾਨਾਂ ਤੇ ਮਜ਼ਦੂਰਾਂ ਦੀ ਸੰਪੂਰਨ ਕਰਜ਼ਾ ਮੁਕਤੀ, ਕਿਸਾਨਾਂ ਤੇ ਖੇਤ ਮਜ਼ਦੂਰਾਂ ਲਈ ਪੈਨਸ਼ਨ, ਲਖੀਮਪੁਰ ਖੀਰੀ ਹੱਤਿਆ ਕਾਂਡ ਦਾ ਇਨਸਾਫ, ਦਿੱਲੀ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ, ਬਿਜਲੀ ਸੋਧ 2020 ਨੂੰ ਰੱਦ ਕਰਵਾਉਣਾ, ਫਸਲ ਬੀਮਾ ਯੋਜਨਾ ਲਾਗੂ ਕਰਵਾਉਣ, ਭੂਮੀ ਗ੍ਰਹਿਣ ਕਾਨੂੰਨ 2013 ਵਾਲੇ ਸਰੂਪ ਵਿਚ ਲਾਗੂ ਕਰਵਾਉਣਾ, ਮਨਰੇਗਾ ਤਹਿਤ ਪ੍ਰਤੀ ਸਾਲ 200 ਦਿਨ ਦਾ ਰੁਜ਼ਗਾਰ ਅਤੇ ਮਿਹਨਤਾਨਾ 700 ਰੁਪਏ ਕਰਨਾ, ਬੀਜ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਅਤੇ ਨਕਲੀ ਖੇਤੀ ਕੀਟ ਨਾਸਕ ਅਤੇ ਹੋਰ ਉਤਪਾਦ ਬਣਾਉਣ ਵਾਲੀਆਂ ਕੰਪਨੀਆਂ ਨੂੰ ਸਜ਼ਾਵਾਂ ਅਤੇ ਜੁਰਮਾਨੇ ਆਦਿ ਦੇਣ ਦੀ ਵਿਵਸਥਾ ਕਰਨਾ ਸ਼ਾਮਿਲ ਹਨ, ਜਿਨ੍ਹਾਂ ਨੂੰ ਪਿਛਲੀਆਂ ਤਿੰਨ ਮੀਟਿੰਗਾਂ ਵਿਚ ਵੀ ਉਠਾਇਆ ਜਾਂਦਾ ਰਿਹਾ ਹੈ। ਤੀਜੇ ਗੇੜ ਦੀ ਮੀਟਿੰਗ ਵਿਚ ਕਿਸਾਨਾਂ ਵਲੋਂ ਪਰਾਲੀ ਨਾਲ ਹੋਣ ਵਾਲੇ ਪ੍ਰਦੂਸ਼ਣ ’ਤੇ ਗੱਲਬਾਤ ਦੇ ਨਾਲ-ਨਾਲ ਕਿਸਾਨਾਂ ਦੀ ਜ਼ਮੀਨ ’ਤੇ ਰੈੱਡ ਐਂਟਰੀ ਨਾ ਪਾਈ ਜਾਵੇ ’ਤੇ ਵੀ ਚਰਚਾ ਹੋਈ ਸੀ।

ਕੇਂਦਰ ਸਰਕਾਰ ਨੇ ਆਗਾਮੀ ਚੋਣਾਂ ਅਤੇ ਕਿਸਾਨੀ ਘੋਲ ਦੇ ਪਸਾਰ ਦੇ ਡਰੋਂ ਹੁਣ ਆਪਣੇ ਕਦਮ ਅੱਗੇ ਵਧਾਏ ਹਨ। ਚੇਤੇ ਰਹੇ ਕਿ ਲੰਘੇ ਸੀਜ਼ਨਾਂ ਵਿੱਚ ਪੰਜਾਬ ਵਿੱਚ ਨਰਮੇ ਕਪਾਹ ਦੀ ਫਸਲ ਤੋਂ ਇਲਾਵਾ ਮੱਕੀ ਦੀ ਫਸਲ ਵੀ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਵਿਕੀ ਹੈ। ਮੀਟਿੰਗ ਵਿੱਚ ਜਦੋਂ ਵਜ਼ੀਰਾਂ ਨੇ ਹੋਰਨਾਂ ਫਸਲਾਂ ’ਤੇ ਐਮ.ਐਸ.ਪੀ. ਦੀ ਗਾਰੰਟੀ ਦੇਣ ਦੀ ਤਜਵੀਜ਼ ਪੇਸ਼ ਕੀਤੀ ਤਾਂ ਕਿਸਾਨ ਆਗੂਆਂ ਨੇ ਇਸ ਬਾਰੇ ਹਾਲੇ ਸੰਘਰਸ਼ੀ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਗੱਲ ਆਖ ਦਿੱਤੀ। ਲੰਬਾ ਸਮਾਂ ਮੀਟਿੰਗ ਰੁਕੀ ਰਹੀ ਅਤੇ ਕੇਂਦਰੀ ਵਜ਼ੀਰਾਂ ਨੇ ਵੀ ਦਿੱਲੀ ਵਿੱਚ ਕੁੱਝ ਆਗੂਆਂ ਨਾਲ ਫੋਨ ’ਤੇ ਗੱਲ ਕੀਤੀ। ਕੇਂਦਰੀ ਟੀਮ ਦੇ ਨਾਲ ਕੇਂਦਰੀ ਖੇਤੀ ਮੰਤਰਾਲੇ ਦੇ ਸਕੱਤਰ ਵੀ ਆਏ ਹੋਏ ਸਨ ਤਾਂ ਜੋ ਕਿਸਾਨਾਂ ਨੂੰ ਫੌਰੀ ਲਿਖਤੀ ਸਮਝੌਤਾ ਦਿੱਤਾ ਜਾ ਸਕੇ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਟੀਮ ’ਤੇ ਦਬਾਓ ਬਣਾਇਆ ਕਿ ਇਸ ਬੈਠਕ ਵਿੱਚ ਬਾਕੀ ਫਸਲਾਂ ’ਤੇ ਐਮ.ਐਸ.ਪੀ. ਦੀ ਗਾਰੰਟੀ (ਬਾਕੀ ਸਫ਼ਾ 31 ’ਤੇ)

# ਰੂਸ ਨੇ ਬਣਾਇਆ ਪੁਲਾੜ ਤੋਂ ਧਰਤੀ ’ਤੇ ਤਬਾਹੀ ਮਚਾਉਣ ਵਾਲਾ ਹਥਿਆਰ..?

ਰੂਸ ਇੱਕ ਐਂਟੀ-ਸੈਟੇਲਾਈਟ ਹਥਿਆਰ ਵਿਕਸਤ ਕਰਨ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ, ਵ੍ਹਾਈਟ ਹਾਊਸ ਨੇ ਬੀਤੇ ਦਿਨੀਂ ਜਨਤਕ ਤੌਰ ’ਤੇ ਰਿਪੋਰਟ ਦੀ ਪੁਸ਼ਟੀ ਕੀਤੀ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਰੂਸ ਨੇ ਇੱਕ ਖਤਰਨਾਕ ਐਂਟੀ-ਸੈਟੇਲਾਈਟ ਹਥਿਆਰ ਬਣਾਇਆ ਹੈ, ਪਰ ਫਿਲਹਾਲ ਇਹ ਕਿਹਾ ਗਿਆ ਹੈ ਕਿ ਇਹ ਧਰਤੀ ’ਤੇ ਸਿੱਧੇ ਤੌਰ ’ਤੇ ਤਬਾਹੀ ਪੈਦਾ ਨਹੀਂ ਕਰੇਗਾ।ਵ੍ਹਾਈਟ ਹਾਊਸ ਦੇ ਰਾਸ਼ਟਰੀ ਸੁਰੱਖਿਆ ਬੁਲਾਰੇ ਜੌਨ ਕਿਰਬੀ ਨੇ ਕਿਹਾ ਕਿ ਅਮਰੀਕੀ ਖੁਫੀਆ ਅਧਿਕਾਰੀਆਂ ਕੋਲ ਜਾਣਕਾਰੀ ਹੈ ਕਿ ਰੂਸ ਨੇ ਅਜਿਹੀ ਸਮਰੱਥਾ ਹਾਸਲ ਕਰ ਲਈ ਹੈ, ਪਰ ਫਿਲਹਾਲ ਅਜਿਹਾ ਕੋਈ ਹਥਿਆਰ ਸਟਾਰਟ ਨਹੀਂ ਹੈ। ਅਮਰੀਕੀ ਅਧਿਕਾਰੀ ਉਭਰਦੀ ਤਕਨਾਲੋਜੀ ਬਾਰੇ ਉਨ੍ਹਾਂ ਕੋਲ ਮੌਜੂਦ ਜਾਣਕਾਰੀ ਦਾ ਵਿਸ਼ਲੇਸ਼ਣ ਕਰ ਰਹੇ ਹਨ ਅਤੇ ਇਸ ਮਾਮਲੇ ’ਤੇ ਸਹਿਯੋਗੀਆਂ ਅਤੇ ਭਾਈਵਾਲਾਂ ਨਾਲ ਸਲਾਹ ਮਸ਼ਵਰਾ ਕੀਤਾ ਹੈ। ਜੌਨ ਕਿਰਬੀ ਨੇ ਕਿਹਾ, ਸਭ ਤੋਂ ਪਹਿਲਾਂ ਇਹ ਇੱਕ ਸਰਗਰਮ ਸਮਰੱਥਾ ਨਹੀਂ ਹੈ ਜਿਸ ਨੂੰ ਤੈਨਾਤ ਕੀਤਾ ਗਿਆ ਹੈ ਅਤੇ ਹਾਲਾਂਕਿ ਰੂਸ ਦੀ ਇਸ ਵਿਸ਼ੇਸ਼ ਸਮਰੱਥਾ ਦੀ ਖੋਜ ਪਰੇਸ਼ਾਨ ਕਰਨ ਵਾਲੀ ਹੈ, ਪਰ ਕਿਸੇ ਦੀ ਸੁਰੱਖਿਆ ਲਈ ਤੁਰੰਤ ਕੋਈ



ਖ਼ਤਰਾ ਨਹੀਂ ਹੈ।ਉਸਨੇ ਕਿਹਾ, ਅਸੀਂ ਅਜਿਹੇ ਹਥਿਆਰ ਬਾਰੇ ਗੱਲ ਨਹੀਂ ਕਰ ਰਹੇ ਹਾਂ ਜਿਸਦੀ ਵਰਤੋਂ ਮਨੁੱਖਾਂ ’ਤੇ ਹਮਲਾ ਕਰਨ ਜਾਂ ਧਰਤੀ ’ਤੇ ਭੌਤਿਕ ਵਿਨਾਸ਼ ਕਰਨ ਲਈ ਕੀਤੀ ਜਾ ਸਕਦੀ ਹੈ।ਇਸ ਦੇ ਨਾਲ ਹੀ ਰਿਪਬਲਿਕਨ ਪਾਰਟੀ ਨੇ ਬਿਡੇਨ ਪ੍ਰਸ਼ਾਸਨ ਨੂੰ ਸੂਚਨਾ ਜਨਤਕ ਕਰਨ ਦੀ ਅਪੀਲ ਕੀਤੀ ਹੈ। ਵ੍ਹਾਈਟ ਹਾਊਸ ਨੇ ਇਸ ਰਿਪੋਰਟ ਦੀ ਪੁਸ਼ਟੀ ਅਜਿਹੇ ਸਮੇਂ ਕੀਤੀ ਹੈ ਜਦੋਂ ਅਮਰੀਕੀ ਸੰਸਦ ਦੀ ਇੰਟੈਲੀਜੈਂਸ ਕਮੇਟੀ ਦੇ ਰਿਪਬਲਿਕਨ ਪਾਰਟੀ ਦੇ ਮੁਖੀ ਮਾਈਕ ਟਰਨਰ ਵੱਲੋਂ ਅਸਪਸ਼ਟ ਚੇਤਾਵਨੀ ਦਿੱਤੀ ਗਈ ਸੀ, ਜਿਸ ਵਿੱਚ ਖੁਫੀਆ ਜਾਣਕਾਰੀ ਦੀ ਪੁਸ਼ਟੀ ਕਰਨ ਦੀ ਅਪੀਲ ਕੀਤੀ ਗਈ ਸੀ।

ਰਿਪਬਲਿਕਨ ਸੰਸਦ ਮੈਂਬਰ ਨੇ ਬਿਡੇਨ ਪ੍ਰਸ਼ਾਸਨ ਨੂੰ ਉਸ ਜਾਣਕਾਰੀ ਨੂੰ ਜਨਤਕ ਕਰਨ ਦੀ ਅਪੀਲ ਕੀਤੀ, ਜਿਸ ਬਾਰੇ ਉਸਨੇ ਕਿਹਾ ਕਿ ਰਾਸ਼ਟਰੀ ਸੁਰੱਖਿਆ ਨੂੰ ਗੰਭੀਰ ਖਤਰਾ ਹੈ। ਕਿਰਬੀ ਨੇ ਕਿਹਾ ਕਿ ਜਦੋਂ ਟਰਨਰ ਨੇ ਅਫਸੋਸਨਾਕ ਆਪਣਾ ਬਿਆਨ ਜਾਰੀ ਕੀਤਾ, ਰੂਸੀ ਸਮਰੱਥਾ ਦੇ ਪਹਿਲੂਆਂ ਦੀ ਸਮੀਖਿਆ ਅਤੇ ਜਨਤਕ ਕਰਨ ਲਈ ਇੱਕ ਪ੍ਰਕਿਰਿਆ ਚੱਲ ਰਹੀ ਹੈ।ਇਸ ਦੇ ਨਾਲ ਹੀ ਰੂਸ ਨੇ ਅਮਰੀਕਾ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ ਅਤੇ ਮਾਸਕੋ ਵਿੱਚ ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਹੈ ਕਿ ਅਮਰੀਕਾ ਅਜਿਹੇ ਦਾਅਵੇ ਇਸ ਲਈ ਕਰ ਰਿਹਾ ਹੈ ਤਾਂ ਜੋ ਉਹ ਯੂਕਰੇਨ ਨੂੰ ਨਵੇਂ ਹਥਿਆਰਾਂ ਦੀ ਸਪਲਾਈ ਕਰਨ ਦੇ ਬਹਾਨੇ ਵਜੋਂ ਇਸਦੀ ਵਰਤੋਂ ਕਰ ਸਕੇ। ਉਨ੍ਹਾਂ ਨੇ ਇਸ ਨੂੰ ਅਮਰੀਕੀ ਚਾਲ ਕਰਾਰ ਦਿੱਤਾ ਹੈ।

# ਅਮਰੀਕਾ ’ਚ ਭਾਰਤੀਆਂ ’ਤੇ ਨਸਲੀ ਹਮਲੇ ਵਧੇ

## 2024 ਦੇ ਸ਼ੁਰੂ ਤੋਂ ਹੁਣ ਤੱਕ ਅੱਧੀ ਦਰਜਨ ਭਾਰਤੀ ਵਿਦਿਆਰਥੀਆਂ ਦੀਆਂ ਮੌਤਾਂ ਚਿੰਤਾ ਦਾ ਵਿਸ਼ਾ

ਵ੍ਹਾਈਟ ਹਾਊਸ ਨੇ ਪਿਛਲੇ ਹਫ਼ਤੇ ਭਰੋਸਾ ਦਿਵਾਇਆ ਸੀ ਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦਾ ਪ੍ਰਸ਼ਾਸਨ ਭਾਰਤੀਆਂ ਉਤੇ ਹਮਲਿਆਂ ਨੂੰ ਰੋਕਣ ਲਈ ‘ਬਹੁਤ ਸਖ਼ਤੀ’ ਨਾਲ ਕੰਮ ਕਰ ਰਿਹਾ ਹੈ। ਰਾਸ਼ਟਰਪਤੀ ਬਾਇਡਨ ਦਾ ਇਹ ਬਿਆਨ ਅਮਰੀਕਾ ਵਿਚ ਤੇਜ਼ੀ ਨਾਲ ਵਧ ਰਹੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਦੀਆਂ ਗੈਰ-ਕੁਦਰਤੀ ਮੌਤਾਂ ਹੋਣ ਤੋਂ ਬਾਅਦ ਆਇਆ ਹੈ। ਵ੍ਹਾਈਟ ਹਾਊਸ ਦੇ ਤਰਜਮਾਨ ਨੇ ਕਿਹਾ ਕਿ ਨਸਲ ਜਾਂ ਲਿੰਗ ਜਾਂ ਧਰਮ ਦੇ ਆਧਾਰ ਉਤੇ ਤਾਂ ਹਿੰਸਾ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

ਪਿਛਲੇ ਕੁਝ ਸਾਲਾਂ ਦੌਰਾਨ ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦੇ ਦਾਖ਼ਲਿਆਂ ਦੀ ਦਰ ਅਕਾਦਮਿਕ ਵਰ੍ਹੇ 2022-23 ਵਿੱਚ 35 ਪ੍ਰਤੀਸ਼ਤ ਵਧੀ ਹੈ ਤੇ ਅਗਲੇ ਸਾਲ ਤੱਕ ਇਹ ਗਿਣਤੀ ਇਸ ਮਾਮਲੇ ਵਿੱਚ ਚੀਨੀਆਂ ਨੂੰ ਪਿੱਛੇ ਛੱਡ ਦੇਵੇਗੀ। ਪ੍ਰਤੀਸ਼ਤ ਦੇ ਪੱਖ ਤੋਂ ਦੇਖਿਆ ਜਾਵੇ ਤਾਂ 2024 ਦੇ ਸ਼ੁਰੂ




ਤੋਂ ਹੁਣ ਤੱਕ ਭਾਰਤੀ ਮੂਲ ਦੇ ਅੱਧੀ ਦਰਜਨ ਵਿਦਿਆਰਥੀਆਂ ਦੀਆਂ ਮੌਤਾਂ ਡਾਢੀ ਚਿੰਤਾ ਦਾ ਵਿਸ਼ਾ ਹਨ। ਸਪੱਸ਼ਟ ਤੌਰ ’ਤੇ ਨਸਲਵਾਦ ਜਾਂ ਮਿੱਥ ਕੇ ਨਿਸ਼ਾਨਾ ਬਣਾਉਣ ਦੀ ਸ਼ਨਾਖਤ ਸਿਰਫ਼ ਇਕ ਮਾਮਲੇ ਵਿਚ ਹੀ ਹੋਈ ਹੈ ਜਿੱਥੇ ਪੀੜਤ ਦੀ ਜਾਨ ਬਚ ਗਈ। ਅਜਿਹਾ ਸਮਾਜ ਜਿੱਥੇ ਬੰਦੂਕ ਸੱਭਿਆਚਾਰ ਐਨਾ ਭਾਰੂ ਹੋਵੇ ਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਤਾਂ ਗੈਂਗਸਟਰ ਬਣਨ ਨੂੰ ‘ਪੇਸ਼ਾ’ ਹੀ ਸਮਝਿਆ ਜਾਂਦਾ ਹੋਵੇ, ਉੱਥੇ ਹਾਲ ਹੀ ਵਿਚ ਪਹੁੰਚੇ ਭਾਰਤੀ ਵਿਦਿਆਰਥੀਆਂ ਨੂੰ ਵੀ ਸਾਵਧਾਨ ਰਹਿਣਾ ਪਵੇਗਾ। ਭਾਰਤੀਆਂ ’ਤੇ ਹਮਲਿਆਂ ਦਾ ਕਾਰਨ ਗੋਰੇ ਕੱਟੜਪੰਥੀ ਅਮਰੀਕੀਆਂ ਦਾ ਮੰਨਣਾ ਹੈ ਕਿ ਭਾਰਤੀ ਉਨ੍ਹਾਂ ਦੇ ਆਰਥਿਕ ਮੌਕਿਆਂ ਨੂੰ ਤਬਾਹ ਕਰ ਰਹੇ ਹਨ।

ਪਿਛਲੇ ਸਾਲ ਸਿੱਖਾਂ ਖਿਲਾਫ਼ ਵਾਪਰੀਆਂ ਨਫਰਤੀ ਅਪਰਾਧ ਦੀਆਂ ਕਈ ਘਟਨਾਵਾਂ ਤੋਂ ਬਾਅਦ ਨਿਊ ਯਾਰਕ ਸ਼ਹਿਰ ਦੇ ਮੇਅਰ ਨੂੰ ਸਿੱਖ ਭਾਈਚਾਰੇ ਨੂੰ ਭਰੋਸਾ ਦਿਵਾਉਣਾ ਪਿਆ ਕਿ ‘ਦਸਤਾਰ ਦਾ ਮਤਲਬ ਅਤਿਵਾਦ ਨਹੀਂ ਹੈ।’ ਸਾਲ 2022 ਲਈ ਐੱਫਬੀਆਈ ਦੇ ਅੰਕੜੇ ਜ਼ਾਹਿਰ ਕਰਦੇ ਹਨ ਕਿ 2001 ਤੋਂ ਬਾਅਦ ਨਫਰਤੀ ਅਪਰਾਧ ਆਪਣੇ ਸਭ ਤੋਂ ਉੱਚੇ ਪੱਧਰ ਉਤੇ ਹਨ। ਇਸ ਵਕਤ ਅਮਰੀਕਾ ਵਿੱਚ ਤਕਰੀਬਨ 44 ਲੱਖ ਭਾਰਤੀ-ਅਮਰੀਕੀ ਵੱਸਦੇ ਹਨ ਜੋ ਅਮਰੀਕਾ ਦੀ ਕੁੱਲ ਵਸੋਂ ਦਾ 1.34 ਫ਼ੀਸਦ ਹਿੱਸਾ ਬਣਦੇ ਹਨ। ਇਨ੍ਹਾਂ ਭਾਰਤੀ-ਅਮਰੀਕੀਆਂ ਦਾ ਅਮਰੀਕਾ ਦੇ ਅਰਥਚਾਰੇ ਤੋਂ ਇਲਾਵਾ ਹੋਰ ਖੇਤਰਾਂ ਵਿਚ ਵੀ ਵੱਡਾ ਯੋਗਦਾਨ ਹੈ। ਅਮਰੀਕੀ ਪ੍ਰਸ਼ਾਸਨ ਨੂੰ ਚਾਹੀਦਾ ਹੈ ਕੀ ਉਹ ਇਨ੍ਹਾਂ ਭਾਰਤੀ-ਅਮਰੀਕੀਆਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਤਰਜੀਹੀ ਆਧਾਰ ’ਤੇ ਨਜਿਠੇ।

# ਗੁਜਰਾਤ ਵਿੱਚ ਦਲਿਤ ਲਾੜੇ ’ਤੇ ਹਮਲਾ

## ਭਗਵੇਂ ਗੁੰਡਿਆਂ ਵੱਲੋਂ ਕਤਲ ਕਰਨ ਦੀਆਂ ਧਮਕੀਆਂ ਅਤੇ ਘੋੜੇ ਤੋਂ ਡੇਗਿਆ

ਕਥਿਤ ਉੱਚ ਜਾਤੀ ਦੇ ਲੋਕਾਂ ਦੇ ਇੱਕ ਟੋਲੇ ਨੇ ਇੱਕ ਦਲਿਤ ਦੇ ਵਿਆਹ ਵਿੱਚ ਹਮਲਾ ਕਰ ਦਿਤਾ ਅਤੇ ਉਸਨੂੰ ਘੋੜੇ ਤੋਂ ਉਤਰਨ ਲਈ ਮਜ਼ਬੂਰ ਕੀਤਾ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਦਲਿਤਾਂ ਨੂੰ ਘੋੜਿਆਂ ’ਤੇ ਸਵਾਰ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ। ਫਿਲਹਾਲ ਪੁਲਿਸ ਨੇ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ



ਸੋਸ਼ਲ ਮੀਡੀਆ ’ਤੇ ਇੱਕ ਵੀਡੀਓ ਸਾਹਮਣੇ ਆਈ ਹੈ ਜਿਸ ਵਿੱਚ ਪਰਿਵਾਰ ਦੇ ਮੈਂਬਰ ਘੋੜੇ ’ਤੇ ਸਵਾਰ ਵਿਕਾਸ ਚਾਵੜਾ ਨਾਮ ਦੇ ਲਾੜੇ ਦੇ ਕੋਲ ਖੁਸ਼ੀ ਨਾਲ ਨੱਚ ਰਹੇ ਸਨ।ਉਸੇ ਸਮੇਂ ਹੀ ਪੱਛੜੇ ਵਰਗ ਨਾਲ ਸੰਬੰਧਿਤ ਚਾਰ ਆਦਮੀਆਂ ਸ਼ੈਲੇਸ਼ ਠਾਕੋਰ, ਜਯੇਸ਼ ਠਾਕੋਰ, ਸਮੀਰ ਠਾਕੋਰ ਅਤੇ ਅਸ਼ਵਿਨ ਠਾਕੋਰ ਨੇ ਲਾੜੇ ਨੂੰ ਥੱਪੜ ਮਾਰ ਦਿੱਤਾ, ਜਿਸ ਨਾਲ ਉਹ ਘੋੜੇ ਤੋਂ ਡਿੱਗ ਪਿਆ। ਇਹ ਘਟਨਾ ਗੁਜਰਾਤ ਦੇ ਗਾਂਧੀਨਗਰ ਜ਼ਿਲੇ ਦੇ ਚਡਸਨਾ ਪਿੰਡ ਦੀ ਹੈ ਜਿੱਥੇ ਲਾੜੇ ਨੂੰ ਉਸ ਦੀ ਦਲਿਤ ਪਛਾਣ ਕਾਰਨ ਘੋੜੇ ਤੋਂ ਧੱਕਾ ਦੇ ਕੇ ਸੁੱਟ ਦਿੱਤਾ ਗਿਆ। ਉਸ ਨੂੰ ਕਥਿਤ ਤੌਰ ’ਤੇ ਧਮਕੀਆਂ ਵੀ ਦਿੱਤੀਆਂ ਗਈਆਂ ਅਤੇ ਜਾਤੀ ਸੂਚਕ ਗਾਲ੍ਹਾਂ ਵੀ ਦਿੱਤੀਆਂ ਗਈਆਂ। ਉਨ੍ਹਾਂ ਇਹ ਵੀ ਕਿਹਾ ਕਿ ਘੋੜ ਸਵਾਰੀ ਸਿਰਫ ਉਚ ਜਾਤੀਆਂ ਲਈ ਰਾਖਵੀਂ ਹੈ। ਇਸ ਹਿੰਸਾ ਦੇ ਨਤੀਜੇ ਵਜੋਂ, ਲਾੜੇ ਨੂੰ ਆਪਣੇ ਵਿਆਹ ਲਈ ਲਾੜੀ ਦੇ ਘਰ ਪਹੁੰਚਣ ਲਈ ਘੋੜ-ਸਵਾਰੀ ਛੱਡ ਕੇ ਕਾਰ ਦੀ ਵਰਤੋਂ ਕਰਨ ਲਈ ਮਜਬੂਰ ਕੀਤਾ ਗਿਆ। ਅਧਿਕਾਰੀਆਂ ਨੇ ਚਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਦਲਿਤ ਭਾਈਚਾਰਾ ਭਾਰਤ ਦੀ ਆਬਾਦੀ ਦਾ ਲਗਭਗ 17% ਬਣਦਾ ਹੈ, ਫਿਰ ਵੀ ਭਾਰਤ ਨੇ ਐਨਸੀਆਰਬੀ ਦੇ 2020 ਦੇ ਅੰਕੜਿਆਂ ਅਨੁਸਾਰ, ਹਰ 10 ਮਿੰਟਾਂ ਬਾਅਦ ਦਲਿਤਾਂ ਵਿਰੁੱਧ ਅਪਰਾਧ ਹੁੰਦਾ ਹੈ। ਇਹ ਅੰਕੜਾ ਦਲਿਤ ਭਾਈਚਾਰੇ ਨੂੰ ਦਰਪੇਸ਼ ਜਾਤੀਵਾਦ ਦੀਆਂ ਲਗਾਤਾਰ ਚੁਣੌਤੀਆਂ ਨੂੰ ਦਰਸਾਉਂਦਾ ਹੈ ਭਾਰਤ ਦੇ ਕੁਝ ਹਿੱਸਿਆਂ ਵਿੱਚ ਘੋੜਿਆਂ ਦੀ ਸਵਾਰੀ ਲਈ ਦਲਿਤਾਂ ’ਤੇ ਨਿਯਮਿਤ ਤੌਰ ’ਤੇ ਹਮਲੇ ਕੀਤੇ ਜਾਂਦੇ ਹਨ। 2024 ਵਿੱਚ, ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਵਿੱਚ ਇੱਕ ਦਲਿਤ ਲਾੜੇ ਨੂੰ ਪੁਲਿਸ ਸੁਰੱਖਿਆ ਹੇਠ ਆਪਣੇ ਵਿਆਹ ਦੇ ਜਸ਼ਨ ਲਈ ਘੋੜੇ ਦੀ ਸਵਾਰੀ ਕਰਨੀ ਪਈ। ਵਿਆਹ ਤੋਂ ਇੱਕ ਦਿਨ ਪਹਿਲਾਂ, ਲਾੜੇ ਦਾ ਰਿਸ਼ਤੇਦਾਰ ਸਥਾਨਕ ਪੁਲਿਸ ਸਟੇਸ਼ਨ ਗਿਆ ਅਤੇ ਆਪਣੇ ਲਈ ਪੁਲਿਸ ਸੁਰੱਖਿਆ ਦੀ ਮੰਗ ਕੀਤੀ ਜਿੱਥੇ ਉਸਦੇ ਭਤੀਜੇ ਨੇ ਵਿਆਹ ਵਿੱਚ ਘੋੜੇ ਦੀ ਸਵਾਰੀ ਕਰਨੀ ਸੀ।ਹਾਲਾਂਕਿ ਸੰਵਿਧਾਨ ਦੀ ਧਾਰਾ 17 ਵਿੱਚ ਛੂਤਛਾਤ ਨੂੰ ਅਪਰਾਧ ਮੰਨਿਆ ਗਿਆ। ਨਾਲ ਹੀ ਨਾਲ ਅਨੁਸੂਚਿਤ ਜਾਤੀ-ਜਨਜਾਤੀ ਅੱਤਿਆਚਾਰ ਨਿਵਾਰਨ ਐਕਟ 1989 ਵੀ ਬਣਿਆ, ਪਰ ਸਵਾਲ ਉੱਥੇ ਹੀ ਜਿਉਂ ਤਾਂ ਤਿਉਂ ਕੀ ਜਾਤੀ ਭੇਦਭਾਵ ਖਤਮ ਹੋਇਆ ਨਹੀਂ ਨਾ, ਤਾਂ ਕਿਉਂ ਨਾ ਸਮੇਂ ਦੀ ਨਜ਼ਾਕਤ ਨੂੰ ਵੇਖਦੇ ਹੋਏ ਕੋਈ ਠੋਸ ਪਹਿਲ ਕੀਤੀ ਜਾਵੇ। ਜਿਸ ਨਾਲ ਸਦੀਆਂ ਦੀ ਸਮੱਸਿਆ ਇੱਕੀਵੀਂ ਸਦੀ ਦਾ ਭਾਰਤ ਬਰਾਬਰੀ ਦੇ ਸਮਾਜ ਵਲ ਵਧ ਸਕੇ।

## ਮਾਮਲਾ ਜੇਲ੍ਹ ’ਚੋਂ ਇਲੈਕਟ੍ਰਾਨਿਕ ਉਪਕਰਣ ਬਰਾਮਦ ਹੋਣ ਦਾ

# ਪ੍ਰਸ਼ਾਸਨ ਅੰਮ੍ਰਿਤ ਪਾਲ ਸਿੰਘ ਅਤੇ ਸਮਰਥਕਾਂ ’ਤੇ ਝੂਠੇ ਦੋਸ਼ ਲਗਾਕੇ ਕਰ ਰਿਹੈ ਅੱਤਿਆਚਾਰ

## ਅੰਮ੍ਰਿਤਪਾਲ ਸਿੰਘ ਦੀ ਆਡੀਓ ਹੋਈ ਵਾਇਰਲ

ਚੰਡੀਗੜ੍ਹ/ਏ.ਟੀ.ਨਿਊਜ਼ : ਆਸਾਮ ਦੇ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਇੱਕ ਆਡੀਓ ਵਾਇਰਲ ਹੋਈ ਹੈ ਜਿਸ ਵਿੱਚ ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਪਿਛਲੇ ਇੱਕ ਸਾਲ ਤੋਂ ਸਾਡੇ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਸ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਕਮਰੇ ਅਤੇ ਬਾਥਰੂਮ ਵਿੱਚ ਗੁਪਤ ਕੈਮਰੇ ਲਗਾਏ ਗਏ ਹਨ। ਇਹ ਕੈਮਰੇ ਬਲਬ ਹੋਲਡਰ ਵਿੱਚ ਲਗਾਏ ਗਏ ਹਨ। ਇਸ ਬਾਰੇ ਉਨ੍ਹਾਂ ਵੱਲੋਂ ਇਥੋਂ ਦੇ ਲੋਕਲ ਡੀ.ਐੱਮ. ਨੂੰ ਬੁਲਾ ਕੇ ਇਸ ਘਟਨਾ ਬਾਰੇ ਜਾਣੂ ਕਰਵਾਇਆ ਗਿਆ ਸੀ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਸਾਡੇ ’ਤੇ ਮੋਬਾਈਲ ਮਿਲਣ ਦਾ ਝੂਠਾ ਪਰਚਾ ਪਾਇਆ ਗਿਆ ਹੈ। ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਸਾਨੂੰ ਖਾਣੇ ਵਿੱਚ ਵੀ ਕੁੱਝ ਮਿਲਾ ਕੇ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸੀਂ ਕਦੇ ਵੀ ਮੌਤ ਤੋਂ ਨਹੀਂ ਡਰਦੇ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਪਿਛਲੇ 4 ਦਿਨਾਂ ਤੋਂ ਜੇਲ੍ਹ ਵਿੱਚ 4-5 ਸਿੰਘਾਂ ਨੇ ਅੰਨ-ਜਲ ਛੱਡਿਆ ਹੋਇਆ ਹੈ। ਜੇਕਰ ਕਿਸੇ ਸਿੰਘ ਦਾ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਦੇਹ ਨੂੰ ਪੰਜਾਬ ਲਿਆ ਕੇ ਉਸ ਦਾ ਸਸਕਾਰ ਕੀਤਾ ਜਾਵੇ।

ਅੰਮ੍ਰਿਤਪਾਲ ਨੇ ਦੋਸ਼ ਲਗਾਇਆ ਕਿ ਪਿਛਲੇ ਦਿਨੀਂ ਉਨ੍ਹਾਂ ਦੇ ਸੈੱਲ ਵਿੱਚ ਇਲੈਕਟ੍ਰੀਸ਼ਨ ਦੇ ਰੂਪ ਵਿੱਚ ਬੰਦੇ ਭੇਜ ਕੇ ਬਲਬ ਵਿੱਚ ਗੁਪਤ ਕੈਮਰੇ ਲਗਾਏ ਗਏ। ਅੰਮ੍ਰਿਤਪਾਲ ਨੇ ਕਿਹਾ ਕਿ ਉਸ ਨੇ ਤੇ ਹੋਰ ਸਿੰਘਾਂ ਨੇ ਜੇਲ੍ਹ ਵਿੱਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਉਸ ਨੇ ਕਿਹਾ ਕਿ ਹੁਣ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਜਾਂ ਤਾਂ ਹੁਣ ਉਸ ਨੂੰ ਤੇ



ਹੋਰ ਸਿੰਘਾਂ ਨੂੰ ਹੁਣ ਪੰਜਾਬ ਲਿਆਂਦਾ ਜਾਵੇਗਾ ਜਾਂ ਫਿਰ ਸਾਡੀਆਂ ਲਾਸ਼ਾਂ ਹੀ ਹੁਣ ਪੰਜਾਬ ਜਾਣਗੀਆਂ। ਅੰਮ੍ਰਿਤਪਾਲ ਨੇ ਦੋਸ਼ ਲਗਾਇਆ ਕਿ ਉਸ ਦੇ ਜੇਲ੍ਹ ਵਿਚੋਂ ਕੋਈ ਇਤਰਾਜ਼ਯੋਗ ਸਮਾਨ ਬਰਾਮਦ ਨਹੀਂ ਹੋਇਆ ਹੈ, ਪੁਲਿਸ ਨੇ ਉਸ ਨੂੰ ਫਸਾਉਣ ਲਈ ਇਹ ਸਭ ਕੁੱਝ ਕੀਤਾ ਹੈ।

### ਪੁਲਿਸ ਵੱਲੋਂ ਦੋਸ਼

ਯਾਦ ਰਹੇ ਕਿ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਅੰਮ੍ਰਿਤਪਾਲ ਸਿੰਘ ਦੀ ਬੈਰਕ ਵਿਚੋਂ ਸ਼ਨੀਵਾਰ ਨੂੰ ਇੱਕ ਜਾਸੂਸੀ ਕੈਮਰਾ, ਇੱਕ ਸਮਾਰਟ ਫ਼ੋਨ, ਇੱਕ ਕੀ-ਪੈਡ ਫ਼ੋਨ, ਪੈੱਨ ਡਰਾਈਵ, ਬਲਿਊਟੁੱਥ ਹੈੱਡਫ਼ੋਨ, ਸਪੀਕਰ, ਇੱਕ ਸਮਾਰਟ-ਵਾਚ ਅਤੇ ਹੋਰ ਇਤਰਾਜ਼ਯੋਗ ਵਸਤਾਂ ਬਰਾਮਦ ਹੋਈਆਂ ਸਨ। ਆਸਾਮ ਪੁਲਿਸ ਦੇ ਅਧਿਕਾਰੀ ਜੀ.ਪੀ. ਸਿੰਘ ਨੇ ਕਿਹਾ ਕਿ ਡਿਬਰੂਗੜ੍ਹ ਜੇਲ੍ਹ ਵਿੱਚ ਐੱਨ.ਐੱਸ.ਏ. ਅਧੀਨ ਨਜ਼ਰਬੰਦ ਕੈਦੀਆਂ ਦੇ ਸੈੱਲਾਂ ਵਿੱਚ ਹੋਣ ਵਾਲੀਆਂ ਗੈਰ- ਕਾਨੂੰਨੀ ਸਰਗਰਮੀਆਂ ਦੀ ਸੂਚਨਾ ਮਿਲਣ ’ਤੇ ਉੱਥੇ ਵਾਧੂ ਸੀ. ਸੀ. ਟੀ. ਵੀ. ਕੈਮਰੇ ਲਾਏ ਗਏ ਸਨ। ਗੈਰ-ਕਾਨੂੰਨੀ ਸਰਗਰਮੀਆਂ ਦੀ ਪੁਸ਼ਟੀ ਹੋਣ ’ਤੇ ਜੇਲ੍ਹ ਸਟਾਫ ਨੇ ਬੀਤੇ ਸ਼ਨੀਵਾਰ ਸਵੇਰੇ ਐੱਨ.ਐੱਸ. ਏ. ਸੈੱਲ ਦੇ ਕੰਪਲੈਕਸ ਦੀ ਤਲਾਸ਼ੀ ਲਈ ਸੀ। ਇਸ ਦੌਰਾਨ ਸਿਮ ਵਾਲਾ ਇਕ ਸਮਾਰਟ ਫੋਨ, ਇੱਕ ਕੀ-ਪੈਡ ਫੋਨ, ਕੀ-ਬੋਰਡ ਵਾਲਾ ਟੀ.ਵੀ. ਰਿਮੋਟ, ਜਾਸੂਸੀ-ਕੈਮ ਪੈੱਨ, ਪੈਨ ਡਰਾਈਵ, ਬਲਿਊਟੁੱਥ ਹੈੱਡਫੋਨ, ਸਪੀਕਰ ਅਤੇ ਇਕ ਸਮਾਰਟ ਘੜੀ ਨੂੰ ਜੇਲ੍ਹ ਸਟਾਫ਼ ਨੇ ਜ਼ਬਤ ਕਰ ਲਿਆ ਸੀ।

### ਕੀ ਕਹਿੰਦੇ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਵਕੀਲ

ਦੂਜੇ ਪਾਸੇ ਭਾਈ ਅੰਮ੍ਰਿਤਪਾਲ ਸਿੰਘ ਦੇ ਬਠਿੰਡਾ ਤੋਂ ਵਕੀਲ ਇਮਾਨ ਸਿੰਘ ਖਾਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਭਾਈ ਅੰਮ੍ਰਿਤਪਾਲ ਸਿੰਘ ਹੋਰਾਂ ਨਾਲ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਭਾਈ ਗੁਰਮੀਤ ਸਿੰਘ ਬੁੱਕਣਵਾਲਾ ਦਾ ਜੇਲ੍ਹ ਦੇ ਅਧਿਕਾਰਤ ਟੈਲੀਫੋਨ ਤੋਂ ਫੋਨ ਆਇਆ ਕਿ ਭਾਈ ਅੰਮ੍ਰਿਤਪਾਲ ਸਿੰਘ ਹੋਰਾਂ ਵੱਲੋਂ 10 ਸਾਥੀਆਂ ਸਮੇਤ ਭੁੱਖ ਹੜਤਾਲ ਕੀਤੀ ਗਈ ਹੈ ਕਿਉਂਕਿ ਉਨ੍ਹਾਂ ਨੂੰ ਆਪਣੀਆਂ ਬੈਰਕਾਂ ਅੰਦਰ ਬਣੇ ਪਖ਼ਾਨਿਆਂ ’ਚੋਂ ਗੁਪਤ ਕੈਮਰੇ, ਇੰਟਰਨੈੱਟ ਡੌਂਗਲਾਂ ਤੇ ਮੈਮਰੀ ਕਾਰਡ ਮਿਲੇ ਹਨ, ਜੋ ਜੇਲ੍ਹ ਪ੍ਰਸ਼ਾਸਨ ਵੱਲੋਂ ਲਗਾਏ ਗਏ ਸਨ, ਜਿਸ ਰਾਹੀਂ ਉਨ੍ਹਾਂ ਦੀ ਨਿੱਜਤਾ ਨੂੰ ਕੈਦ ਕਰਕੇ ਅੱਗੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਭੇਜਿਆ ਜਾ ਰਿਹਾ ਸੀ ਤਾਂ ਜੋ ਅਗਲੀ 18 ਮਾਰਚ ਨੂੰ ਉਨ੍ਹਾਂ ਤੋਂ ਖਤਮ ਹੋਣ ਜਾ ਰਹੀ ਐਨ.ਐੱਸ. ਏ. ਦੀ ਧਾਰਾ ਉਪਰੰਤ ਭਵਿੱਖ ਵਿੱਚ ਉਨ੍ਹਾਂ ਦੀਆਂ ਇਹ ਤਸਵੀਰਾਂ ਤੇ ਵੀਡੀਓਜ਼ ਨੂੰ ਉਨ੍ਹਾਂ ਨੂੰ ਬਲੈਕਮੇਲ ਕਰਨ ਲਈ ਵਰਤਿਆ ਜਾ ਸਕੇ। ਇਹ ਗੁਪਤ ਕੈਮਰੇ ਤੇ ਹੋਰ ਸਾਮਾਨ ਬਰਾਮਦ ਕਰਨ ਲਈ ਜੇਲ੍ਹ ਪ੍ਰਸ਼ਾਸਨ ਵੱਲੋਂ ਭਾਈ ਹੋਰਾਂ ’ਤੇ ਦਬਾਅ ਪਾਇਆ ਜਾ ਰਿਹਾ ਹੈ, ਜਿਸ ਦੇ ਰੋਸ ਵਜੋਂ ਉਹ ਬੀਤੀ ਰਾਤ ਬੰਦੀ ਹੋਣ ਤੋਂ ਮੁਨਕਰ ਹੁੰਦੇ ਹੋਏ ਅਤੇ ਖਾਣਾ-ਪੀਣਾ ਛੱਡ ਕੇ ਸਾਥੀਆਂ ਸਮੇਤ ਭੁੱਖ ਹੜਤਾਲ ’ਤੇ ਬੈਠ ਗਏ ਹਨ।

## ਅੰਮ੍ਰਿਤ ਪਾਲ ਸਿੰਘ ਦੇ ਪਿਤਾ ਕਰਨਗੇ ਭੁੱਖ ਹੜਤਾਲ

ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਬੀਤੇ ਦਿਨੀਂ ਅੰਮ੍ਰਿਤਸਰ ਦੇ ਡੀ ਸੀ ਘਣਸ਼ਾਮ ਥੋਰੀ ਨੂੰ ਮੰਗ ਪੱਤਰ ਦਿੱਤਾ ਅਤੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਵੀ ਕੀਤੀ। ਪਰਿਵਾਰ ਨੇ ਦਾਅਵਾ ਕੀਤਾ ਹੈ ਕਿ ਉਹ ਸਰਕਾਰ ਅਤੇ ਪ੍ਰਸ਼ਾਸਨ ਨੂੰ ਇੱਕ ਦਿਨ ਦਾ ਸਮਾਂ ਦੇ ਰਹੇ ਹਨ। ਜੇਕਰ ਸਰਕਾਰ ਨੇ ਉਸ ਦੀ ਬਿਲਕੁਲ ਵੀ ਗੱਲ ਨਾ ਸੁਣੀ ਤਾਂ ਉਹ ਆਪਣੇ ਪੁੱਤਰ ਅਤੇ ਸਾਥੀਆਂ ਨੂੰ ਲੈ ਕੇ ਇੱਥੇ ਪੰਜਾਬ ਵਿੱਚ ਭੁੱਖ ਹੜਤਾਲ ਕਰਨਗੇ। ਤਰਸੇਮ ਸਿੰਘ ਨੇ ਦੱਸਿਆ ਕਿ ਇਹ ਪੁਲਿਸ ਵੱਲੋਂ ਝੂਠਾ ਇਲਜ਼ਾਮ ਲਗਾਇਆ ਹੈ ਕਿ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਉਸ ਦੇ ਪੁੱਤਰ ਦੀ ਬੈਰਕ ਵਿੱਚ ਜਾਸੂਸੀ ਕੈਮਰੇ ਬਰਾਮਦ ਹੋਏ ਹਨ। ਸਪੱਸ਼ਟ ਹੈ ਕਿ ਸਰਕਾਰ ਨੇ ਪਹਿਲਾਂ ਉਸ ’ਤੇ ਐਨਐਸਏ ਲਗਾਇਆ ਅਤੇ ਉਸ ਨੂੰ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ। ਹੁਣ ਉਸ ਘਟਨਾ ਨੂੰ ਇੱਕ ਸਾਲ ਬੀਤ ਚੁੱਕਾ ਹੈ ਅਤੇ ਉਸ ਦੇ ਲੜਕੇ ’ਤੇ ਹੋਰ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ।

## ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ’ਚ ਤਬਦੀਲ ਕਰੇ:ਜਥੇ. ਅਕਾਲ ਤਖ਼ਤ

ਅੰਮ੍ਰਿਤਸਰ/ਏ.ਟੀ.ਨਿਊਜ਼ :ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਦਿਬਰੂਗੜ੍ਹ ਜੇਲ੍ਹ ਵਿੱਚ ਗੈਰ-ਕਾਨੂੰਨੀ ਵਿਹਾਰ ਤੇ ਉਨ੍ਹਾਂ ਦੀ ਬੈਰਕ ਵਿੱਚ ਖ਼ੁਫ਼ੀਆ ਕੈਮਰੇ ਲਗਾ ਕੇ ਉਨ੍ਹਾਂ ਦੇ ਨਿਜਤਾ ਦੇ ਅਧਿਕਾਰ ਨੂੰ ਖੋਹਣ ਦੀਆਂ ਖ਼ਬਰਾਂ ਦਾ ਗੰਭੀਰ ਨੋਟਿਸ ਲਿਆ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਦਿਬਰੂਗੜ੍ਹ ਜੇਲ੍ਹ ਵਿੱਚ ਪ੍ਰਸ਼ਾਸਨ ਦੇ ਗੈਰ-ਕਾਨੂੰਨੀ ਰਵੱਈਏ ਵਿਰੁੱਧ ਸ਼ੁਰੂ ਕੀਤੀ ਭੁੱਖ ਹੜਤਾਲ ਨੂੰ ਸਰਕਾਰ ਗੰਭੀਰਤਾ ਨਾਲ ਲਵੇ। ਉਨ੍ਹਾਂ ਆਖਿਆ ਕਿ ਜੇਲ੍ਹ ਵਿੱਚ ਕਿਸੇ ਵੀ ਹਵਾਲਾਤੀ ਦੀ ਬੈਰਕ ਵਿੱਚ ਖ਼ੁਫ਼ੀਆ ਕੈਮਰੇ ਲਾਉਣੇ ਅਤੇ ਉਨ੍ਹਾਂ ਦੀ ਨਿਜਤਾ ਦੀ ਆਜ਼ਾਦੀ ਖੋਹਣੀ ਕਿਸੇ ਵੀ ਕਾਨੂੰਨ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਬੇਇਨਸਾਫ਼ੀ ਦੇ ਖ਼ਿਲਾਫ਼ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਵੱਲੋਂ ਸ਼ੁਰੂ ਕੀਤੀ ਭੁੱਖ ਹੜਤਾਲ ਕਾਰਨ ਜੇਕਰ ਕਿਸੇ ਵੀ ਸਿੰਘ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਭਾਈ ਅੰਮ੍ਰਿਤਪਾਲ ਸਿੰਘ ਨੂੰ ਖਾਣੇ ਵਿੱਚ ਜ਼ਹਿਰੀਲੇ ਅਤੇ ਤੰਬਾਕੂ ਪਦਾਰਥ ਦੇਣ ਦੇ ਖ਼ਦਸ਼ੇ ਸਾਹਮਣੇ ਆਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਦਿਬਰੂਗੜ੍ਹ ਜੇਲ੍ਹ ਵਿੱਚ ਬੰਦ ਸਿੱਖ ਨੌਜਵਾਨਾਂ ਨਾਲ ਹੋ ਰਹੇ ਮਾੜੇ



ਵਿਹਾਰ ਨੂੰ ਗੰਭੀਰਤਾ ਨਾਲ ਲੈਂਦਿਆਂ ਸਰਕਾਰ ਇਸ ਦੀ ਨਿਰਪੱਖ ਜਾਂਚ ਕਰਾਉਂਦੀ ਪਰ ਇਸ ਦੇ ਉਲਟ ਸਿੱਖ ਨੌਜਵਾਨਾਂ ਵੱਲੋਂ ਪਿਛਲੇ ਦਿਨਾਂ ਤੋਂ ਭੁੱਖ ਹੜਤਾਲ ਰੱਖੇ ਜਾਣ ’ਤੇ ਵੀ ਸਰਕਾਰ ਦੇ ਕੰਨ੍ਹ ’ਤੇ ਜੂੰਅ ਨਹੀਂ ਸਰਕ ਰਹੀ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੇ ਕੋਈ ਵੀ ਅਜਿਹਾ ਜੁਰਮ ਨਹੀਂ ਕੀਤਾ, ਜਿਸ ਦੇ ਬਦਲੇ ਉਨ੍ਹਾਂ ਨੂੰ ਪੰਜਾਬ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਦਿਬਰੂਗੜ੍ਹ ਵਰਗੀ ਜੇਲ੍ਹ ਵਿੱਚ ਕਾਲੇ ਪਾਣੀ ਵਾਲੀ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਤਬਦੀਲ ਕਰੇ ਅਤੇ ਉਨ੍ਹਾਂ ਨੂੰ ਕਾਨੂੰਨੀ ਅਤੇ ਨਿਜਤਾ ਦੇ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਣਾਵੇ ਤਾਂ ਜੋ ਸਿੱਖਾਂ ਅੰਦਰ ਜੇਲ੍ਹਾਂ ਵਿੱਚ ਨਜ਼ਰਬੰਦ ਸਿੱਖ ਨੌਜਵਾਨਾਂ ਨਾਲ ਦੁਰਵਿਹਾਰ ਕਾਰਨ ਪੈਦਾ ਹੋ ਰਹੇ ਰੋਸ ਤੇ ਵਿਤਕਰੇ ਦੀ ਭਾਵਨਾ ਦੂਰ ਹੋ ਸਕੇ।

## ਸ਼ੰਭੂ ਬਾਰਡਰ ’ਤੇ ਕਿਸਾਨ ਹੰਝੂ ਗੈਸ ਦੇ ਗੋਲੇ ਇਕੱਠੇ ਕਰਨ ਲੱਗੇ

### ਕਿਹਾ-ਇਹ ਅੰਦੋਲਨ ਦੀ ਨਿਸ਼ਾਨੀ, ਉਹ ਆਪਣੇ ਡਰਾਇੰਗ ਰੂਮਾਂ ਵਿੱਚ ਇਸ ਨੂੰ ਰੱਖਣਗੇ



ਚੰਡੀਗੜ੍ਹ/ਏ.ਟੀ.ਨਿਊਜ਼ : ਸ਼ੰਭੂ ਬਾਰਡਰ ’ਤੇ ਕਿਸਾਨਾਂ ਦਾ ਅੰਦੋਲਨ ਜਾਰੀ ਹੈ। ਕਿਸਾਨ ਹੰਝੂ ਗੈਸ ਦੇ ਖੋਲ, ਰਬੜ ਤੇ ਅਸਲੀ ਗੋਲੀਆਂ ਇਕੱਠਾ ਕਰਨ ਉੱਪਰ ਲੱਗੇ ਹਨ ਜੋ ਹਰਿਆਣਾ ਪੁਲਿਸ ਨੇ ਉਨ੍ਹਾਂ ਉੱਪਰ ਚਲਾਈਆਂ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਇਨ੍ਹਾਂ ਨੂੰ ਇਕੱਠਾ ਕਰਨ ਦਾ ਮੁੱਖ ਮਕਸਦ ਅੰਦੋਲਨ ਦੀ ਨਿਸ਼ਾਨੀ ਹੈ, ਜੋ ਉਹ ਬੱਚਿਆਂ ਨੂੰ ਜਾਂ ਆਉਣ ਵਾਲੀਆਂ ਪੀੜ੍ਹੀਆਂ (ਪੋਤੇ-ਪੋਤੀਆਂ) ਨੂੰ ਦਿਖਾਉਣਗੇ ਕਿ ਉਹ ਵੀ ਅੰਦੋਲਨ ਦਾ ਹਿੱਸਾ ਸਨ। ਕਿਸਾਨਾਂ ਦਾ ਕਹਿਣਾ ਹੈ ਕਿ ਇਹ ਗੋਲੇ ਜਾਂ ਗੋਲੀਆਂ ਨਹੀਂ, ਸਗੋਂ ਉਨ੍ਹਾਂ ਲਈ ਮੈਡਲ ਹਨ। ਉਹ ਆਪਣੇ ਡਰਾਇੰਗ ਰੂਮਾਂ ’ਚ ਇਸ ਨੂੰ ਨਿਸ਼ਾਨੀ ਦੇ ਤੌਰ ’ਤੇ ਰੱਖਣਗੇ। ਇਸ ਨੂੰ ਦੇਖ ਕੇ ਅੰਦੋਲਨ ਦਾ ਹਰ ਪਾਲ ਯਾਦ ਆਵੇਗਾ। ਦੱਸਣਯੋਗ ਹੈ ਕਿ ਪੰਜਾਬ ਦੇ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸ਼ੰਭੂ ਬਾਰਡਰ ਤੋਂ ਨਿਕਲ ਕੇ ਦਿੱਲੀ ਜਾਣ ਦੀ ਕੋਸ਼ਿਸ਼ ’ਚ ਲੱਗੇ ਹੋਏ ਹਨ ਅਤੇ ਹਰਿਆਣਾ ਪੁਲਿਸ ਉਨ੍ਹਾਂ ਨੂੰ ਅੱਗੇ ਨਹੀਂ ਜਾਣ ਦੇ ਰਹੀ। ਪੈਰਾਮਿਲਟਰੀ ਫੋਰਸ ਵੱਲੋਂ ਉਨ੍ਹਾਂ ਨੂੰ ਰੋਕਣ ਲਈ ਹੰਝੂ ਗੈਸ ਦੇ ਗੋਲੇ, ਰਬੜ ਦੀਆਂ ਗੋਲੀਆਂ ਵੀ ਚਲਾ ਰਹੀ ਹੈ ਪਰ ਕਿਸਾਨ ਮੋਰਚੇ ’ਤੇ ਡਟੇ ਹੋਏ ਹਨ।

## ਕੌਮਾਂਤਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ‘ਜੀਵੇ ਮਾਂ ਬੋਲੀ’ ਪ੍ਰੋਗਰਾਮ ਆਯੋਜਿਤ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਤਾ ਸੁੰਦਰੀ ਕਾਲਜ ਦੇ ਮਾਤਾ ਸਾਹਿਬ ਕੌਰ ਆਡੀਟੋਰੀਅਮ ਵਿੱਚ ਕੌਮਾਂਤਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ‘ਜੀਵੇ ਮਾਂ ਬੋਲੀ’ ਪ੍ਰੋਗਰਾਮ ਕਮੇਟੀ ਦੀ ਪੰਜਾਬੀ ਭਾਸ਼ਾ ਪਸਾਰ ਕਮੇਟੀ ਦੇ ਚੇਅਰਮੈਨ ਹਰਦਿੱਤ ਸਿੰਘ ਤੇ ਕੋ ਚੇਅਰਮੈਨ ਰਾਜਿੰਦਰ ਸਿੰਘ ਵਿਰਾਸਤ ਦੀ ਅਗਵਾਈ ਹੇਠ ਕਰਵਾਇਆ ਗਿਆ।

ਇਸ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਇਸ ਪ੍ਰੋਗਰਾਮ ਦੇ ਸਫਲ ਆਯੋਜਨ ਲਈ ਪੰਜਾਬੀ ਭਾਸ਼ਾ ਪਸਾਰ ਕਮੇਟੀ ਦੇ ਚੇਅਰਮੈਨ ਸਰਦਾਰ ਹਰਦਿੱਤ ਸਿੰਘ, ਕੋ ਚੇਅਰਮੈਨ ਸਰਦਾਰ ਰਾਜਿੰਦਰ ਸਿੰਘ ਵਿਰਾਸਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਜਿਹੜੀਆਂ ਕੌਮਾਂ ਆਪਣੀ ਮਾਂ ਬੋਲੀ, ਵਿਰਸੇ ਤੇ ਸੰਸਕਾਰਾਂ ਨਾਲ ਜੁੜੀਆਂ ਰਹਿੰਦੀਆਂ ਹਨ, ਉਹ ਕੌਮਾਂ ਹਮੇਸ਼ਾ ਚੜ੍ਹਦੀਕਲਾ ਵਿੱਚ ਰਹਿੰਦੀਆਂ ਹਨ।

ਉਹਨਾਂ ਕਿਹਾ ਕਿ ਪਿਛਲੇ 50 ਸਾਲਾਂ ਵਿੱਚ ਕਿਸੇ ਨੇ ਵੀ ਪੰਜਾਬੀ




ਭਾਸ਼ਾ ਪਸਾਰ ਕਮੇਟੀ ਬਣਾਉਣ ਬਾਰੇ ਨਹੀਂ ਸੋਚਿਆ ਪਰ ਅਸੀਂ ਇਸ ਕਮੇਟੀ ਦਾ ਗਠਨ ਕੀਤਾ ਜਿਸਨੇ ਪਿਛਲੇ ਸਮੇਂ ਵਿੱਚ ਚੰਗੇ ਉਪਰਾਲੇ ਕਰਦਿਆਂ ਬੱਚਿਆਂ ਨੂੰ ਮਾਂ ਬੋਲੀ ਨਾਲ ਜੋੜਨ ਦੇ ਸ਼ਲਾਘਾਯੋਗ ਯਤਨ ਕੀਤੇ ਹਨ। ਉਹਨਾਂ ਕਿਹਾ ਕਿ ਅੱਜ ਕੌਮਾਂਤਰੀ ਪੰਜਾਬੀ ਭਾਸ਼ਾ ਦਿਵਸ ਮਨਾਉਣ ਦਾ ਮਕਸਦ ਇੱਕ ਸੰਦੇਸ਼ ਦੁਨੀਆਂ ਨੂੰ ਦੇਣਾ ਹੈ ਕਿ ਅਸੀਂ ਆਪਣੀ ਮਾਂ ਬੋਲੀ, ਵਿਰਸੇ ਤੇ ਪੰਜਾਬੀਅਤ ਨੂੰ ਜਿਉਂਦੇ ਰੱਖਣ ਲਈ ਚੰਗੇ ਉਪਰਾਲੇ ਕਰ ਰਹੇ ਹਾਂ। ਉਹਨਾਂ ਕਿਹਾ ਕਿ ਸਾਡੇ ਬੱਚਿਆਂ ਨੇ ਸਟੇਜ ’ਤੇ ਚੰਗੀ ਕਾਰਗੁਜ਼ਾਰੀ ਵਿਖਾਈ ਹੈ।

ਉਹਨਾਂ ਕਿਹਾ ਕਿ ਅਸੀਂ ਆਪਣੀ ਭਾਸ਼ਾ ਨੂੰ ਮਾਂ ਬੋਲੀ ਬੋਲਣਾ ਇਸ ਕਰ ਕੇ ਸ਼ੁਰੂ ਕੀਤਾ ਗਿਆ ਕਿਉਂਕਿ ਜਦੋਂ ਤੱਕ ਭਾਸ਼ਾ ਰਹੇਗੀ ਤੁਹਾਡੇ ਸੰਸਕਾਰ ਤੇ ਪਿਛੋਕੜ ਜਿਉਂਦੇ ਰਹਿਣਗੇ। ਉਹਨਾਂ ਕਿਹਾ ਕਿ ਜਿਸ ਕੋਲ ਸੰਸਕਾਰ ਤੇ ਪਿਛੋਕੜ ਹੈ, ਉਹ ਵਿਅਕਤੀ ਕਦੇ ਜ਼ਿੰਦਗੀ ਵਿਚ ਖ਼ਤਾ ਨਹੀਂ ਖਾ ਸਕਦਾ ਤੇ ਜਿਸ ਕੌਮ ਕੋਲ ਸੰਸਕਾਰ ਤੇ ਪਿਛੋਕੜ ਹੈ, ਉਹ ਕੌਮਾਂ ਹਮੇਸ਼ਾ ਜਿਉਂਦਾ ਰਹਿੰਦੀਆਂ ਹਨ।

ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਅੱਜ ਜਿਸ ਆਧੁਨਿਕ ਦੌਰ ਵਿੱਚ ਦੁਨੀਆਂ ਵਿੱਚ ਲੋਕ ਰਹਿ ਰਹੇ ਹਨ, ਬੱਚੇ ਆਪਣੇ ਮਾਂ ਬੋਲੀ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹਨਾਂ ਕਿਹਾ ਕਿ ਜਿਸ ਘਰ ਵਿੱਚ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਵਿਚ ਗੱਲਾਂ ਹੁੰਦੀਆਂ ਹੋਣ, ਉਹਨਾਂ ਘਰਾਂ ਵਿੱਚ ਪੰਜਾਬੀ ਮਾਂ ਬੋਲੀ ਕਦੇ ਜਿਉਂਦੀ ਨਹੀਂ ਰਹੇਗੀ। ਉਹਨਾਂ ਕਿਹਾ ਕਿ ਪੰਜਾਬੀ ਮਾਂ ਬੋਲੀ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਕੀਤੀ ਹੋਈ ਹੈ। ਗੁਰੂ ਸਾਹਿਬ ਨੇ ਸਾਨੂੰ ਗੁਰਮੁਖੀ ਲਿਪੀ ਦੀ ਦਾਤ ਬਖਸ਼ਿਸ਼ ਕੀਤੀ ਹੈ। ਗੁਰੂ ਅੰਗਦ ਦੇਵ ਜੀ ਨੇ 35 ਅੱਖਰੀ ਸ਼ੁਰੂ ਕੀਤੀ ਤੇ ਫਿਰ ਇਸ ਵਿੱਚ 6 ਅੱਖ਼ਰ ਹੋਰ ਜੋੜ ਕੇ 41 ਅੱਖਰੀਂ ਕੀਤਾ ਗਿਆ। ਉਹਨਾਂ ਕਿਹਾ ਕਿ ਜਿਹੜਾ ਬੱਚਾ ਮਾਂ ਬੋਲੀ ਨਾਲ ਜੁੜੇਗਾ, ਉਹ ਗੁਰਸਿਖੀ ਤੋਂ ਦੂਰ ਨਹੀਂ ਹੋ ਸਕਦਾ। ਉਹਨਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਜੋ ਨਸ਼ਿਆਂ ਅਤੇ ਪਤਿਤਪੁਣੇ ਦਾ ਰੋਗ ਆ ਗਿਆ ਹੈ, ਉਸ ਤੋਂ ਬਚਣ ਦਾ ਇਕਲੌਤਾ ਰਾਹ ਹੈ ਕਿ ਅਸੀਂ ਪੰਜਾਬੀ ਭਾਸ਼ਾ ਨਾਲ ਜੁੜੇ ਰਹੀਏ।

# ਅਕਾਲੀ ਦਲ- ਭਾਜਪਾ ਦਾ ਗੱਠਜੋੜ ਕਰਵਾਉਣ ਲਈ ਸਰਗਰਮ ਨੇ ਕੈਪਟਨ !

## ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ, ਕਿਸਾਨ ਮਸਲਾ ਹੱਲ ਕਰਵਾਉਣ ਦੇ ਯਤਨ ਵਿੱਚ

ਸਿਆਸੀ ਮੰਚ ਤੋਂ ਅਕਾਲੀ ਦਲ ਦੇ ਨਾਲ ਬਾਦਲ ਪਰਿਵਾਰ ਨੂੰ ਖਰੀਆਂ-ਖਰੀਆਂ ਸੁਣਾਉਣ ਵਾਲੇ ਅਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਵਿੱਚ ਦੋਵੇਂ ਬਾਦਲਾਂ ਨੂੰ ਜੇਲ੍ਹ ਭੇਜਣ ਵਾਲੇ ਕੈਪਟਨ ਹੁਣ ਬੀਜੇਪੀ ਅਤੇ ਅਕਾਲੀ ਦਲ ਵਿੱਚ ਗਠਜੋੜ ਦੇ ਸਭ ਤੋਂ ਵੱਡੇ ਸੂਤਰਧਾਰ ਬਣ ਗਏ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੈਂ ਹੀ ਬੀਜੇਪੀ ਦੇ ਕੌਮੀ ਪ੍ਰਧਾਨ ਜੇ.ਪੀ ਨੱਡਾ ਨੂੰ ਅਕਾਲੀ ਦਲ ਨਾਲ ਗਠਜੋੜ ਦੀ ਸਿਫਾਰਿਸ਼ ਕੀਤੀ ਹੈ। ਦੋਵਾਂ ਪਾਰਟੀਆਂ ਦਾ ਗਠਜੋੜ ਜ਼ਰੂਰੀ ਹੈ, ਸਾਡਾ ਸ਼ਹਿਰਾਂ ਵਿੱਚ ਅਕਾਲੀ ਦਲ ਦਾ ਪੇਂਡੂ ਇਲਾਕੇ ਵਿੱਚ ਵੱਡਾ ਅਧਾਰ ਹੈ ਦੋਵਾਂ ਨੂੰ ਫਾਇਦਾ ਹੋਵੇਗਾ। ਇਸ 'ਤੇ ਜਲਦ ਫੈਸਲਾ ਹੋਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਇਕਜੁਟ ਹੁੰਦੇ ਹਨ ਤਾਂ ਇਸ ਗੱਠਜੋੜ ਨੂੰ ਕੋਈ ਨਹੀਂ ਹਰਾ ਸਕਦਾ। ਉਨ੍ਹਾਂ ਕਿਹਾ ਕਿ ਮੇਰੀ ਕੋਸ਼ਿਸ਼ ਹੈ ਕਿ ਚੋਣਾਂ ਦੇ ਐਲਾਨ ਤੋਂ ਪਹਿਲਾਂ ਅਸੀਂ ਇਕੱਠੇ ਆਉਣ ਦਾ ਐਲਾਨ ਕਰ ਦੇਈਏ। ਜਦੋਂ ਉਨ੍ਹਾਂ ਨੂੰ ਸੀਟ ਸੇਅਰਿੰਗ ਨੂੰ ਲੈ ਕੇ ਸਵਾਲ



ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਅਸੀਂ ਖੁੱਲ੍ਹੇ ਦਿਲ ਨਾਲ ਗਠਜੋੜ ਲਈ ਤਿਆਰ ਹਾਂ।

ਸਾਬਕਾ ਮੁੱਖ ਮੰਤਰੀ ਨੇ ਇਹ ਗੱਲ ਉਦੋਂ ਕਹੀ, ਜਦੋਂ ਉਹ ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਲਈ ਦਿੱਲੀ ਗਏ ਸਨ। ਮੰਨਿਆ ਜਾ ਰਿਹਾ ਹੈ ਕਿ ਕੈਪਟਨ ਦੀ ਇਸ ਮੁਲਾਕਾਤ ਦੌਰਾਨ ਮੁੱਖ ਮੁੱਦਾ ਕਿਸਾਨਾਂ ਦੀਆਂ ਮੰਗਾਂ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਰਿਹਾ। ਕੈਪਟਨ ਨੇ ਕਿਹਾ ਕਿ ਉਨ੍ਹਾਂ ਦਾ ਸਟੈਂਡ ਅੱਜ ਵੀ ਸਪਸ਼ਟ ਹੈ ਕਿ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਨਹੀਂ ਰੋਕਣਾ ਚਾਹੀਦਾ। ਜੇ ਕਿਸਾਨ ਦਿੱਲੀ ਜਾ ਕੇ ਆਪਣੀ ਗੱਲ ਕੇਂਦਰ ਸਰਕਾਰ ਸਾਹਮਣੇ ਰੱਖਣੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਹੱਕ ਹੈ।

ਉਧਰ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਵੀ ਗਠਜੋੜ ਦੇ ਸੰਕੇਤ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸਾਡੇ ਨਾਲ ਬੀਜੇਪੀ ਦਾ ਚੰਗਾ ਗਠਜੋੜ ਚੱਲਿਆ ਸੀ ਪਰ ਕਿਸਾਨੀ ਅੰਦੋਲਨ ਦੀ ਵਜ੍ਹਾ ਕਰਕੇ ਉਹ ਟੁੱਟ ਗਿਆ। ਸਾਡੀ ਪਾਰਟੀ ਹਮੇਸ਼ਾ ਕਿਸਾਨਾਂ ਨਾਲ ਖੜੀ ਰਹੀ ਹੈ। ਉਨ੍ਹਾਂ ਕਿਹਾ ਜਦੋਂ ਵੀ ਬੀਜੇਪੀ ਨਾਲ ਗਠਜੋੜ ਹੋਇਆ ਤਾਂ ਸਾਡੀ ਕੋਸ਼ਿਸ਼ ਇਹ ਹੋਵੇਗੀ ਕਿਵੇਂ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ। ਯਾਦ ਰਹੇ ਕਿ ਅਕਾਲੀ ਦਲ ਦਾ ਬੀਐੱਸਪੀ ਨਾਲ ਗਠਜੋੜ ਟੁੱਟ ਚੁੱਕਾ ਹੈ।

11 ਫਰਵਰੀ ਨੂੰ ਸਭ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਾਅਵਾ ਕੀਤਾ ਸੀ ਕਿ ਅਕਾਲੀ ਦਲ ਨਾਲ ਮੁੜ ਤੋਂ ਗਠਜੋੜ ਨੂੰ ਲੈ ਕੇ ਗੱਲਬਾਤ ਚੱਲ ਰਹੀ ਹੈ ਉਸ ਵੇਲੇ ਖ਼ਬਰਾਂ ਆਈਆਂ ਸਨ ਕਿ ਅਕਾਲੀ ਦਲ 7 ਸੀਟਾਂ ਤੇ ਲੋਕ ਸਭਾ ਚੋਣਾਂ ਲੜੇਗਾ ਬੀਜੇਪੀ 6 'ਤੇ। ਫਿਰ ਅਗਲੇ ਦਿਨ ਖ਼ਬਰ ਆਈ ਸੀ ਕਿ ਅਕਾਲੀ ਦਲ ਲੋਕ ਸਭਾ ਦੇ ਨਾਲ ਵਿਧਾਨ ਸਭਾ ਵਿੱਚ ਵੀ ਹੁਣੇ ਹੀ ਸੀਟ ਸ਼ੇਅਰਿੰਗ ਚਾਹੁੰਦਾ ਹੈ ਜਦਕਿ ਬੀਜੇਪੀ ਤਿਆਰ ਨਹੀਂ ਸੀ। ਉਸ ਤੋਂ ਬਾਅਦ ਕਿਸਾਨ ਅੰਦੋਲਨ ਸ਼ੁਰੂ ਹੋਣ ਤੋਂ ਬਾਅਦ ਗੱਲਬਾਤ ਲਟਕ ਗਈ ਹੈ। ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਾਅਵੇ ਤੋਂ ਬਾਅਦ ਹੁਣ ਮੁੜ ਤੋਂ ਗਠਜੋੜ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ।

# ਦੇਸ਼ ਦੇ ਸਮੁੱਚੇ ਜਨ-ਜੀਵਨ ਅਤੇ ਸਮੁੱਚੇ ਕਾਰੋਬਾਰਾਂ 'ਤੇ ਕਾਰਪੋਰੇਟ ਦਾ ਕਬਜ਼ਾ ਕਰਵਾਉਣਾ ਚਾਹੁੰਦੀ ਹੈ ਮੋਦੀ ਸਰਕਾਰ : ਫੈਡਰੇਸ਼ਨ



ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਮੀਟਿੰਗ ਕੌਮੀ ਪ੍ਰਧਾਨ ਦਲੇਰ ਸਿੰਘ ਡੋਡ ਦੀ ਅਗਵਾਈ ਵਿੱਚ ਹੋਈ। ਇਸ ਮੌਕੇ ਭਾਈ ਪਰਮਜੀਤ ਸਿੰਘ ਜੀ ਖਾਲਸਾ ਸਰਪ੍ਰਸਤ ਭਾਈ ਮੇਜਰ ਸਿੰਘ ਖਾਲਸਾ, ਭਾਈ ਬਲਵਿੰਦਰ ਸਿੰਘ ਰੋਡੇ ਨੇ ਕਿਸਾਨਾਂ ਦੀ ਹਮਾਇਤ ਦਾ ਐਲਾਨ ਕੀਤਾ ਤੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਨੇ ਪਿਛਲੇ 10 ਸਾਲਾਂ ਵਿੱਚ ਜੀ. ਐਸ. ਟੀ. ਡੈਮ. ਸੇਫਟੀ ਐਕਟ ਕੇਂਦਰੀ ਬਿਜਲੀ ਰੈਗੂਲੇਟਰੀ ਕਮਿਸ਼ਨ, ਕੌਮੀ ਸਿੱਖਿਆ ਨੀਤੀ ਆਦਿ ਰਾਹੀਂ ਸੂਬਿਆਂ ਦੇ ਅਧਿਕਾਰਾਂ ਨੂੰ ਵੱਡਾ ਖੋਰਾ ਲਾਇਆ ਗਿਆ ਹੈ ਆਪਣੇ ਹੱਕ ਮੰਗਣ ਲਈ ਦਿੱਲੀ ਨੂੰ ਜਾ ਰਹੇ ਕਿਸਾਨਾਂ ਨੂੰ ਰੋਕ ਕੇ ਉਹਨਾਂ 'ਤੇ ਅੱਥਰੂ ਗੈਸ ਦੇ ਗੋਲੇ ਅਤੇ ਲਾਠੀ ਚਾਰਜ ਕਰਕੇ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨਾਂ ਨੂੰ ਜ਼ਖਮੀਂ ਕੀਤਾ ਗਿਆ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਜਿਹੜੇ ਦੋ ਸਾਲ ਪਹਿਲਾਂ ਵਾਅਦੇ ਕੀਤੇ ਸੀ, ਉਹਨਾਂ ਵਾਅਦਿਆਂ ਤੋਂ ਮੁੱਕਰਨ ਦੇ ਕਾਰਨ ਦੁਬਾਰਾ ਸੰਘਰਸ਼ ਲਈ ਜਾ ਰਹੇ ਕਿਸਾਨਾਂ 'ਤੇ ਲਾਠੀ ਚਾਰਜ ਕਰਨ ਦੀ ਨਿਖੇਧੀ ਕੀਤੀ। ਅੱਜ ਦੇਸ਼ ਦਾ ਅੰਨਦਾਤਾ, ਜਿਹੜਾ ਸਮੁੱਚੇ ਹੀ ਦੇਸ਼ ਦਾ ਢਿੱਡ ਭਰਦਾ, ਉਹ ਸੜਕਾਂ 'ਤੇ ਰੁਲ ਰਿਹਾ ਹੈ। ਹਰਿਆਣਾ ਸਰਕਾਰ ਵੱਲੋਂ ਪੰਜਾਬ ਵਿੱਚ ਆ ਕੇ ਡਰੋਨ ਰਾਹੀਂ ਅੱਥਰੂ ਗੈਸ ਦੇ ਗੋਲੇ ਸਿੱਟਣੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ ਜ਼ਖਮੀ ਕਰਨ 'ਤੇ ਪੰਜਾਬ ਸਰਕਾਰ ਨੂੰ ਐਕਸ਼ਨ ਲੈਣਾ ਚਾਹੀਦਾ ਹੈ। ਇਸ ਮੌਕੇ ਭਾਈ ਰਾਜਵਿੰਦਰ ਸਿੰਘ ਗੋਲਡੀ ਜ਼ਿਲ੍ਹਾ ਪ੍ਰਧਾਨ ਫਿਰੋਜਪੁਰ, ਭਾਈ ਰਾਜਵਿੰਦਰ ਸਿੰਘ ਪੰਜਗਰਾਈ ਜ਼ਿਲ੍ਹਾ ਪ੍ਰਧਾਨ ਫਰੀਦਕੋਟ, ਜਸਪ੍ਰੀਤ ਸਿੰਘ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਭਾਈ ਹਰਜਿੰਦਰ ਸਿੰਘ ਜਿੰਦਾ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਸਾਹਿਬ, ਭਾਈ ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਭਾਈ ਰੇਸ਼ਮ ਸਿੰਘ ਜ਼ਿਲ੍ਹਾ ਪ੍ਰਧਾਨ ਮੋਗਾ, ਭਾਈ ਗੁਰਪ੍ਰੀਤ ਸਿੰਘ ਲੁਧਿਆਣਾ, ਭਾਈ ਅਮਨਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਜਲੰਧਰ, ਭਾਈ ਗੁਰਪ੍ਰੀਤ ਸਿੰਘ ਫਤਿਹ ਮੀਡੀਆ ਇੰਚਾਰਜ਼, ਭਾਈ ਬਚਿੱਤਰ ਸਿੰਘ ਜ਼ਿਲ੍ਹਾ ਪ੍ਰਧਾਨ ਪਠਾਨਕੋਟ, ਭਾਈ ਸਰਬਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ, ਭਾਈ ਗੁਰਪ੍ਰੀਤ ਸਿੰਘ ਜ਼ਿਲ੍ਹਾ ਪ੍ਰਧਾਨ ਰੋਪੜ, ਭਾਈ ਦਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਬਠਿੰਡਾ, ਭਾਈ ਗੁਰਮੀਤ ਸਿੰਘ ਜ਼ਿਲ੍ਹਾ ਪ੍ਰਧਾਨ ਫਾਜ਼ਿਲਕਾ, ਭਾਈ ਚਰਨਪ੍ਰੀਤ ਸਿੰਘ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ, ਭਾਈ ਗੁਰਬੀਰ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ ਸਾਹਿਬ, ਭਾਈ ਬੂਟਾ ਸਿੰਘ ਜ਼ਿਲ੍ਹਾ ਪ੍ਰਧਾਨ ਬਰਨਾਲਾ ਆਗੂ ਹਾਜ਼ਰ ਸਨ।

# ਖੇਤੀ ਦਾ ਗਰਾਫ ਤਾਂ ਹੇਠਾਂ ਡਿੱਗਿਆ ਪਰ ਖੇਤੀ ਕਰਨ ਵਾਲੇ ਕੇਂਦਰੀ ਵਜ਼ੀਰਾਂ ਦੀਆਂ ਜਾਇਦਾਦਾਂ ਵਿੱਚ ਹੋਇਆ ਵਾਧਾ

ਚੰਡੀਗੜ੍ਹ/ਏ.ਟੀ.ਨਿਊਜ਼ :ਭਾਰਤ ਵਿੱਚ ਸਿਆਸਤ ਦਾ ਕਾਰੋਬਾਰ ਮੁਨਾਫ਼ੇ ਵਾਲਾ ਜਾਪਦਾ ਹੈ। ਕੈਬਨਿਟ ਵਜ਼ੀਰਾਂ ਦੀ ਜਾਇਦਾਦ ਦਾ ਲੇਖਾ ਜੋਖਾ ਕਰਦਿਆਂ ਕਈ ਨਵੇਂ ਤੱਥ ਉਭਰ ਕੇ ਸਾਹਮਣੇ ਆਏ ਹਨ। ਇਸ ਵੇਲੇ ਜਦੋਂ ਮੁਲਕ ਵਿੱਚ ਖੇਤੀ ਘਾਟੇ ਦਾ ਸੌਦਾ ਹੈ ਤੇ ਬਾਕੀ ਧੰਦੇ ਵੀ ਸੰਕਟ ਵਿੱਚ ਹਨ ਤਾਂ ਇਕਲੌਤਾ ਸਿਆਸਤ ਦਾ ਕਿੱਤਾ ਹੀ ਅਜਿਹਾ ਜਾਪ ਰਿਹਾ ਹੈ ਜਿਸ ਵਿੱਚ ਛੜੱਪੇ ਮਾਰ ਕੇ ਮੁਨਾਫ਼ਾ ਹੋ ਰਿਹਾ ਹੈ। ਲੋਕ ਸਭਾ ਵਿੱਚ ਕੁੱਲ 543 ਮੈਂਬਰ ਚੁਣੇ ਜਾਂਦੇ ਹਨ ਜਿਨ੍ਹਾਂ ਵਿਚੋਂ 136 ਮੈਂਬਰਾਂ ਨੇ ਆਪਣਾ ਕਿੱਤਾ ਖੇਤੀ ਦੱਸਿਆ ਹੈ।

ਕੇਂਦਰੀ ਕੈਬਨਿਟ ਵਿੱਚ ਇਸ ਵੇਲੇ 65 ਮੰਤਰੀ ਮੌਜੂਦ ਹਨ ਜਿਨ੍ਹਾਂ 'ਚੋਂ 26 ਕੈਬਨਿਟ ਮੰਤਰੀ, 13 ਰਾਜ ਮੰਤਰੀ (ਆਜ਼ਾਦਾਨਾ) ਤੇ 26 ਹੋਰ ਰਾਜ ਮੰਤਰੀ ਹਨ। ਪ੍ਰਧਾਨ ਮੰਤਰੀ ਦਫ਼ਤਰ ਦੀ ਵੈੱਬਸਾਈਟ 'ਤੇ ਮੌਜੂਦ ਅੰਕੜਿਆਂ ਦੇ ਆਧਾਰ 'ਤੇ ਕੁੱਝ ਕੇਂਦਰੀ ਵਜ਼ੀਰਾਂ ਦੀ ਜਾਇਦਾਦ ਦਾ ਮੁਲਾਂਕਣ ਕੀਤਾ ਗਿਆ ਤਾਂ ਦਿਲਚਸਪ ਤੱਥ ਸਾਹਮਣੇ ਆਏ ਹਨ। ਭਾਜਪਾ ਕਾਰਜਕਾਲ ਦੇ ਇੱਕ ਦਹਾਕੇ ਦੌਰਾਨ ਇਨ੍ਹਾਂ ਵਜ਼ੀਰਾਂ ਦੀ ਜਾਇਦਾਦ ਵਿੱਚ ਵੱਡਾ ਵਾਧਾ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਾਲ 2014 ਵਿੱਚ ਜਾਇਦਾਦ 1.26 ਕਰੋੜ ਰੁਪਏ ਦੀ ਸੀ ਜੋ ਹੁਣ 2.58 ਕਰੋੜ ਰੁਪਏ ਦੱਸੀ ਗਈ ਹੈ। ਪ੍ਰਧਾਨ ਮੰਤਰੀ ਨੇ 25 ਅਕਤੂਬਰ 2002 ਨੂੰ ਗਾਂਧੀ ਨਗਰ ਵਿੱਚ ਇੱਕ ਪਲਾਟ ਖਰੀਦਿਆ ਸੀ ਜਿਸ ਦੀ ਬਾਜ਼ਾਰ ਵਿੱਚ ਕੀਮਤ ਇੱਕ ਕਰੋੜ ਰੁਪਏ ਸੀ। ਹੁਣ ਇਹ ਪਲਾਟ ਵੇਚ ਕੇ ਪ੍ਰਾਪਤ ਰਾਸ਼ੀ ਬੈਂਕ ਵਿੱਚ ਐਫਡੀਆਰ ਵਜੋਂ ਰੱਖ ਦਿੱਤੀ ਗਈ ਹੈ।

ਕੈਬਨਿਟ ਮੰਤਰੀ ਰਾਜਨਾਥ ਸਿੰਘ ਕਿਸਾਨ ਪੱਖੀ ਆਗੂ ਵਜੋਂ ਜਾਣੇ ਜਾਂਦੇ ਹਨ ਜਿਨ੍ਹਾਂ ਦੀ ਜਾਇਦਾਦ ਸਾਲ 2014 ਵਿੱਚ 2.96 ਕਰੋੜ ਸੀ ਜੋ ਹੁਣ ਤੱਕ ਵੱਧ ਕੇ 6.63 ਕਰੋੜ ਰੁਪਏ ਹੋ ਗਈ ਹੈ। ਇਸੇ ਤਰ੍ਹਾਂ ਕੇਂਦਰੀ ਕੈਬਨਿਟ ਵਿੱਚ ਖੇਤੀ ਮੰਤਰੀ ਰਹੇ ਨਰੇਂਦਰ ਤੋਮਰ ਦੀ ਜਾਇਦਾਦ ਦਸ ਸਾਲ ਵਿੱਚ 1.01 ਕਰੋੜ ਤੋਂ ਵੱਧ ਕੇ 2.27 ਕਰੋੜ ਰੁਪਏ ਹੋ ਗਈ ਹੈ। ਕੇਂਦਰੀ ਵਜ਼ੀਰ ਨਿਤਿਨ ਗਡਕਰੀ ਦੀ ਜਾਇਦਾਦ ਇਸ ਵੇਲੇ 20.57 ਕਰੋੜ ਦੀ ਹੈ, ਜੋ 10 ਸਾਲ ਪਹਿਲਾਂ 15.36 ਕਰੋੜ ਰੁਪਏ ਸੀ।

ਇਸੇ ਤਰ੍ਹਾਂ ਕੇਂਦਰੀ ਵਜ਼ੀਰ ਸਮ੍ਰਿਤੀ ਇਰਾਨੀ ਦੀ ਜਾਇਦਾਦ ਵਿੱਚ ਕਰੀਬ ਪੰਜ ਕਰੋੜ ਦਾ ਵਾਧਾ ਹੋਇਆ ਹੈ। ਇਸ ਵੇਲੇ ਇਰਾਨੀ ਕੋਲ 14.14 ਕਰੋੜ ਦੀ ਜਾਇਦਾਦ ਹੈ ਜੋ 2014 ਵਿੱਚ 9.32 ਕਰੋੜ ਰੁਪਏ ਸੀ। ਇਸੇ ਤਰ੍ਹਾਂ ਊਰਜਾ ਮੰਤਰੀ ਆਰਕੇ ਸਿੰਘ ਕੋਲ ਇਸ ਵੇਲੇ 11.32 ਕਰੋੜ ਦੀ ਜਾਇਦਾਦ ਹੈ ਜੋ ਪਹਿਲਾਂ 5.04 ਕਰੋੜ ਰੁਪਏ ਸੀ। ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਕੋਲ ਇਸ ਵੇਲੇ 27.88 ਕਰੋੜ ਦੀ ਜਾਇਦਾਦ ਹੈ ਜਦਕਿ ਸਾਲ 2014 ਵਿੱਚ ਉਨ੍ਹਾਂ ਕੋਲ 4.19 ਕਰੋੜ ਦੀ ਕੁਲ ਜਾਇਦਾਦ ਸੀ। ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਇਸ ਵੇਲੇ 9.49 ਕਰੋੜ ਦੀ ਜਾਇਦਾਦ ਦੇ ਮਾਲਕ ਹਨ ਜਦਕਿ 2014 ਵਿੱਚ ਇਹ 4.65 ਕਰੋੜ ਦੀ ਸੀ।

ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਬੈਠੇ ਕਿਸਾਨਾਂ ਨਾਲ ਜੋ ਤਿੰਨ ਕੇਂਦਰੀ ਵਜ਼ੀਰ ਚਾਰ ਗੇੜ ਦੀ ਗੱਲਬਾਤ ਕਰ ਚੁੱਕੇ ਹਨ ਉਨ੍ਹਾਂ ਦੀ ਜਾਇਦਾਦ ਵਿੱਚ ਵੀ ਕਾਫ਼ੀ ਵਾਧਾ ਹੋਇਆ ਹੈ। ਕੇਂਦਰੀ ਮੰਤਰੀ ਪਿਊਸ਼ ਗੋਇਲ ਇਸ ਵੇਲੇ 100 ਕਰੋੜ ਦੀ ਜਾਇਦਾਦ ਦੇ ਮਾਲਕ ਹਨ। ਕੇਂਦਰੀ ਖੇਤੀ ਮੰਤਰੀ ਅਰਜੁਨ ਮੁੰਡਾ ਕੋਲ 2.54 ਕਰੋੜ ਦੀ ਜਾਇਦਾਦ ਹੈ, ਜੋ 2014 ਵਿੱਚ 74.74 ਲੱਖ ਦੀ ਸੀ। ਤੀਸਰੇ ਮੰਤਰੀ ਨਿੱਤਿਆ ਨੰਦ ਰਾਏ ਦੀ ਜਾਇਦਾਦ ਪਹਿਲਾਂ 14.67 ਕਰੋੜ ਸੀ, ਜੋ ਹੁਣ 17.37 ਕਰੋੜ 'ਤੇ ਪੁੱਜ ਗਈ ਹੈ। ਕੇਂਦਰੀ ਮੰਤਰੀ ਜੋਤੀਰਾਦਿੱਤਿਆ ਸਿੰਧੀਆ ਕੋਲ ਕਰੀਬ 22 ਕਰੋੜ ਦੇ ਸਿਰਫ਼ ਗਹਿਣੇ ਹਨ। ਇਸ ਤੋਂ ਇਲਾਵਾ ਕੇਂਦਰੀ ਵਜ਼ੀਰ ਅਰਜੁਨ ਮੇਘਵਾਲ ਦੀ ਜਾਇਦਾਦ 1.81 ਕਰੋੜ ਤੋਂ ਵੱਧ ਕੇ 4.25 ਕਰੋੜ ਹੋ ਗਈ ਹੈ। ਲੋਕ ਅਧਿਕਾਰ ਲਹਿਰ ਦੇ ਆਗੂ ਰੁਪਿੰਦਰਜੀਤ ਸਿੰਘ ਆਖਦੇ ਹਨ ਕਿ ਕੇਂਦਰੀ ਵਜ਼ੀਰਾਂ ਦੀ ਜਾਇਦਾਦ ਦਾ ਗਰਾਫ ਦੇਖ ਕੇ ਇੰਜ ਲੱਗਦਾ ਹੈ ਕਿ ਜਿਵੇਂ ਕੇਂਦਰ ਸਰਕਾਰ ਨੇ ਵਜ਼ੀਰਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਮਿਥਿਆ ਹੋਵੇ। ਉਨ੍ਹਾਂ ਕਿਹਾ ਕਿ ਖੇਤੀ ਦਾ ਗਰਾਫ ਤਾਂ ਹੇਠਾਂ ਵੱਲ ਜਾ ਰਿਹਾ ਹੈ ਅਤੇ ਕਿਸਾਨੀ ਲਗਾਤਾਰ ਸੰਕਟ ਵਿੱਚ ਘਿਰਦੀ ਜਾ ਰਹੀ ਹੈ ਪਰ ਉਨ੍ਹਾਂ ਦੇ ਚੁਣੇ ਨੁਮਾਇੰਦਿਆਂ ਨੂੰ ਸਿਆਸਤ ਚੰਗੀ ਰਾਸ ਆ ਰਹੀ ਹੈ।

# ਮਹਾਰਾਸ਼ਟਰ ਸਰਕਾਰ ਮੂਲ ਐਕਟ 1956 ਅਨੁਸਾਰ ਚੋਣ ਕਰਵਾ ਕੇ ਬੋਰਡ ਕਰੇ ਕਾਇਮ: ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ/ਏ.ਟੀ.ਨਿਊਜ਼ :ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਮੂਲ ਐਕਟ 1956 ਅਨੁਸਾਰ ਚੋਣ ਕਰਵਾ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਬੋਰਡ ਕਾਇਮ ਕਰੇ। ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਸਰਕਾਰ ਨੇ ਗੁਰਦੁਆਰਾ ਪ੍ਰਬੰਧ ਨਾਲ ਸਬੰਧਿਤ ਐਕਟ ਵਿੱਚ 5 ਫਰਵਰੀ ਨੂੰ ਸੋਧ ਕਰ ਦਿੱਤੀ ਸੀ ਜਿਸ ਤਹਿਤ ਗੁਰਦੁਆਰਾ ਬੋਰਡ ਦੇ 17 ਵਿੱਚੋਂ 12 ਮੈਂਬਰ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣਗੇ ਅਤੇ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਗਿਣਤੀ ਘੱਟ ਕਰ ਦਿੱਤੀ ਗਈ ਸੀ। ਇਸ ਦਾ ਵਿਰੋਧ ਹੋਣ 'ਤੇ ਸਰਕਾਰ ਨੇ ਫਿਲਹਾਲ ਇਸ ਸੋਧ ਨੂੰ ਲਾਗੂ ਕਰਨ ਦਾ ਫੈਸਲਾ ਰੋਕ ਦਿੱਤਾ ਹੈ। ਸਰਕਾਰ ਦੇ ਇਸ ਫ਼ੈਸਲੇ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰੀ ਧਾਮੀ ਨੇ ਕਿਹਾ ਕਿ ਭਾਵੇਂ ਮਹਾਰਾਸ਼ਟਰ ਸਰਕਾਰ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਗੁਰਦੁਆਰਾ ਐਕਟ 1956 ਵਿੱਚ ਸਾਲ 2024 ਦੀ ਸੋਧ ਕਰਨ ਦੀ ਤਜਵੀਜ਼ ਦੇ ਆਪਣੇ ਫੈਸਲੇ ਨੂੰ ਰੋਕਣ ਦਾ ਫੈਸਲਾ ਕੀਤਾ ਹੈ ਪਰ ਇਸ ਨਾਲ ਸਰਕਾਰੀ ਦਖ਼ਲ-ਅੰਦਾਜ਼ੀ ਖ਼ਤਮ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਹੁਣ ਕਹਿ ਰਹੀ ਹੈ ਕਿ ਸਾਰੇ ਸਬੰਧਿਤ ਵਿਅਕਤੀਆਂ ਨਾਲ ਇਸ ਮੁੱਦੇ 'ਤੇ ਵਿਚਾਰ ਵਟਾਂਦਰਾ ਕਰਨ ਲਈ ਅਤੇ ਉਚਿਤ ਫ਼ੈਸਲਾ ਲੈਣ ਲਈ ਕੈਬਨਿਟ ਸਬ-ਕਮੇਟੀ ਬਣਾਈ ਜਾਵੇਗੀ। ਉਨ੍ਹਾਂ ਸਰਕਾਰ ਨੂੰ ਸਵਾਲ ਉਠਾਇਆ ਕਿ ਉਹ ਅਜਿਹੀ ਦਖ਼ਲ-ਅੰਦਾਜ਼ੀ ਕਿਉਂ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਦੀ ਚੋਣ ਬੋਰਡ ਦੇ ਮੈਂਬਰਾਂ ਵੱਲੋਂ ਪਾਰਦਰਸ਼ੀ ਢੰਗ ਨਾਲ ਮੈਂਬਰਾਂ ਵਿੱਚੋਂ ਹੀ ਕੀਤੀ ਜਾਂਦੀ ਹੈ ਅਤੇ ਮੂਲ ਨਾਂਦੇੜ ਗੁਰਦੁਆਰਾ ਐਕਟ 1956 ਦੇ ਅਨੁਸਾਰ ਹੀ ਚੋਣ ਕਰਵਾਈ ਜਾਵੇ। ਉੱਧਰ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਸ ਸਬੰਧੀ 2016 ਵਿੱਚ ਕੀਤੀ ਸੋਧ ਨੂੰ ਵੀ ਰੱਦ ਕੀਤਾ ਜਾਣਾ ਚਾਹੀਦਾ ਹੈ।

# ਦੇਸ਼ ਅੰਦਰ ਬੋਲਣ ਲਿਖਣ 'ਤੇ ਪਾਬੰਦੀ ਇਲੈਕਟ੍ਰੋਨਿਕਸ ਅਤੇ ਸੂਚਨਾ ਮੰਤਰਾਲੇ ਨੇ ਸੋਸ਼ਲ ਮੀਡੀਆ ਦੇ 177 ਖਾਤੇ ਕੀਤੇ ਬਲਾਕ

ਨਵੀਂ ਦਿੱਲੀ 20 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਹਾਲ ਹੀ ਵਿੱਚ 'ਜਨਤਕ ਵਿਵਸਥਾ' ਨੂੰ ਬਣਾਈ ਰੱਖਣ ਦੀ ਲੋੜ ਦਾ ਹਵਾਲਾ ਦਿੰਦੇ ਹੋਏ, ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਜੁੜੇ 177 ਸੋਸ਼ਲ ਮੀਡੀਆ ਖਾਤਿਆਂ ਅਤੇ ਲਿੰਕਾਂ ਲਈ ਐਮਰਜੈਂਸੀ ਬਲਾਕ ਕਰਨ ਦੇ ਆਦੇਸ਼ ਜਾਰੀ ਕੀਤੇ ਹਨ।




ਪਿਛਲੇ ਹਫ਼ਤੇ ਗ੍ਰਹਿ ਮੰਤਰਾਲੇ ਵੱਲੋਂ ਕੀਤੀ ਗਈ ਬੇਨਤੀ ਤੋਂ ਬਾਅਦ ਸੋਮਵਾਰ ਨੂੰ ਇਨ੍ਹਾਂ ਹੁਕਮਾਂ ਨੂੰ ਅੰਤਿਮ ਰੂਪ ਦਿੱਤਾ ਗਿਆ। ਇਹ ਐਮਰਜੈਂਸੀ ਹੁਕਮ 14 ਫਰਵਰੀ ਨੂੰ ਜਾਰੀ ਕੀਤੇ ਅੰਤਮ ਹੁਕਮਾਂ ਦੀ ਪੂਰਤੀ ਕਰਦੇ ਹਨ।

ਕ੍ਰਮਵਾਰ 19 ਅਤੇ 14 ਫਰਵਰੀ ਨੂੰ ਜਾਰੀ ਕੀਤੇ ਅੰਤਮ ਬਲਾਕਿੰਗ ਆਦੇਸ਼ਾਂ ਦੇ ਦੋਵੇਂ ਆਦੇਸ਼, ਚੱਲ ਰਹੇ ਅੰਦੋਲਨ ਦੀ ਮਿਆਦ ਲਈ ਜਾਰੀ ਕੀਤੇ ਗਏ ਅਸਥਾਈ ਅਤੇ ਸ਼ਰਤੀਆ ਹਨ। ਵਿਰੋਧ ਪ੍ਰਦਰਸ਼ਨ ਖਤਮ ਹੋਣ ਤੋਂ ਬਾਅਦ, ਸੋਸ਼ਲ ਮੀਡੀਆ ਪਲੇਟਫਾਰਮਾਂ ਕੋਲ ਭਾਰਤ ਵਿੱਚ ਬਲੌਕ ਕੀਤੇ ਖਾਤਿਆਂ ਅਤੇ ਚੈਨਲਾਂ ਦੀ ਦਿੱਖ ਨੂੰ ਬਹਾਲ ਕਰਨ ਦਾ ਵਿਕਲਪ ਹੁੰਦਾ ਹੈ।

ਜਾਰੀ ਕੀਤੇ ਗਏ ਹੁਕਮਾਂ ਰਾਹੀਂ ਬਲਾਕ ਕੀਤੇ ਗਏ ਖਾਤਿਆਂ ਵਿੱਚ ਇਸ ਪੱਤਰਕਾਰ ਸਮੇਤ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀਕੇ, ਪਰਮਿੰਦਰ ਪਾਲ ਸਿੰਘ ਅਤੇ ਕਿਸਾਨੀ ਮੰਗਾ ਦਾ ਸਮਰਥਨ ਅਤੇ ਉਨ੍ਹਾਂ ਦੇ ਮੁੱਦਿਆਂ ਤੇ (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

21 ਤੋਂ 27 ਫਰਵਰੀ, 2024

## ਐਮ.ਐਸ.ਪੀ. ਨਾਲ ਕਿਸਾਨਾਂ ਦੇ ਨਾਲ ਆਮ ਲੋਕਾਂ ਦਾ ਵੀ ਫ਼ਾਇਦਾ ਹੋਣਾ ਤੈਅ

ਕਿਸਾਨ ਜਥੇਬੰਦੀਆਂ ਦੁਆਰਾ ਸਰਕਾਰ ਵੱਲੋਂ ਦਿੱਤੀਆਂ ਪੇਸ਼ਕਸ਼ਾਂ ਨੂੰ ਰੱਦ ਕਰਨ ਤੋਂ ਬਾਅਦ ਕਿਸਾਨਾਂ ਨੇ ਦੁਬਾਰਾ ਤੋਂ ਦਿੱਲੀ ਜਾਣ ਅਤੇ ਓਥੇ ਜਾ ਕੇ ਧਰਨਾ/ਪ੍ਰਦਰਸ਼ਨ ਕਰਨ ਦੀ ਗੱਲ ਦੁਹਰਾਈ ਹੈ। ਇਸ ਤੋਂ ਪਹਿਲਾਂ 13 ਫਰਵਰੀ ਨੂੰ ਦਿੱਲੀ ਚਲੋ ਦਾ ਹੋਕਾ ਦਿੱਤਾ ਗਿਆ ਸੀ, ਤਿੰਨ ਦਿਨ ਲੋਕ ਨਾਕੇ ਤੋੜਨ ਦੀ ਕੋਸ਼ਿਸ਼ ਕਰਦੇ ਰਹੇ, ਤੇ ਇੰਡੀਆ ਦੀ ਪੁਲਿਸ ਲਗਾਤਾਰ ਵੱਖ-ਵੱਖ ਤਰ੍ਹਾਂ ਤਸ਼ੱਦਦ ਕਰਦੀ ਰਹੀ, ਇਸੇ ਦੌਰਾਨ ਸਰਕਾਰ ਨੇ ਬੈਠ ਕੇ ਗੱਲ ਕਰਨ ਦੀ ਪੇਸ਼ਕਸ਼ ਕੀਤੀ ਤੇ ਕੁਝ ਬੈਠਕਾਂ ਸਰਕਾਰ ਅਤੇ ਕਿਸਾਨਾਂ ਦਰਮਿਆਨ ਹੋਈਆਂ ਪਰ ਕੋਈ ਸਿੱਟਾ ਨਾ ਨਿਕਲਿਆ।

ਕਿਸਾਨ ਮੋਰਚੇ ਦੀਆਂ ਮੰਗਾਂ ਵਿੱਚੋਂ ਫ਼ਸਲਾਂ ਲਈ ਐਮ.ਐਸ.ਪੀ. (ਸਰਕਾਰੀ ਖਰੀਦ ਮੁੱਲ) ਲਈ ਮੁੱਖ ਮੰਗ ਹੈ। ਸਰਕਾਰ ਵੀ ਭਾਵੇਂ ਇਹ ਗੱਲ ਕਹਿੰਦੀ ਹੈ ਕਿ ਉਹ ਕੁਝ ਫ਼ਸਲਾਂ ਲਈ ਕਿਸਾਨਾਂ ਨੂੰ ਸਰਕਾਰੀ ਮੁੱਲ ਦੇ ਰਹੀ ਹੈ, ਪਰ ਇਸ ਦਾ ਲਾਭ ਸਿਰਫ਼ 6% ਕਿਸਾਨਾਂ ਨੂੰ ਹੀ ਮਿਲਦਾ ਹੈ, ਇਸ ਤੋਂ ਅਗਾਂਹ ਪੰਜਾਬ ਦਾ ਕਸੂਰ ਇਸ ਲਈ ਕੱਢਿਆ ਜਾਂਦਾ ਹੈ ਕਿ ਸਾਰਾ ਐਮ.ਐਸ.ਪੀ. ਫੰਡ ਪੰਜਾਬ ਦੇ ਕਿਸਾਨ ਹੀ ਲੈ ਜਾਂਦੇ ਹਨ। ਸਰਕਾਰ ਆਪਣੀ ਗਲਤੀ ਇਸ ਗੱਲ ਵਿਚ ਨਹੀਂ ਮੰਨਦੀ ਕਿ ਉਹ ਇੰਡੀਆ ਦੇ ਸਾਰੇ ਕਿਸਾਨਾਂ ਨੂੰ ਸਰਕਾਰੀ ਮੁੱਲ ਦੇਣ ਵਿੱਚ ਨਾਕਾਮ ਹੋਈ ਹੈ। ਪੰਜਾਬ ਹਰਿਆਣਾ ਤੋਂ ਬਾਹਰ ਸਰਕਾਰ ਨੇ ਕਦੇ ਕਿਸਾਨਾਂ ਦੀ ਫਸਲ ਸਰਕਾਰੀ ਮੁੱਲ ਤੇ ਖਰੀਦਣ/ਵੇਚਣ ਦਾ ਪ੍ਰਬੰਧ ਨਹੀਂ ਕੀਤਾ, ਜਿਸ ਦੇ ਨਤੀਜੇ ਵਜੋਂ ਕਿਸਾਨਾਂ ਨੂੰ ਲਗਾਤਾਰ ਘਾਟਾ ਸਹਿਣਾ ਪੈਂਦਾ ਹੈ।

ਪੰਜਾਬ/ਹਰਿਆਣਾ ਵਿੱਚ ਵੀ ਸਿਰਫ਼ ਕਣਕ/ਝੋਨੇ ਦੀ ਹੀ ਸਰਕਾਰੀ ਮੁੱਲ 'ਤੇ ਖਰੀਦ ਹੁੰਦੀ ਹੈ, ਬਾਕੀ ਕਿਸੇ ਫ਼ਸਲ/ਅਨਾਜ ਦੀ ਖਰੀਦ ਵੇਲੇ ਸਰਕਾਰੀ ਮੁੱਲ ਨੂੰ ਲਾਗੂ ਨਹੀਂ ਕੀਤਾ ਜਾਂਦਾ। ਸਰਕਾਰ ਵਾਰ ਵਾਰ ਖੇਤੀ ਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਬਿਆਨ ਦਿੰਦੀ ਹੈ, ਜਦਕਿ ਸਰਕਾਰੀ ਖਰੀਦ ਸਿਰਫ਼ ਕਣਕ/ਝੋਨੇ ਦੀ ਹੀ ਹੁੰਦੀ ਹੈ। ਕਿਸਾਨਾਂ ਵੱਲੋਂ ਆਲੂ/ਕਿੰਨੂ/ਟਮਾਟਰ ਆਦਿ ਕਿੰਨੀਆਂ ਹੀ ਫਸਲਾਂ ਨੂੰ ਸੜਕਾਂ ਉੱਪਰ ਸੁੱਟਣ ਦੀਆਂ ਖ਼ਬਰਾਂ ਆਮ ਹੀ ਅਖ਼ਬਾਰਾਂ ਵਿੱਚ ਛਪਦੀਆਂ ਰਹਿੰਦੀਆਂ ਹਨ। ਇਥੇ ਵੀ ਸਰਕਾਰ ਦਾ ਫ਼ਸਲੀ ਭਿੰਨਤਾ ਨੂੰ ਉਤਸ਼ਾਹਿਤ ਕਰਨ ਦਾ ਪਖੰਡ ਉਜਾਗਰ ਹੁੰਦਾ ਹੈ। ਜਦਕਿ ਸਿਰਫ਼ ਕਣਕ/ਝੋਨੇ ਦੇ ਫ਼ਸਲੀ ਚੱਕਰ ਕਰਕੇ ਪੰਜਾਬ ਹਰਿਆਣਾ ਦੇ ਜ਼ਮੀਨੀ ਪਾਣੀ ਦਾ ਵੱਡਾ ਨੁਕਸਾਨ ਹੋ ਰਿਹਾ ਹੈ ਅਤੇ ਪਰਾਲੀ ਦੇ ਧੂੰਏਂ ਕਰਕੇ ਵਾਤਾਵਰਨ ਦਾ ਵੀ ਵੱਡੀ ਪੱਧਰ 'ਤੇ ਨੁਕਸਾਨ ਹੁੰਦਾ ਹੈ।

ਸਰਕਾਰੀ ਮੁੱਲ ਦੇ ਲਾਗੂ ਹੋਣ ਦੇ ਮੱਦੇ-ਨਜ਼ਰ ਲੋਕਾਂ ਨੂੰ ਡਰਾਉਣ ਦੇ ਲਈ ਦਿੱਲੀ ਦਰਬਾਰ ਨੇ ਆਪਣੇ ਵਫ਼ਾਦਾਰਾਂ ਨੂੰ ਝੂਠੀਆਂ ਗੱਲਾਂ ਫੈਲਾਉਣ ਦੇ ਲਈ ਖੜ੍ਹਾ ਕੀਤਾ ਹੋਇਆ ਹੈ, ਜਿਨ੍ਹਾਂ ਦੁਆਰਾ ਇਹ ਝੂਠ ਫੈਲਾਇਆ ਜਾ ਰਿਹਾ ਹੈ ਕਿ ਐਮ.ਐਸ.ਪੀ. ਨਾਲ ਬਹੁਤ ਜ਼ਿਆਦਾ ਮਹਿੰਗਾਈ ਵੱਧ ਜਾਵੇਗੀ ਅਤੇ ਲੋੜੀਂਦੀਆਂ ਚੀਜ਼ਾਂ ਦੇ ਨਾਲ ਨਾਲ ਪੈਟਰੋਲ/ਡੀਜ਼ਲ ਦੀਆਂ ਕੀਮਤਾਂ ਵੀ 100% ਤੋਂ 200% ਵੱਧ ਜਾਣਗੀਆਂ। ਜਦਕਿ ਅਜਿਹਾ ਨਹੀਂ ਹੈ, ਸਰਕਾਰੀ ਮੁੱਲ ਦੇ ਲਾਗੂ ਹੋਣ ਨਾਲ ਆਮ ਲੋਕਾਂ ਦੀ ਵੀ ਵਪਾਰੀਆਂ ਹੱਥੋਂ ਲੁੱਟ ਬੰਦ ਹੋ ਜਾਵੇਗੀ। ਜਿਸ ਨਾਲ ਲੋਕਾਂ ਨੂੰ ਅਚਾਨਕ ਵਧਦੀਆਂ ਸਬਜ਼ੀਆਂ/ਫਲਾਂ ਦੀਆਂ ਕੀਮਤਾਂ ਕਰ ਕੇ ਵਪਾਰੀਆਂ ਹੱਥੋਂ ਲੁਟਾ ਨਹੀਂ ਹੋਣਾ ਪਵੇਗਾ।

ਕਿਸਾਨਾਂ ਨੂੰ ਐਮ.ਐਸ.ਪੀ. ਹੋਣੀ ਬਹੁਤ ਜਰੂਰੀ ਹੈ, ਜਦੋਂ ਕਿਸਾਨ ਦੀ ਫ਼ਸਲ ਪੱਕਦੀ ਹੈ ਤਾਂ ਅਚਾਨਕ ਮੰਡੀ ਵਿਚ ਲੋੜ ਤੋਂ ਜਿਆਦਾ ਮਾਲ ਆ ਜਾਂਦਾ ਹੈ, ਜਿਸ ਕਰਕੇ ਭਾਅ ਡਿੱਗਣੇ ਹੀ ਹੁੰਦੇ ਹਨ। ਇਥੇ ਸਰਕਾਰੀ ਮੁੱਲ ਕਿਸਾਨਾਂ ਨੂੰ ਵਪਾਰੀਆਂ ਹੱਥੋਂ ਲੁੱਟ ਤੋਂ ਬਚਾ ਸਕਦਾ ਹੈ।

ਐਮ.ਐਸ.ਪੀ. ਜਿਥੇ ਕਿਸਾਨਾਂ ਦੀ ਲੋੜ ਹੈ, ਕਿਸਾਨਾਂ ਦਾ ਭਲਾ ਕਰੇਗੀ, ਓਥੇ ਆਮ ਲੋਕਾਂ ਦਾ ਵੀ ਭਲਾ ਕਰੇਗੀ। ਸਰਕਾਰ ਨੂੰ ਵੀ ਅਜਿਹਾ ਹੋਣ ਨਾਲ ਅੰਨ ਸੁਰੱਖਿਆ ਦਾ ਫਾਇਦਾ ਮਿਲੇਗਾ। ਲੋਕਾਂ ਦੇ ਉਪਰ ਉੱਠਣ ਨਾਲ ਸਰਕਾਰ ਵੀ ਮਜ਼ਬੂਤ ਬਣ ਸਕੇਗੀ। ਹੁਣ ਲੋੜ ਹੈ ਕਿ ਪੰਜਾਬ/ਹਰਿਆਣਾ ਦੇ ਕਿਸਾਨਾਂ ਦੇ ਨਾਲ ਪੂਰੇ ਇੰਡੀਆ ਦੇ ਕਿਸਾਨ ਆ ਕੇ ਸੰਘਰਸ਼ ਵਿੱਚ ਜੁੜਨ, ਨਾਲ ਹੀ ਆਮ ਲੋਕ ਵੀ ਕਿਸਾਨਾਂ ਦਾ ਸਾਥ ਦੇਣ।

### ਯੂਪੀ ਵਿੱਚ ਰਾਹੁਲ ਗਾਂਧੀ ਦਾ ਜਾਗਰੂਕਤਾ ਪ੍ਰਚਾਰ

ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਦੇ ਵਿੱਚ ਰਾਹੁਲ ਗਾਂਧੀ ਨੇ ਵੱਖ-ਵੱਖ ਰੈਲੀਆਂ ਕੱਢਣ ਅਤੇ ਜਨਤਾ ਨੂੰ ਮਿਲਣ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਰਾਹੁਲ ਗਾਂਧੀ ਨੇ ਕਾਂਗਰਸ ਦੀ ਹਾਲਤ ਵੇਖਦੇ ਹੋਏ ਪਿਛਲੇ ਸਾਲਾਂ ਵਿੱਚ ਸਖ਼ਤ ਮਿਹਨਤ ਦੁਆਰਾ ਪਾਰਟੀ ਨੂੰ ਫੇਰ ਤੋਂ ਪੈਰਾਂ ਸਿਰ ਕਰਨ ਦਾ ਬੇੜਾ ਚੁੱਕਿਆ ਹੈ, ਪਰ ਇਸ ਦੇ ਬਾਵਜੂਦ ਕਾਂਗਰਸ ਦੀ ਹਾਲਤ ਖਰਾਬ ਹੁੰਦੀ ਜਾ ਰਹੀ ਹੈ।

ਅਜਿਹਾ ਲੱਗਦਾ ਹੈ ਕਿ ਵਾਰ-ਵਾਰ ਹਾਰ ਦੇ ਬਾਵਜੂਦ ਰਾਹੁਲ ਗਾਂਧੀ ਨੇ ਹੁਣ ਹਾਰ ਪਿਛਲੀ ਅਸਲ ਗੱਲ ਨੂੰ ਫੜਨਾ ਸ਼ੁਰੂ ਕਰ ਦਿੱਤਾ ਹੈ, ਯੂਪੀ ਵਿੱਚ ਵਿਚਰਦਿਆਂ ਉਸ ਨੇ ਅਪਣਾ ਅਤੇ ਪਾਰਟੀ ਦਾ ਚੋਣ ਪ੍ਰਚਾਰ ਘੱਟ ਕੀਤਾ ਹੈ, ਸਗੋਂ ਜਨਤਾ ਨੂੰ ਜਾਗਰੂਕ ਕਰਨ ਅਤੇ ਪੜ੍ਹਾਉਣ ਦਾ ਜ਼ਿਆਦਾ ਜ਼ੋਰ ਲਗਾਇਆ ਹੋਇਆ ਹੈ। ਜਿਸ ਮੋਬਾਈਲ ਫੋਨ ਨੈੱਟਵਰਕ ਦੀ ਸ਼ੁਰੂਆਤ ਅਤੇ ਇਸ ਦੀ ਤੇਜ਼ੀ ਲਿਆਉਣ ਵਿੱਚ ਯੂ.ਪੀ.ਏ. ਸਰਕਾਰ ਨੇ ਪਹਿਲ ਕੀਤੀ ਸੀ, ਉਸ ਮੋਬਾਈਲ ਫੋਨ ਨੂੰ ਆਪਣੀ ਤਾਕਤ ਵਧਾਉਣ ਲਈ ਭਾਜਪਾ ਨੇ ਬਾਖ਼ੂਬੀ ਵਰਤਿਆ ਅਤੇ ਕਾਂਗਰਸ ਨੂੰ ਖੂੰਜੇ ਲਗਾ ਦਿੱਤਾ। ਰਾਹੁਲ ਗਾਂਧੀ ਨੇ ਆਪਣੇ ਸੰਬੋਧਨ ਵਿੱਚ ਜਨਤਾ, ਖਾਸ ਕਰ ਨੌਜਵਾਨਾਂ ਨੂੰ ਮੋਬਾਈਲ ਫੋਨਾਂ ਵਿਚੋਂ ਬਾਹਰ ਆ ਕੇ ਦੇਸ਼ ਦੀ ਹਾਲਤ ਵੱਲ ਧਿਆਨ ਦੇਣ ਲਈ ਆਖਿਆ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸੀਹਤ ਦਿੰਦਿਆਂ ਆਖਿਆ ਕਿ ਉਹ ਦਿਨ ਦੇ ਅੱਠ-ਅੱਠ ਘੰਟੇ ਮੋਬਾਈਲ ਤੇ ਵੀਡਿਓ ਦੇਖਦਿਆਂ ਬਰਬਾਦ ਕਰਦੇ ਹਨ, ਵੀਡੀਓ ਤਸਵੀਰਾਂ ਇੱਕ ਦੂਜੇ ਨੂੰ ਭੇਜਣ ਵਿੱਚ ਰੁੱਝੇ ਰਹਿੰਦੇ ਹਨ, ਨਸ਼ਿਆਂ ਜਾਂ ਕ੍ਰਿਕਟ ਵਿੱਚ ਪਾਗਲ ਹੋਏ ਰਹਿੰਦੇ ਹਨ, ਓਥੇ ਦੂਜੇ ਪਾਸੇ ਦੇਸ਼ ਬਰਬਾਦ ਹੋ ਰਿਹਾ ਹੈ। ਅਡਾਨੀ, ਅੰਬਾਨੀ ਨੇ ਜਨਤਾ ਦੇ ਹੱਥ ਵਿੱਚ ਫੋਨ ਫੜਾ ਦਿੱਤਾ ਹੈ, ਪਰ ਉਹ ਖੁਦ ਆਪਣਾ ਸਮਾਂ ਫੋਨ ਵਿਚ ਬਰਬਾਦ ਨਹੀਂ ਕਰਦੇ, ਸਗੋਂ ਉਨ੍ਹਾਂ ਨੂੰ ਲੁੱਟ ਰਹੇ ਹਨ।

ਤਾਕਤ ਵਿੱਚ ਹੁੰਦਿਆਂ ਕਾਂਗਰਸ ਨੇ ਆਪ ਵੀ ਵਿਰੋਧੀਆਂ ਨੂੰ ਇਸੇ ਤਰ੍ਹਾਂ ਅਖ਼ਬਾਰਾਂ, ਟੀ.ਵੀ. ਵਿਚੋਂ ਗਾਇਬ ਹੀ ਕਰ ਦਿੱਤਾ ਸੀ। ਘਟਗਿਣਤੀਆਂ ਖਾਸ ਕਰ ਸਿੱਖਾਂ ਨੂੰ ਜਿਸ ਤਰ੍ਹਾਂ ਕਾਂਗਰਸ ਨੇ ਨਿਸ਼ਾਨੇ 'ਤੇ ਰੱਖਿਆ ਸੀ, ਉਸ ਤਰਜ਼ 'ਤੇ ਭਾਜਪਾ ਸਰਕਾਰ ਨੇ ਵਿਰੋਧੀ ਪਾਰਟੀਆਂ ਦੇ ਪੈਰਾਂ ਹੇਠੋਂ ਜ਼ਮੀਨ ਵੀ ਖੋਹ ਲਈ ਹੈ। ਰਾਹੁਲ ਗਾਂਧੀ ਨੇ ਜਿਸ ਤਰ੍ਹਾਂ ਯੂ.ਪੀ. ਦੇ ਨੌਜਵਾਨਾਂ ਨੂੰ ਸਰਕਾਰਾਂ ਦੁਆਰਾ ਖੇਡਾਂ, ਨਸ਼ਿਆਂ ਅਤੇ ਫੋਨਾਂ ਰਾਹੀਂ ਬਣਾਈ ਚਕਾਚੌਂਧ ਤੋਂ ਬਚਣ ਲਈ ਕਿਹਾ ਹੈ, ਇਹ ਆਮ ਗੱਲ ਨਹੀਂ ਹੈ ਕਿਉਂਕਿ ਰਾਹੁਲ ਗਾਂਧੀ ਕਦੇ ਉਸੇ ਸਰਕਾਰ ਦਾ ਹਿੱਸਾ ਰਿਹਾ ਹੈ। ਹੁਣ ਜਿਸ ਦਿਸ਼ਾ ਵੱਲ ਇੰਡੀਆ ਵੱਧ ਰਿਹਾ ਹੈ, ਇਥੇ ਵੱਸਣ ਵਾਲੇ ਸਮੂਹ ਦੱਬੇ ਕੁਚਲੇ ਲੋਕਾਂ ਨੂੰ ਆਪਣੀ ਰਵਾਇਤੀ ਸਮਝ ਵਿਚੋਂ ਅਜੋਕੀਆਂ ਸਰਕਾਰਾਂ ਦੇ ਅਜਿਹੇ ਕਦਮਾਂ ਦੀ ਨਿਸ਼ਾਨਦੇਹੀ ਕਰਦਿਆਂ ਬੱਚਿਆਂ ਨੂੰ ਇਨ੍ਹਾਂ ਗੱਲਾਂ ਵੱਲੋਂ ਬਚਾ ਕੇ ਆਪਣੇ ਰਵਾਇਤੀ ਪ੍ਰਬੰਧ ਖੜ੍ਹੇ ਕਰਨੇ ਚਾਹੀਦੇ ਹਨ, ਤਾਂ ਜੋ ਸਰਕਾਰ ਵੱਲੋਂ ਖੜ੍ਹੇ ਕੀਤੇ ਝੂਠੇ ਬਿਰਤਾਂਤ ਨਾਲ ਲੜਿਆ ਜਾ ਸਕੇ।

ਧੰਨਵਾਦ,
ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਲੋਕਰਾਜ ਤੋਂ ਵੋਟ ਰਾਜ 'ਚ ਬਦਲ ਰਿਹਾ



ਡਾ. ਰਣਜੀਤ ਸਿੰਘ

ਭਾਰਤ ਨੂੰ ਲੋਕਰਾਜ ਬਣਿਆ ਅੱਠਵਾਂ ਦਹਾਕਾ ਜਾ ਰਿਹਾ ਹੈ। ਦੇਖਣਾ ਇਹ ਹੈ ਕਿ ਦੇਸ਼ ਵਿੱਚ ਕੀ ਸੱਚਮੁੱਚ ਲੋਕਾਂ ਦਾ ਰਾਜ ਹੈ। ਅਮਰੀਕਾ ਦੇ ਰਾਸ਼ਟਰਪਤੀ ਲਿੰਕਨ ਨੇ ਲੋਕਰਾਜ ਦੀ ਪਰਿਭਾਸ਼ਾ ਦਿੰਦੇ ਹੋਏ ਆਖਿਆ ਸੀ- 'ਲੋਕਾਂ ਦੁਆਰਾ ਬਣਾਈ ਗਈ, ਲੋਕਾਂ ਲਈ ਤੇ ਲੋਕਾਂ ਦੀ ਸਰਕਾਰ ਨੂੰ ਲੋਕਰਾਜ ਆਖਿਆ ਜਾ ਸਕਦਾ ਹੈ।' ਸਮੇਂ ਦੇ ਬੀਤਣ ਨਾਲ ਲੋਕਰਾਜ ਪਰਪੱਕ ਹੋਣਾ ਚਾਹੀਦਾ ਸੀ ਪਰ ਹੁਣ ਇਸ ਵਿੱਚ ਨਿਘਾਰ ਆ ਰਿਹਾ ਹੈ। ਇਹ ਕੇਵਲ ਲੋਕਾਂ ਦੁਆਰਾ ਬਣਾਈ ਸਰਕਾਰ ਤਕ ਹੀ ਸੀਮਤ ਹੋ ਗਿਆ ਹੈ। ਅਸਲ ਵਿੱਚ ਲੋਕਰਾਜ ਵੋਟ ਰਾਜ ਬਣ ਰਿਹਾ ਹੈ। ਲੋਕਾਂ ਦੀ ਯਾਦ ਰਾਜਸੀ ਪਾਰਟੀਆਂ ਨੂੰ ਉਦੋਂ ਹੀ ਆਉਂਦੀ ਹੈ ਜਦੋਂ ਚੋਣਾਂ ਨੇੜੇ ਆਉਂਦੀਆਂ ਹਨ। ਲੋਕਾਂ ਦੀਆਂ ਵੋਟਾਂ ਨਾਲ ਚੁਣੇ ਗਏ ਨੁਮਾਇੰਦੇ ਲੋਕ ਹਿਤਾਂ ਦੀ ਰਾਖੀ ਕਰਨ ਦੀ ਥਾਂ ਆਪਣੀ ਕੁਰਸੀ ਦੀ ਰਾਖੀ ਵਲ ਵਧੇਰੇ ਧਿਆਨ ਦੇ ਰਹੇ ਹਨ। ਅਸਲ ਵਿੱਚ ਉਹ ਪੁਰਾਣੇ ਰਾਜਿਆਂ ਵਾਂਗ ਵਿਚਰਦੇ ਹਨ। ਉਨ੍ਹਾਂ ਦੀ ਦੇਖੀ ਦੇਖਾ ਅਫ਼ਸਰਸ਼ਾਹੀ ਵੀ ਲੋਕਾਂ ਦੇ ਹਾਕਮ ਹੀ ਬਣ ਗਈ ਹੈ। ਅਸਲ ਵਿੱਚ ਅੰਗਰੇਜ਼ ਦੀ ਅਫਸਰਸ਼ਾਹੀ ਤੇ ਹੁਣ ਦੀ ਅਫਸਰਸ਼ਾਹੀ ਦੇ ਕੰਮ ਵਿੱਚ ਕੋਈ ਫ਼ਰਕ ਨਹੀਂ ਆਇਆ ਸਗੋਂ ਇਸ ਵਿਚ ਨਿਘਾਰ ਹੀ ਆਇਆ ਹੈ। ਇਮਾਨਦਾਰੀ ਦੀ ਥਾਂ ਰਿਸ਼ਵਤਖੋਰੀ ਅਤੇ ਸਿਫਾਰਸ਼ਾਂ ਭਾਰੂ ਹਨ। ਰਾਜਸੀ ਪਾਰਟੀਆਂ ਚੋਣਾਂ ਆਪਣੀ ਪਾਰਟੀ ਦੇ ਫ਼ਲਸਫ਼ੇ ਆਧਾਰਿਤ ਨਹੀਂ ਲੜਦੀਆਂ ਸਗੋਂ ਇੱਕ ਦੂਜੇ ਦੇ ਮੁਕਾਬਲੇ ਚਿਕੜ ਰਾਜਨੀਤੀ ਅਤੇ ਮੁਫ਼ਤਖੋਰੀ ਆਧਾਰਿਤ ਪ੍ਰਚਾਰ ਕੀਤਾ ਜਾਂਦਾ ਹੈ। ਪ੍ਰਚਾਰ ਦਾ ਦੂਜਾ ਢੰਗ ਕਿਸੇ ਵਿਅਕਤੀ ਵਿਸ਼ੇਸ਼ ਨੂੰ ਸੂਬੇ ਦਾ ਭਵਿੱਖੀ ਮੁੱਖ ਮੰਤਰੀ ਅਤੇ ਦੇਸ਼ ਦਾ ਪ੍ਰਧਾਨ ਮੰਤਰੀ ਐਲਾਨ ਕੇ ਉਸ ਦੇ ਨਾਮ ਉਤੇ ਵੋਟਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਪ੍ਰਧਾਨ ਮੰਤਰੀ ਦੀ ਚੋਣ ਬਹੁਮਤ ਪ੍ਰਾਪਤ ਪਾਰਟੀ ਦੇ ਲੋਕ ਸਭਾ ਮੈਂਬਰ ਕਰਦੇ ਹਨ ਪਰ ਜਦੋਂ ਪ੍ਰਧਾਨ ਮੰਤਰੀ ਬਾਰੇ ਪਹਿਲਾਂ ਹੀ ਐਲਾਨ ਹੋ ਜਾਂਦਾ ਹੈ ਅਤੇ ਮੈਂਬਰ ਵੀ ਉਸੇ ਦੇ ਨਾਮ ਹੇਠ ਵੋਟਾਂ ਪ੍ਰਾਪਤ ਕਰਦੇ ਹਨ ਤਾਂ ਮੈਂਬਰਾਂ ਦੀ ਇਹ ਸ਼ਕਤੀ ਖ਼ਤਮ ਹੋ ਜਾਂਦੀ ਹੈ। ਸਰਕਾਰ ਦੇ ਸਾਰੇ ਫ਼ੈਸਲੇ ਕੈਬਨਿਟ ਦੀ ਮੀਟਿੰਗ ਵਿੱਚ ਹੁੰਦੇ ਹਨ ਪਰ ਕੈਬਨਿਟ ਦੇ ਵਜ਼ੀਰ ਪ੍ਰਧਾਨ ਮੰਤਰੀ ਬਣਾਉਂਦੇਹਨ। ਇਸ ਕਰ ਕੇ ਕਿਸੇ ਵੀ ਮੰਤਰੀ ਦੀ ਹਿੰਮਤ ਨਹੀਂ ਪੈਂਦੀ ਕਿ ਉਹ ਸਰਕਾਰ ਦੇ ਫ਼ੈਸਲੇ ਉਤੇ ਕਿੰਤੂ ਕਰ ਸਕੇ। ਜੇ ਕੋਈ ਅਜਿਹਾ ਕਰਦਾ ਹੈ ਤਾਂ ਉਸ ਨੂੰ ਆਪਣੀ ਵਜ਼ੀਰੀ ਤੋਂ ਹੱਥ ਧੋਣੇ ਪੈਂਦੇ ਹਨ। ਕੈਬਨਿਟ ਵਿੱਚ ਵਿਚਾਰੇ ਬਿਲਾਂ ਨੂੰ ਪਾਰਲੀਮੈਂਟ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਕਰ ਕੇ ਪਾਸ ਕਰਦੀ ਹੈ। ਉਸ ਪਿਛੋਂ ਹੀ ਇਨ੍ਹਾਂ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲੈ ਕੇ ਲਾਗੂ ਕੀਤਾ ਜਾਂਦਾ ਹੈ ਪਰ ਪਾਰਲੀਮੈਂਟ ਵਿੱਚ ਉਸਾਰੂ ਬਹਿਸ ਬੀਤੇ ਦੀ ਗੱਲ ਬਣ ਗਈ ਹੈ। ਹੁਣ ਪਾਰਲੀਮੈਂਟ ਵਿੱਚ ਬਹਿਸ ਹੁੰਦੀ ਹੀ ਨਹੀਂ। ਵਿਰੋਧੀ ਧਿਰ ਕਿਸੇ ਨਾ ਕਿਸੇ ਮੁੱਦੇ ਨੂੰ ਲੈ ਕੇ ਪਾਰਲੀਮੈਂਟ ਚੱਲਣ ਹੀ ਨਹੀਂ ਦਿੰਦੀ ਪਰ ਜਦੋਂ ਵਿਰੋਧੀ ਪਾਰਟੀ ਪਾਰਲੀਮੈਂਟ ਵਿੱਚ ਨਾਅਰੇ ਲਗਾਉਂਦੀ ਹੋਈ ਬਾਹਰ ਚਲੀ ਜਾਂਦੀ ਹੈ ਤਾਂ ਬਿਨਾਂ ਕਿਸੇ ਵਿਚਾਰ ਵਟਾਂਦਰੇ ਦੇ ਬਿਲ ਪਾਸ ਹੋ ਜਾਂਦੇ ਹਨ। ਇੰਝ ਇੱਕ ਤਰ੍ਹਾਂ ਨਾਲ ਦੇਸ਼ ਵਿੱਚ ਪ੍ਰਧਾਨ ਮੰਤਰੀ ਰਾਜ ਹੀ ਲਾਗੂ ਹੋ ਜਾਂਦਾ ਹੈ।

ਕਾਨੂੰਨੀ ਤੌਰ ਉਤੇ ਭਾਵੇਂ ਸਾਰਿਆਂ ਨੂੰ ਬਰਾਬਰੀ ਦਿੱਤੀ ਗਈ ਹੈ ਪਰ ਅਮਲੀ ਰੂਪ ਵਿੱਚ ਅਜੇ ਵੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਪੱਧਰ 'ਤੇ ਚੋਖਾ ਵਿਤਕਰਾ ਕਾਇਮ ਹੈ। ਪਿਛਲੇ ਦਿਨੀਂ ਪ੍ਰਕਾਸ਼ਿਤ ਹੋਈ ਰਿਪੋਰਟ ਅਨੁਸਾਰ ਸੰਸਾਰ ਦੇ 147 ਗਰੀਬ ਦੇਸ਼ਾਂ ਵਿੱਚ ਭਾਰਤ ਦਾ 107ਵਾਂ ਨੰਬਰ ਹੈ। ਸਰਕਾਰੀ ਅੰਕੜਿਆਂ ਅਨੁਸਾਰ 28% ਵਸੋ ਗਰੀਬੀ ਦੀ ਰੇਖਾ ਤੋਂ ਹੇਠਾਂ ਹੈ। ਅਸਲ ਵਿੱਚ ਗਿਣਤੀ ਇਸ ਤੋਂ ਵੱਧ ਹੈ। ਇਨ੍ਹਾਂ ਲੋਕਾਂ ਕੋਲ ਆਪਣੇ ਘਰ ਨਹੀਂ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਅੱਧੇ ਬੱਚੇ ਭੁੱਖਮਰੀ ਦੇ ਸ਼ਿਕਾਰ ਹਨ। ਸਰਕਾਰ ਪਿਛਲੇ ਕਈ ਸਾਲਾਂ ਤੋਂ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਦੇ ਰਹੀ ਹੈ। ਇਸ ਦਾ ਅਰਥ ਹੋਇਆ ਕਿ ਦੇਸ਼ ਦੀ ਅੱਧੀ ਆਬਾਦੀ ਆਪਣੀ ਰੋਟੀ ਦੇ ਸਮਰੱਥ ਨਹੀਂ ਹੈ। ਤਿੰਨ ਚੌਥਾਈ ਬੱਚੇ ਹਾਈ ਸਕੂਲ ਪਾਸ ਨਹੀਂ ਕਰਦੇ। ਵਸੋਂ ਦੇ ਕੋਈ 20 ਪ੍ਰਤੀਸ਼ਤ ਲੋਕ ਹੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਰੱਖਦੇ ਹਨ ਅਤੇ ਇਨ੍ਹਾਂ ਦੇ ਕਬਜ਼ੇ ਵਿਚ ਹੀ ਨੌਕਰੀਆਂ ਹਨ। ਰਿਸ਼ਵਤ ਦਾ ਹਰ ਪਾਸੇ ਬੋਲਬਾਲਾ ਹੈ। ਲੋਕ ਆਪਣੀਆਂ ਵੋਟਾਂ ਨਾਲ ਆਪਣੇ ਆਗੂਆਂ ਦੀ ਚੋਣ ਕਰਦੇ ਹਨ। ਇੰਝ ਲੋਕ ਹੀ ਆਗੂਆਂ ਨੂੰ ਤਾਕਤ ਬਖਸ਼ਦੇ ਹਨ। ਆਗੂਆਂ ਉਤੇ ਇਹ ਜ਼ਿੰਮੇਵਾਰੀ ਆਉਂਦੀਹੈ ਕਿ ਉਹ ਲੋਕ ਹੱਕਾਂ ਦੀ ਰਾਖੀ ਕਰਨ। ਜੇਕਰ ਦਫ਼ਤਰਾਂ ਵਿੱਚ ਲੋਕਾਂ ਦਾ ਮਾਣ-ਸਨਮਾਨ ਨਹੀਂ ਹੁੰਦਾ, ਉਨ੍ਹਾਂ ਦੇ ਕੰਮ ਕਰਨ ਵਿੱਚ ਦੇਰੀ ਕੀਤੀ ਜਾਂਦੀ ਹੈ ਜਾਂ ਉਨ੍ਹਾਂ ਤੋਂ ਰਿਸ਼ਵਤ ਮੰਗੀ ਜਾਂਦੀ ਹੈ ਤਾਂ ਕਰਮਚਾਰੀ ਵਿਰੁੱਧ ਢੁੱਕਵੀਂ ਕਾਰਵਾਈ ਹੋਣੀ ਚਾਹੀਦੀ ਹੈ। ਕਰਮਚਾਰੀ ਲੋਕਾਂ ਦੇ ਨੌਕਰ ਹਨ। ਲੋਕਾਂ ਦਾ ਸਤਿਕਾਰ ਕਰਨਾ ਉਨ੍ਹਾਂ ਦਾ ਫ਼ਰਜ਼ ਬਣਦਾ ਹੈ। ਸਹੀ ਅਰਥਾਂ ਵਿੱਚ ਉਹ ਦੇਸ਼ ਹੀ ਲੋਕਰਾਜ ਵਾਲੇ ਤੇ ਵਿਕਸਤ ਹਨ, ਜਿਥੇ ਮਨੁੱਖ ਦੀ ਕਦਰ ਕੀਤੀ ਜਾਂਦੀ ਹੈ। ਇਨ੍ਹਾਂ ਦੇਸ਼ਾਂ ਵਿੱਚ ਸਰਕਾਰੀ ਕਰਮਚਾਰੀ ਜਿਸ ਵਿੱਚ ਪੁਲਿਸ ਵੀ ਸ਼ਾਮਿਲ ਹੈ, ਲੋਕਾਂ ਨੂੰ 'ਸਰ' ਆਖ ਕੇ ਸੰਬੋਧਨ ਕਰਦੇ ਹਨ ਤੇ ਬਹੁਤ ਹੀ ਸਤਿਕਾਰ ਨਾਲ ਗੱਲ ਕਰਦੇ ਹਨ। ਹਰ ਢੰਗ ਨਾਲ ਲੋਕਾਂ ਦੀ ਸਹਾਇਤਾ ਕੀਤੀ ਜਾਂਦੀ ਹੈ। ਜੇਕਰ ਕਿਸੇ ਕੰਮ ਕਰਨ ਵਿੱਚ ਦੇਰੀ ਹੋ ਜਾਵੇ ਤਾਂ ਮੁਆਫ਼ੀ ਮੰਗੀ ਜਾਂਦੀ ਹੈ। ਇਥੇ ਤਾਂ ਦਫ਼ਤਰਾਂ ਵਿੱਚ ਆਮ ਆਦਮੀ ਨਾਲ ਕੋਈ ਸਿੱਧੇ ਮੂੰਹ ਗੱਲ ਹੀ ਨਹੀਂ ਕਰਦਾ। ਅਫਸਰ ਤਾਂ ਦੂਰ ਦੀ ਗੱਲ, ਦਫ਼ਤਰ ਦਾ ਸੇਵਾਦਾਰ ਵੀ ਰੁੱਖਾ ਬੋਲਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੇਸ਼ ਸੰਸਾਰ ਦਾ ਪੰਜਵਾਂ ਵੱਡਾ ਅਰਥਚਾਰਾ ਬਣ ਗਿਆ ਹੈ। ਨਿਜੀ ਖੇਤਰ ਵਿੱਚ ਵਧੀਆ ਸਕੂਲ, ਹਸਪਤਾਲ ਤੇ ਕਈ ਹੋਰ ਅਦਾਰੇ ਬਣੇ ਹਨ ਪਰ ਇਨ੍ਹਾਂ ਤਕ ਪਹੁੰਚ ਕੇਵਲ ਵਸੋਂ ਦੇ ਉਤਲੀ ਇੱਕ ਤਿਹਾਈ ਦੀ ਹੀ ਹੈ।

> *ਲੋਕਰਾਜ ਸਹੀ ਅਰਥਾਂ ਵਿੱਚ ਉਦੋਂ ਹੀ ਲੋਕਾਂ ਦਾ ਰਾਜ ਬਣ ਸਕਦਾ ਹੈ ਜਦੋਂ ਨਾਗਰਿਕਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਹੋਵੇ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ। ਸਾਡੇ ਦੇਸ਼ ਵਿੱਚ ਅਮੀਰ ਅਤੇ ਗਰੀਬ ਵਿੱਚ ਪਾੜਾ ਘੱਟ ਹੋਣ ਦੀ ਥਾਂ ਵਧ ਰਿਹਾ ਹੈ। ਸਾਡਾ ਸਰਕਾਰੀ ਢਾਂਚਾ ਰਿਸ਼ਵਤਖੋਰ ਅਤੇ ਬੇਈਮਾਨ ਬਣ ਗਿਆ ਹੈ। ਨੇਤਾ ਵੀ ਕੇਵਲ ਆਪਣੇ ਹੀ ਹੱਕਾਂ ਦੀ ਰਾਖੀ ਕਰਦੇ ਹਨ। ਲੋਕਾਂ ਨਾਲ ਹੋ ਰਹੇ ਧੱਕੇ ਬਾਰੇ ਉਨ੍ਹਾਂ ਨੂੰ ਬਹੁਤੀ ਚਿੰਤਾ ਨਹੀਂ ਹੈ।*

ਲੋਕਰਾਜ ਸਹੀ ਅਰਥਾਂ ਵਿੱਚ ਉਦੋਂ ਹੀ ਲੋਕਾਂ ਦਾ ਰਾਜ ਬਣ ਸਕਦਾ ਹੈ ਜਦੋਂ ਨਾਗਰਿਕਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਹੋਵੇ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ। ਸਾਡੇ ਦੇਸ਼ ਵਿੱਚ ਅਮੀਰ ਅਤੇ ਗਰੀਬ ਵਿੱਚ ਪਾੜਾ ਘੱਟ ਹੋਣ ਦੀ ਥਾਂ ਵਧ ਰਿਹਾ ਹੈ। ਸਾਡਾ ਸਰਕਾਰੀ ਢਾਂਚਾ ਰਿਸ਼ਵਤਖੋਰ ਅਤੇ ਬੇਈਮਾਨ ਬਣ ਗਿਆ ਹੈ। ਨੇਤਾ ਵੀ ਕੇਵਲ ਆਪਣੇ ਹੀ ਹੱਕਾਂ ਦੀ ਰਾਖੀ ਕਰਦੇ ਹਨ। ਲੋਕਾਂ ਨਾਲ ਹੋ ਰਹੇ ਧੱਕੇ ਬਾਰੇ ਉਨ੍ਹਾਂ ਨੂੰ ਬਹੁਤੀ ਚਿੰਤਾ ਨਹੀਂ ਹੈ। ਰਾਜਸੀ ਪਾਰਟੀਆਂ ਕੇਵਲ ਉਹ ਮੁੱਦੇ ਹੀ ਚੁੱਕਦੀਆਂ ਹਨ ਜਿਨ੍ਹਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਵੋਟਾਂ ਪ੍ਰਾਪਤ ਕੀਤੀਆਂ ਜਾ ਸਕਣ। ਉਹ ਸਮਝਦੇ ਹਨ ਕਿ ਗਰੀਬ ਅਤੇ ਅਨਪੜ੍ਹ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨੀਆਂ ਸੌਖੀਆਂ ਹਨ। ਧਰਮ ਦਾ ਮੁੱਖ ਮੰਤਵ ਲੋਕਾਈ ਨੂੰ ਸੱਚਾ ਤੇ ਸੁੱਚਾ ਜੀਵਨ ਜੀਊਣ ਅਤੇ ਦੂਜਿਆਂ ਦੇ ਹੱਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਨਾ ਦੇਣਾ ਹੈ। ਸਾਡੇ ਦੇਸ਼ ਵਿੱਚ ਧਰਮ ਦਾ ਸਰੂਪ ਸੌੜਾ ਬਣਾ ਕੇ ਇਸ ਦੀ ਵਰਤੋਂ ਲੋਕਾਂ ਵਿੱਚ ਵੰਡੀਆਂ ਪਾਉਣ ਲਈ ਕੀਤੀ ਜਾ ਰਹੀ ਹੈ। ਇਹ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਜੇਕਰ ਆਖ ਦਿੱਤਾ ਜਾਵੇ ਕਿ ਧਰਮ ਵਪਾਰ ਬਣ ਗਿਆ ਹੈ। ਹੋਣਾ ਇਸ ਦੇ ਉਲਟ ਚਾਹੀਦਾ ਸੀ, ਵਪਾਰ ਵਿੱਚ ਧਰਮ ਦੀ ਲੋੜ ਹੈ ਤਾਂ ਜੋ ਬੇਇਨਸਾਫੀ ਨੂੰ ਰੋਕਿਆ ਜਾ ਸਕੇ। ਧਰਮ ਨੂੰ ਵਪਾਰ ਬਣਨ ਤੋਂ ਰੋਕਿਆ ਜਾਵੇ ਅਤੇ ਲੋਕਾਂ ਨੂੰ ਸੱਚ ਤੇ ਹੱਕ ਦੇ ਰਾਹ ਉਤੇ ਤੁਰਨਾ ਸਿਖਾਇਆ ਜਾਵੇ। ਜਦੋਂ ਤੱਕ ਦੇਸ਼ ਦੀ ਸਾਰੀ ਵਸੋਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਨਹੀਂ ਹੁੰਦੀ, ਉਦੋਂ ਤੱਕ ਮਨੁੱਖੀ ਅਧਿਕਾਰਾਂ ਦੀ ਰਾਖੀ ਨਹੀਂ ਹੋ ਸਕਦੀ। ਜਦੋਂ ਤੱਕ ਲੋਕਾਂ ਦਾ ਸਤਿਕਾਰ ਨਹੀਂ ਹੁੰਦਾ, ਉਦੋਂ ਤੱਕ ਲੋਕਰਾਜ ਸਥਾਪਿਤ ਨਹੀਂ ਹੋ ਸਕਦਾ। ਹੁਣ ਦੇਸ਼ ਵਿਚ ਕੁਰਸੀ ਜਾਂ ਪੈਸੇ ਦਾ ਸਤਿਕਾਰ ਹੈ। ਹੋਣਾ ਇਸ ਦੇ ਉਲਟ ਚਾਹੀਦਾ ਹੈ ਕਿ ਹਰ ਕੁਰਸੀ ਲੋਕਾਂ ਦਾ ਸਤਿਕਾਰ ਕਰੇ ਤੇ ਉਨ੍ਹਾਂ ਨਾਲ ਵਰਤਾਰਾ ਮਾਲਕਾਂ ਵਰਗਾ ਹੋਵੇ। ਸਾਰੇ ਨਾਗਰਿਕਾਂ ਦੀ ਮੁੱਢਲੀਆਂ ਲੋੜਾਂ ਪੂਰੀਆਂ ਹੋਣ ਤੇ ਸਰਕਾਰੇ ਦਰਬਾਰੇ ਉਨ੍ਹਾਂ ਨੂੰ ਲੋੜੀਂਦਾ ਸਤਿਕਾਰ ਮਿਲੇ। ਉਦੋਂ ਹੀ ਦੇਸ਼ ਵਿੱਚ ਸਹੀ ਅਰਥਾਂ ਵਿੱਚ ਲੋਕਰਾਜ ਸਥਾਪਿਤ ਹੋਵੇਗਾ।

# ਅਜੇ ਵੀ ਅਕਾਲੀ ਦਲ ਦੇ ਕੋਲ ਰਾਜਨੀਤੀ 'ਚ ਵਾਪਸ ਸਾਰਥਕ ਹੋਣ ਲਈ ਲੋਕ ਆਧਾਰ ਕਾਇਮ

**ਜਗਰੂਪ ਸਿੰਘ**
-ਸਾਬਕਾ ਅਧਿਆਪਕ, ਰਾਜਨੀਤੀ ਸ਼ਾਸਤਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।



ਅਕਾਲੀ ਦਲ ਜਿਹੜਾ ਹੁਣ ਆਪਣੀ ਰਾਜਨੀਤਕ ਸਾਰਥਿਕਤਾ ਦੀ ਲੜਾਈ ਲੜ ਰਿਹਾ ਹੈ, ਦੇਸ਼ ਦੀਆਂ ਕੁਝ ਗਿਣੀਆਂ-ਚੁਣੀਆਂ ਸਿਆਸੀ ਪਾਰਟੀਆਂ 'ਚੋਂ ਇਕ ਹੈ, ਜਿਸ ਦਾ ਸ਼ਾਨਾਮਤੀ ਇਤਿਹਾਸ ਤੇ ਵਿਰਸਾ ਹੈ। ਇਹ ਪਾਰਟੀ ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲਾਂ 1920 ਵਿੱਚ ਉਸ ਸਮੇਂ ਦੇ ਹਾਲਾਤ ਵਿੱਚ ਮੋਟੇ ਤੌਰ 'ਤੇ ਦੇਸ਼ ਦੇ ਸਿੱਖਾਂ ਦੀ ਰਾਜਨੀਤਕ ਨੁਮਾਇੰਦਾ ਜਮਾਤ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਸੀ। ਇਸ ਦੇ ਹੋਂਦ 'ਚ ਆਉਣ ਤੋਂ ਬਾਅਦ ਇਸ ਨੇ ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ ਨੂੰ ਅੰਗਰੇਜ਼ਾਂ ਦੁਆਰਾ ਥਾਪੇ ਗਏ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਲੜਾਈਆਂ ਲੜੀਆਂ ਅਤੇ ਬਹੁਤ ਸਾਰੀਆਂ ਕੁਰਬਾਨੀਆਂ ਤੇ ਤਸੀਹਿਆਂ ਤੋਂ ਬਾਅਦ 1925 'ਚ ਸਿੱਖਾਂ ਦੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਬਣਾਉਣ ਲਈ ਜਿੱਤ ਪ੍ਰਾਪਤ ਕੀਤੀ, ਜਿਸ ਨਾਲ ਧਾਰਮਿਕ ਸਥਾਨਾਂ ਦਾ ਲੋਕਤੰਤਰੀ ਤਰੀਕੇ ਨਾਲ ਪ੍ਰਬੰਧ ਕਰਨ ਲਈ ਵਿਵਸਥਾ ਹੋਂਦ 'ਚ ਆਈ। ਇਸ ਸਮੇਂ ਤੋਂ ਲੈ ਕੇ ਹੁਣ ਤੱਕ ਅਕਾਲੀ ਦਲ ਇਸ ਸੰਸਥਾ ਰਾਹੀਂ ਆਪਣੇ ਧਾਰਮਿਕ ਅਸਥਾਨਾਂ ਦੀ ਸਾਂਭ-ਸੰਭਾਲ ਕਰ ਰਿਹਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਸ਼੍ਰੋਮਣੀ ਕਮੇਟੀ ਹੀ ਦੁਨੀਆ 'ਚ ਇੱਕ ਅਜਿਹੀ ਸੰਸਥਾ ਹੈ, ਜਿਸ 'ਚ ਧਾਰਮਿਕ ਅਦਾਰਿਆਂ ਨੂੰ ਚਲਾਉਣ ਵਾਸਤੇ ਸਮਾਂਬੱਧ ਚੋਣਾਂ ਦਾ ਪ੍ਰਬੰਧ ਹੈ, ਭਾਵੇਂ ਕਿ ਅਸਲ 'ਚ ਪਿਛਲੇ ਲੰਮੇਂ ਸਮੇਂ ਤੋਂ ਚੋਣਾਂ ਕਈ ਕਾਰਨਾਂ ਕਰਕੇ ਟਾਲ ਦਿੱਤੀਆਂ ਜਾਂਦੀਆਂ ਰਹੀਆਂ ਹਨ। ਇਹੀ ਕਾਰਨ ਹੈ ਕਿ ਪਿਛਲੇ ਸਮੇਂ ਤੋਂ ਹੀ ਇਸ ਸੰਸਥਾ ਨੂੰ ਚਲਾਉਣ ਵਾਲਿਆਂ ਅਤੇ ਅਕਾਲੀ ਦਲ 'ਤੇ ਤਰ੍ਹਾਂ-ਤਰ੍ਹਾਂ ਦੇ ਸਵਾਲ ਉੱਠ ਰਹੇ ਹਨ। ਇਨ੍ਹਾਂ ਸਵਾਲਾਂ ਕਰਕੇ ਹੀ ਸਿੱਖਾਂ ਦੀਆਂ ਦੋ ਮਹਾਨ ਸੰਸਥਾਵਾਂ ਦੀ ਉਚਿਤਤਾ ਲੋਕਾਂ ਦੇ ਮਨਾਂ 'ਚ ਕਈ ਸ਼ੰਕੇ ਪੈਦਾ ਕਰਦੀ ਹੈ। ਇੱਥੇ ਇਹ ਦੱਸਣਾ ਬਣਦਾ ਹੈ ਕਿ ਸ਼੍ਰੋਮਣੀ ਕਮੇਟੀ ਹੀ ਅਕਾਲੀ ਦਲ ਦੇ ਆਧਾਰ ਦੀ ਵੱਡੀ ਤਾਕਤ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸ਼੍ਰੋਮਣੀ ਕਮੇਟੀ ਪਿੰਡ ਦੇ ਗੁਰਦੁਆਰੇ ਤੋਂ ਲੈ ਕੇ ਪੰਜਾਬ ਪੱਧਰ ਤੱਕ ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਨੂੰ ਆਪਸ 'ਚ ਜੋੜਨ ਲਈ ਕੜੀ ਦਾ ਕੰਮ ਕਰਦੀ ਹੈ। ਇਸ ਤੋਂ ਇਲਾਵਾ ਇਸ ਦੇ ਵਿਸ਼ਾਲ ਆਰਥਿਕ, ਵਿੱਦਿਅਕ, ਸਮਾਜਿਕ, ਧਾਰਮਿਕ, ਮਨੁੱਖੀ ਵਿਚਾਰਧਾਰਕ ਸਾਧਨਾਂ ਦੀ ਵਜ੍ਹਾ ਕਰਕੇ ਇਸ ਸੰਸਥਾ ਨੂੰ ਕੁਝ ਲੋਕ ਅਕਾਲੀ ਦਲ ਦੀ ਰੀੜ੍ਹ ਦੀ ਹੱਡੀ ਵੀ ਕਹਿੰਦੇ ਹਨ। ਇਸ ਕਰਕੇ ਹੀ ਅਕਾਲੀ ਦਲ ਦੀ ਰਾਜਨੀਤੀ 'ਚ ਧਰਮ ਤੇ ਰਾਜਨੀਤੀ ਦਾ ਡੂੰਘਾ ਸੰਬੰਧ ਹੈ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਅਕਾਲੀ ਦਲ ਦੇ ਮੁਢਲੇ ਵਿਧਾਨ ਮੁਤਾਬਿਕ ਕੇਵਲ ਸਿੱਖ ਮਰਦ ਤੇ ਔਰਤਾਂ ਹੀ ਪੰਥ ਦੇ ਨੁਮਾਇੰਦਿਆਂ ਦੇ ਤੌਰ 'ਤੇ ਇਸ ਦੇ ਮੈਂਬਰ ਸਨ। ਰਾਜਨੀਤਕ ਤਾਕਤ ਪ੍ਰਾਪਤੀ ਕਰਨ ਦੇ ਨਾਲ-ਨਾਲ ਪੰਥਕ ਮੁੱਦਿਆਂ, ਸਿੱਖੀ ਅਸੂਲਾਂ ਤੇ ਸਿਧਾਂਤਾਂ ਉੱਪਰ ਪਹਿਰਾ ਦੇਣਾ ਅਤੇ ਇਸ ਦਾ ਪ੍ਰਸਾਰ ਪ੍ਰਚਾਰ ਕਰਨਾ ਇਸ ਦੀ ਮੁੱਖ ਜ਼ਿੰਮੇਵਾਰੀ ਸੀ ਤਾਂ ਕਿ ਸਿੱਖ ਕੌਮ 'ਚ ਸਿੱਖੀ ਅਸੂਲਾਂ ਵਾਲੀ ਭਾਵਨਾ ਭਰੀ ਤੇ ਬਣੀ ਰਹੇ। ਇਸ ਦਾ ਕੇਂਦਰ ਬਿੰਦੂ ਇਕ ਸਧਾਰਨ ਸਿੱਖ ਵਿਚ ਆਤਮ ਵਿਸ਼ਵਾਸ ਤੇ ਸਵੈਮਾਣ ਵਾਲੀ ਭਾਵਨਾ ਪੈਦਾ ਕਰਨਾ ਸੀ, ਜਿਸ ਨਾਲ ਅਕਾਲੀ ਦਲ ਆਪਣੇ ਉਸ ਰਾਜਨੀਤਕ ਉਦੇਸ਼ ਦੀ ਪ੍ਰਾਪਤੀ ਕਰ ਸਕੇ, ਜਿਹੜੀ 1973 ਦੇ ਅਨੰਦਪੁਰ ਸਾਹਿਬ ਦੇ ਮਤੇ 'ਚ ਦਰਜ ਸੀ, ਜਿਸ ਦੇ ਮੁਤਾਬਿਕ ਪੰਥਕ ਪਾਰਟੀ ਅਜਿਹੇ ਹਾਲਾਤ ਪੈਦਾ ਕਰੇ ਤਾਂ ਕਿ ਸਿੱਖ ਆਪਣੇ ਸਮਾਜਿਕ, ਆਰਥਿਕ, ਸੱਭਿਆਚਾਰਕ ਤੇ ਰਾਜਨੀਤਕ ਅਧਿਕਾਰਾਂ ਨੂੰ ਚੰਗੀ ਤਰ੍ਹਾਂ ਮਾਣ ਸਕਣ। ਇਸ ਦੇ ਨਾਲ ਹੀ ਸਿੱਖ ਆਪਣੀ ਵੱਖਰੀ ਹਸਤੀ ਕਾਇਮ ਰੱਖਣ ਦੇ ਸਮਰੱਥ ਹੋਣ, ਜਿੱਥੇ ਪੰਥ ਭਾਵ ਖ਼ਾਲਸੇ ਦਾ ਬੋਲਬਾਲਾ ਹੋਵੇ, ਜਿਸ ਨੂੰ ਸਾਡੇ ਗੁਰੂ ਸਾਹਿਬਾਨਾਂ, ਸ਼ਹੀਦਾਂ ਤੇ ਵੱਡੇ-ਵੱਡੇਰਿਆਂ ਨੇ ਆਪਣੀਆਂ ਜਾਨਾਂ ਦੇ ਕੇ ਖੜ੍ਹਾ ਕੀਤਾ ਸੀ। ਇਸੇ ਹੀ ਸੰਦਰਭ 'ਚ ਪੰਥ 'ਚ ਧਾਰਮਿਕ ਤੇ ਰਾਜਨੀਤਕ ਚਿੰਨ੍ਹਾਂ ਦੀ ਨਿਸ਼ਾਨਦੇਹੀ ਕੀਤੀ ਸੀ। ਰਾਜ ਕਰੇਗਾ ਖ਼ਾਲਸਾ ਭਾਵ ਪਵਿੱਤਰ ਹੀ ਗੱਦੀ ਦੇ ਕਾਬਲ ਹੈ, ਰਾਜ ਬਿਨਾਂ ਧਰਮ ਨਹੀਂ ਬਚੇਗਾ ਆਦਿ ਅਤੇ ਰਾਜਨੀਤਕ ਨਿਸ਼ਾਨ ਤੱਕੜੀ ਭਾਵ ਇਨਸਾਫ਼ ਦਾ ਚਿੰਨ੍ਹ, ਜਿਸ ਦਾ ਮਤਲਬ ਨਾ ਕਿਸੇ ਨਾਲ ਧੱਕਾ ਕੀਤਾ ਜਾਵੇਗਾ, ਨਾ ਸਹਿਣ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੌਮ ਦੇ ਇਤਿਹਾਸ ਤੇ ਸਿੱਖੀ ਅਸੂਲਾਂ ਅਤੇ ਮਨੁੱਖਤਾ ਦੀ ਭਲਾਈ ਲਈ ਸ਼ਹਾਦਤਾਂ ਦੇਣ ਵਾਲੇ ਤੇ ਤੰਗੀਆਂ ਝੱਲਣ ਵਾਲੀਆਂ ਅਣਗਿਣਤ ਉਦਾਹਰਨਾਂ ਨੇ ਹਮੇਸ਼ਾ ਹੀ ਅਕਾਲੀ ਦਲ ਦੀ ਉਚਿਤਤਾ ਨੂੰ ਬਰਕਰਾਰ ਰੱਖਿਆ। ਇਸ ਦੇ ਨਾਲ ਹੀ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ 'ਚ ਜ਼ੁਲਮ ਜਬਰ ਦੇ ਖ਼ਿਲਾਫ਼ ਲਗਾਏ ਮੋਰਚੇ ਲੋਕਾਂ ਦੀ ਇਨਸਾਫ਼ ਪਸੰਦੀ ਲਈ ਲੋਕਤੰਤਰੀ ਤਰੀਕਿਆਂ ਰਾਹੀਂ ਲਾਮਬੰਦੀ ਨੇ ਪਾਰਟੀ ਤੇ ਇਸ ਦੇ ਨੇਤਾਵਾਂ ਪ੍ਰਤੀ ਆਮ ਜਨ ਮਾਨਸ 'ਚ ਬਹੁਤ ਹਮਦਰਦੀ ਪੈਦਾ ਕੀਤੀ।

ਪਰ ਦੂਸਰੇ ਪਾਸੇ ਦੇਸ਼ ਦੀ ਧਰਮ ਦੇ ਆਧਾਰ 'ਤੇ ਵੰਡ ਨੇ ਉਸ ਸਮੇਂ ਦੀ ਸਿੱਖ ਲੀਡਰਸ਼ਿਪ ਲਈ ਕਈ ਸਵਾਲ ਖੜ੍ਹੇ ਕੀਤੇ। ਭਾਵੇਂ ਸਿੱਧੇ-ਅਸਿੱਧੇ ਤਰੀਕੇ ਨਾਲ ਸਿੱਖਾਂ ਦੇ ਹਿੱਸੇ ਦੀ ਆਜ਼ਾਦੀ ਦੀਆਂ ਆਵਾਜ਼ਾਂ ਉੱਠੀਆਂ, ਪਰ ਆਬਾਦੀ ਦੇ ਲਿਹਾਜ਼ ਜਾਂ ਹੋਰ ਬਹੁਤ ਸਾਰੇ ਢਾਂਚਾਗਤ ਕਾਰਨਾਂ ਕਰਕੇ ਸਿੱਖਾਂ ਨੂੰ ਚੜ੍ਹਦੇ ਪੰਜਾਬ @ਚ ਹੀ ਆਪਣਾ ਹਿਤ ਸੁਰੱਖਿਅਤ ਦਿੱਸਿਆ। ਵੰਡ ਦੀ ਤ੍ਰਾਸਦੀ ਦਾ ਅਸਰ ਵੀ ਉਨ੍ਹਾਂ ਦੇ ਹਿੱਸੇ ਜ਼ਿਆਦਾਤਰ ਪੇਂਡੂ ਆਬਾਦੀ ਹੋਣ ਕਰਕੇ ਆਇਆ। ਪਰ ਛੇਤੀ ਹੀ ਉਨ੍ਹਾਂ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਮੁੱਖਧਾਰਾ ਦਾ ਹਿੱਸਾ ਬਣੇ। ਆਜ਼ਾਦੀ ਤੋਂ ਪਹਿਲਾਂ ਵਾਲੇ ਪੰਜਾਬ ਵਾਂਗ ਉਹ ਨਵੇਂ ਬਣੇ ਪੰਜਾਬ 'ਚ ਹੀ ਘੱਟ ਗਿਣਤੀ 'ਚ ਰਹੇ ਅਤੇ ਲੀਡਰਸ਼ਿਪ ਵੀ ਕਾਂਗਰਸ ਪਾਰਟੀ ਦੇ ਦਬਦਬੇ ਕਰਕੇ ਹਾਸ਼ੀਏ 'ਤੇ ਰਹੀ। ਭਾਵੇਂ ਦੇਸ਼ 'ਚ ਕਾਂਗਰਸ ਦੇ 1928-29 ਦੇ ਵਾਅਦੇ ਮੁਤਾਬਿਕ ਭਾਸ਼ਾ ਦੇ ਆਧਾਰ 'ਤੇ ਰਾਜਾਂ ਦਾ ਨਿਰਮਾਣ 1953 ਤੋਂ ਬਾਅਦ ਸ਼ੁਰੂ ਹੋਇਆ, ਪਰ ਪੰਜਾਬ ਨੂੰ ਇਸ ਵਰਤਾਰੇ 'ਚੋਂ ਬਹੁਤ ਸਾਰੇ ਕਾਰਨਾਂ ਕਰਕੇ ਬਾਹਰ ਰੱਖਿਆ ਗਿਆ। ਪਰ 1959 'ਚ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਹੇਠ ਪੰਜਾਬੀ ਸੂਬੇ ਦੀ ਮੰਗ ਮੁੱਖ ਤੌਰ 'ਤੇ ਸਿੱਖ ਬਹੁਲਤਾ ਵਾਲਾ ਰਾਜ ਕਾਇਮ ਕਰਨ ਵਾਸਤੇ ਸ਼ੁਰੂ ਹੋਈ, ਜਿਸ ਨੇ ਬਾਅਦ ਵਿੱਚ ਕਈ ਮਸਲੇ ਪੈਦਾ ਕੀਤੇ, ਜਿਨ੍ਹਾਂ 'ਚ 1961 ਦੀ ਮਰਦਮਸ਼ੁਮਾਰੀ ਵਾਲੇ ਪੰਜਾਬੀ ਬੋਲੀ ਪ੍ਰਤੀ ਗ਼ੈਰ-ਪੰਜਾਬੀ ਸਿੱਖਾਂ ਦੀ ਬੇਵਫਾਈ ਵੀ ਸ਼ਾਮਿਲ ਸੀ। ਪਰ 1962 'ਚ ਸੰਤ ਫਤਹਿ ਸਿੰਘ ਦੇ ਅਕਾਲੀ ਮੰਚ 'ਤੇ ਆਉਣ ਨਾਲ ਇੱਕ ਤਾਂ ਪੇਂਡੂ ਭਾਈਚਾਰੇ ਦਾ ਦਬਦਬਾ ਕਾਇਮ ਹੋਇਆ ਤੇ ਦੂਸਰਾ ਅਕਾਲੀ ਦਲ ਦੀ ਮੰਗ ਦਾ ਸਰੂਪ ਪਹਿਲਾਂ ਨਾਲੋਂ ਬਦਲ ਕੇ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਰਾਜ ਬਣਾਉਣ ਵੱਲ ਹੋਇਆ। ਨਵੀਂ ਲੀਡਰਸ਼ਿਪ ਨੇ ਪਹਿਲੀ ਲੀਡਰਸ਼ਿਪ ਤੋਂ ਵੱਖਰੇ ਪੰਜਾਬੀ ਭਾਈਚਾਰੇ ਦੀ ਪੁਰਖੀ ਸਾਂਝ ਤੇ ਤੰਦਾਂ ਨੂੰ ਮਜ਼ਬੂਤ ਕਰਨ ਅਤੇ ਪੰਜਾਬ ਤੇ ਦੇਸ਼ ਦੀ ਏਕਤਾ, ਅਖੰਡਤਾ ਤੇ ਆਰਥਿਕਤਾ ਨੂੰ ਹੋਰ ਤਕੜਿਆਂ ਕਰਨ ਵਾਲੇ ਪੈਂਤੜੇ ਨੂੰ ਨਵਾਂ ਆਧਾਰ ਬਣਾਇਆ ਅਤੇ ਅਖੀਰ 'ਚ ਨਵੰਬਰ 1966 'ਚ ਮੌਜੂਦਾ ਪੰਜਾਬੀ ਸੂਬਾ ਹੋਂਦ 'ਚ ਆਇਆ। ਇਸ ਵਿੱਚ ਵਸੋਂ ਦੇ ਲਿਹਾਜ਼ ਨਾਲ ਸਿੱਖਾਂ ਦੀ ਗਿਣਤੀ ਕੁੱਲ ਆਬਾਦੀ ਦਾ 62 ਫ਼ੀਸਦੀ ਸੀ ਅਤੇ ਇਹ ਪੰਜਾਬੀ ਭਾਸ਼ਾ ਦੇ ਨਾਲ-ਨਾਲ ਸਿੱਖ ਬਹੁਲਤਾ ਵਾਲਾ ਰਾਜ ਬਣ ਗਿਆ। ਇਸ ਸਮੇਂ 'ਚ ਕਾਂਗਰਸ ਪਾਰਟੀ ਕੇਂਦਰ ਤੇ ਰਾਜਾਂ ਵਿੱਚ ਬਹੁਤ ਸਾਰੇ ਕਾਰਨਾਂ ਕਰਕੇ ਕਮਜ਼ੋਰ ਹੋ ਗਈ ਸੀ। 1967 'ਚ ਚੌਥੀਆਂ ਲੋਕ ਸਭਾ ਤੇ ਰਾਜ ਵਿਧਾਨ ਸਭਾ ਦੀਆਂ ਚੋਣਾਂ 'ਚ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ ਲੱਗਾ ਅਤੇ ਪਾਰਟੀ ਦੇਸ਼ ਦੇ 9 ਰਾਜਾਂ ਸਮੇਤ ਪੰਜਾਬ 'ਚ ਚੋਣਾਂ ਹਾਰ ਗਈ ਤੇ ਕੇਂਦਰ 'ਚ ਲੋਕ ਸਭਾ ਦੀਆਂ ਕੁੱਲ 523 ਸੀਟਾਂ ਵਿਚੋਂ ਕੇਵਲ 283 ਹੀ ਜਿੱਤ ਸਕੀ, ਜਿਹੜੀਆਂ 1962 'ਚ ਹੋਈਆਂ ਚੋਣਾਂ ਤੋਂ 78 ਘੱਟ ਸਨ। ਇਹ ਉਹ ਸਮਾਂ ਸੀ, ਜਦੋਂ ਦੇਸ਼ ਦੀ ਰਾਜਨੀਤੀ 'ਚ ਖੇਤਰੀ ਪਾਰਟੀਆਂ ਦਾ ਉਭਾਰ ਤੇ ਸ਼ਮੂਲੀਅਤ ਸ਼ੁਰੂ ਹੋਈ, ਜਿਸ ਨੇ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਤੇ ਦਸ਼ਾ ਪ੍ਰਦਾਨ ਕੀਤੀ।

ਹੁਣ ਅਸੀਂ ਅਕਾਲੀ ਦਲ ਦੀ 1966 ਤੋਂ ਬਾਅਦ ਦੀ ਰਾਜਨੀਤੀ ਦੀ ਗੱਲ ਕਰਦੇ ਹਾਂ, ਜਦੋਂ ਇਹ ਪੰਜਾਬ 'ਚ ਇੱਕ ਵੱਡੀ ਰਾਜਨੀਤਕ ਧਿਰ ਬਣ ਕੇ ਉੱਭਰਿਆ। 1967 ਦੀਆਂ ਚੋਣਾਂ ਤੋਂ ਬਾਅਦ ਪਾਰਟੀ ਨੇ ਪੰਜਾਬ 'ਚ ਇੱਕ ਵਾਰੀ ਇਕੱਲਿਆ (1985) ਤੇ 7 ਵਾਰੀ ਗੱਠਜੋੜ ਦੀਆਂ ਸਰਕਾਰਾਂ ਬਣਾਈਆ। ਪਰ ਨਵੇਂ ਪੰਜਾਬ ਬਣਨ ਵੇਲੇ ਦੇ ਬਹੁਤ ਸਾਰੇ ਅਣਸੁਲਝੇ ਮੁੱਦੇ (ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦੀ ਵੰਡ ਆਦਿ) ਰਾਜਨੀਤਿਕ ਮਸਲੇ ਬਣੇ ਹੋਏ ਹਨ ਅਤੇ ਅੱਜ ਤੱਕ ਵੀ ਪਾਰਟੀ ਦਾ ਖਹਿੜਾ ਨਹੀਂ ਛੱਡ ਰਹੇ। ਇਨ੍ਹਾਂ ਮੁੱਦਿਆਂ ਦੀ ਵਜ੍ਹਾ ਕਰਕੇ ਪੰਜਾਬ ਨੇ ਬਹੁਤ ਵੱਡੇ ਸੰਤਾਪ ਝੱਲੇ ਅਤੇ ਇਨ੍ਹਾਂ ਦੀ ਵਜ੍ਹਾ ਕਰਕੇ ਪੈਦਾ ਹੋਏ ਹੋਰ ਮੁੱਦਿਆਂ ਨੇ ਪੰਜਾਬ ਤੇ ਇੱਥੋਂ ਦੇ ਰਹਿਣ ਵਾਲੇ ਵਸਨੀਕਾਂ ਨੂੰ ਹਰ ਪੱਖੋਂ ਹਾਸ਼ੀਏ ਵੱਲ ਧੱਕਣ ਦਾ ਕੰਮ ਕੀਤਾ। ਇਸ ਦੇ ਨਾਲ ਹੀ ਭਾਵੇਂ ਪੰਜਾਬੀ ਸੂਬਾ ਬਣਨ 'ਤੇ ਅਕਾਲੀ ਦਲ ਦੀ ਹਿੰਦੂ-ਪ੍ਰਸਤ ਪਾਰਟੀ ਪਹਿਲਾਂ ਜਨ ਸੰਘ, ਫਿਰ ਜਨਤਾ ਪਾਰਟੀ ਤੇ ਹੁਣ ਭਾਜਪਾ ਨਾਲ ਲਗਾਤਾਰ ਰਾਜਨੀਤਕ ਸਾਂਝ ਰਹੀ ਹੈ, ਪਰ ਢਾਂਚਾਗਤ ਮੁੱਦਿਆਂ ਦਾ ਕੋਈ ਹੱਲ ਨਾ ਨਿਕਲਣ ਕਰਕੇ ਇਹ ਅੱਜ ਵੀ ਪੰਜਾਬ ਦੇ ਲੋਕਾਂ ਲਈ ਵੱਡੀ ਤ੍ਰਾਸਦੀ ਦਾ ਕਾਰਨ ਬਣੇ ਹੋਏ ਹਨ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਅਕਾਲੀ ਦਲ ਦੀ ਰਾਜਨੀਤੀ ਇੱਕ ਢਾਂਚਾਗਤ ਵਿਵਸਥਾ ਕਾਰਨ ਰਾਜਨੀਤਕ ਦੁਚਿੱਤੀ ਦੀ ਮੁੱਢ ਤੋਂ ਹੀ ਸ਼ਿਕਾਰ ਰਹੀ ਹੈ, ਜੋ ਹੁਣ ਵੀ ਮੌਜੂਦਾ ਲੀਡਰਸ਼ਿਪ ਲਈ ਵੱਡੀ ਸਿਰਦਰਦੀ ਬਣੀ ਹੋਈ ਹੈ। ਲੀਡਰਸ਼ਿਪ ਲਈ ਸਭ ਤੋਂ ਵੱਡੀ ਮੁਸ਼ਕਿਲ ਇਹ ਹੈ ਕਿ ਕਿਵੇਂ ਇੱਕ ਧਰਮ ਆਧਾਰਿਤ ਪਾਰਟੀ ਨੂੰ ਧਰਮ ਨਿਰਪੱਖ ਰਾਜ 'ਚ ਰਾਜਨੀਤਕ ਤੌਰ 'ਤੇ ਤਰਕ ਸੰਗਤ ਬਣਾਉਣਾ ਹੈ। ਭਾਵੇਂ ਪਾਰਟੀ ਨੇ ਸਮੇਂ-ਸਮੇਂ ਹਾਲਾਤ ਮੁਤਾਬਿਕ ਆਪਣੇ ਰਾਜਨੀਤਕ ਪੈਂਤੜੇ ਬਦਲੇ, ਪਰ ਇਸ ਦੁਚਿੱਤੀ ਦਾ ਕੋਈ ਸਥਾਈ ਹੱਲ ਨਹੀਂ ਕੱਢ ਸਕੀ। ਮਿਸਾਲ ਦੇ ਤੌਰ 'ਤੇ 1971 ਦੀਆਂ ਲੋਕ ਸਭਾ ਚੋਣਾਂ ਤੇ 1972 ਦੀਆਂ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ 1973 ਦਾ ਅਨੰਦਪੁਰ ਸਾਹਿਬ ਦਾ ਮਤਾ ਸਾਹਮਣੇ ਆਇਆ, ਜਿਸ 'ਚ ਖੁੱਲ੍ਹ ਕੇ ਰਾਜ ਦੀ ਖ਼ੁਦਮੁਖਤਾਰੀ ਦੀ ਗੱਲ ਹੋਈ ਅਤੇ ਦਿੱਲੀ ਦਰਬਾਰ ਨਾਲ ਲੰਮੇਂ ਸਮੇਂ ਤੱਕ ਸੰਘਰਸ਼ ਕਰਨ ਦੀ ਗੱਲ ਕਹੀ ਗਈ ਅਤੇ ਪੰਥ ਨੂੰ ਖ਼ਤਰਾ ਦੱਸ ਕੇ ਸਿੱਖਾਂ 'ਚ ਰਾਜਨੀਤਕ ਲਾਮਬੰਦੀ ਕੀਤੀ ਤੇ ਤਾਕਤ ਹਾਸਿਲ ਕੀਤੀ, ਪਰ ਦੂਸਰੇ ਪਾਸੇ ਅਕਤੂਬਰ 1974 'ਚ ਲੁਧਿਆਣੇ 'ਚ ਲੋਕ ਨਾਇਕ ਜੈ ਪ੍ਰਕਾਸ਼ ਨਾਰਾਇਣ ਦੇ ਹੱਕ 'ਚ ਕਾਂਗਰਸ ਖ਼ਿਲਾਫ਼ ਵੱਡਾ ਇਕੱਠ ਕੀਤਾ ਅਤੇ ਜੂਨ 1975 'ਚ ਐਮਰਜੈਂਸੀ 'ਚ ਵੱਡੀ ਗਿਣਤੀ 'ਚ ਗ੍ਰਿਫ਼ਤਾਰੀਆਂ ਦੇ ਕੇ ਲੋਕਤੰਤਰ ਨੂੰ ਬਚਾਉਣ ਲਈ ਇਤਿਹਾਸ ਕਾਇਮ ਕੀਤਾ।

(ਬਾਕੀ ਸਫ਼ਾ 31 'ਤੇ)

# ਨਵੀਂ ਤਕਨਾਲੋਜੀ ਨਾਲ ਸਬੰਧਿਤ ਸੰਭਾਵਨਾਵਾਂ ਅਤੇ ਡਰ



**ਰਣਜੀਤ ਸਿੰਘ ਕੁਕੀ**

ਨਵੀਂ ਤਕਨਾਲੋਜੀ ਆਪਣੇ ਨਾਲ ਵਧੇਰੇ ਖੁਸ਼ਹਾਲੀ ਦੀ ਮਿੱਠੀ ਉਮੀਦ ਅਤੇ ਗੁਆਚ ਜਾਣ ਦਾ ਬੇਰਹਿਮ ਡਰ ਦੋਵੇਂ ਲੈ ਕੇ ਆਉਂਦੀ ਹੈ। ਮਾਈਕਰੋਸਾਫਟ ਦੇ ਬੌਸ ਸੱਤਿਆ ਨਡੇਲਾ ਦਾ ਕਹਿਣਾ ਹੈ ਕਿ ਉਹ ਇਸ ਤੱਥ ਤੋਂ ਦੁਖੀ ਹਨ ਕਿ ਉਦਯੋਗਿਕ ਕ੍ਰਾਂਤੀ ਨੇ ਭਾਰਤ ਨੂੰ ਪਿੱਛੇ ਛੱਡ ਦਿੱਤਾ, ਜੋ ਕਿ ਉਸ ਦਾ ਜਨਮ ਦੇਸ਼ ਹੈ। (ਭਾਰਤੀ ਨਿਰਮਾਤਾਵਾਂ ਨੇ ਸ਼ਾਇਦ ਹੀ ਇੱਕ ਪੱਧਰੀ ਖੇਡ-ਖੇਤਰ ਦਾ ਆਨੰਦ

ਮਾਣਿਆ—ਬ੍ਰਿਟੇਨ ਉਸ ਸਮੇਂ ਉਨ੍ਹਾਂ ਦਾ ਵਿਰੋਧੀ ਅਤੇ ਉਨ੍ਹਾਂ ਦਾ ਸ਼ਾਸਕ ਸੀ।) ਬਹੁਤ ਸਾਰੀਆਂ ਤਕਨਾਲੋਜੀਆਂ, ਜਿਵੇਂ ਕਿ ਔਨਲਾਈਨ-ਸਿੱਖਿਆ ਕੋਰਸ, ਨੇ ਉਭਰ ਰਹੇ ਸੰਸਾਰ ਵਿੱਚ ਆਰਥਿਕ ਵਿਕਾਸ ਨਾਲੋਂ ਵੱਧ ਪ੍ਰਚਾਰ ਕੀਤਾ ਹੈ। ਕੁਝ ਲੋਕ ਚਿੰਤਾ ਕਰਦੇ ਹਨ ਕਿ ਉਤਪੱਤੀ ਨਕਲੀ ਬੁੱਧੀ (ਏਆਈ), ਵੀ ਗਲੋਬਲ ਸਾਊਥ ਨੂੰ ਨਿਰਾਸ਼ ਕਰੇਗੀ। ਹੁਣ ਤੱਕ ਦੇ ਵੱਡੇ ਜੇਤੂ ਪੱਛਮੀ ਸ਼ੁਰੂਆਤੀ ਅਪਣਾਉਣ ਵਾਲਿਆਂ ਦਾ ਇੱਕ ਸਮੂਹ ਹੈ, ਨਾਲ ਹੀ ਸੈਨ ਫਰਾਂਸਿਸਕੋ ਅਤੇ ਅਮਰੀਕਾ ਦੀਆਂ ਸ਼ਾਨਦਾਰ ਸੱਤ ਤਕਨੀਕੀ ਫਰਮਾਂ ਵਿੱਚ ਸਟਾਰਟਅੱਪ, ਜਿਸ ਵਿੱਚ ਮਾਈਕ੍ਰੋਸੌਫਟ ਸ਼ਾਮਲ ਹੈ ਅਤੇ ਨਵੰਬਰ 2022 ਚੈਟਜੀਪੀਟੀ ਦੇ ਲਾਂਚ ਹੋਣ ਤੋਂ ਬਾਅਦ ਉਹਨਾਂ ਦੇ ਬਾਜ਼ਾਰ ਮੁੱਲ ਵਿੱਚ ਇਕ ਹੈਰਾਨੀਜਨਕ /4.6 ਦਾ ਟਰਨ ਜੋੜਿਆ ਹੈ। ਫਿਰ ਵੀ ਏਆਈ ਉੱਭਰਦੀ ਦੁਨੀਆਂ ਵਿੱਚ ਵੀ ਜੀਵਨ ਨੂੰ ਬਦਲਣ ਲਈ ਖੜ੍ਹਾ ਹੈ। ਜਿਵੇਂ ਜਿਵੇਂ ਇਹ ਫੈਲਦਾ ਹੈ, ਤਕਨਾਲੋਜੀ ਉਤਪਾਦਕਤਾ ਨੂੰ ਵਧਾ ਸਕਦੀ ਹੈ ਅਤੇ ਮਨੁੱਖੀ ਪੂੰਜੀ ਵਿੱਚ ਪਾੜੇ ਪਹਿਲਾਂ ਨਾਲੋਂ ਤੇਜ਼ੀ ਨਾਲ ਘਟਾ ਸਕਦੀ ਹੈ। ਵਿਕਾਸਸ਼ੀਲ ਦੇਸ਼ਾਂ ਦੇ ਲੋਕਾਂ ਨੂੰ ਏ ਆਈ ਦੇ ਪੈਸਿਵ ਪ੍ਰਾਪਤਕਰਤਾ ਹੋਣ ਦੀ ਜ਼ਰੂਰਤ ਨਹੀਂ ਹੈ, ਉਹ ਆਪਣੀਆਂ ਜ਼ਰੂਰਤਾਂ ਦੇ ਅਨੁਸਾਰ ਇਸ ਨੂੰ ਆਕਾਰ ਦੇ ਸਕਦੇ ਹਨ। ਸਭ ਤੋਂ ਵੱਧ ਰੋਮਾਂਚਕ, ਇਹ ਆਮਦਨੀ ਦੇ ਪੱਧਰਾਂ ਨੂੰ ਅਮੀਰ ਸੰਸਾਰ ਦੇ ਲੋਕਾਂ ਦੇ ਬਰਾਬਰ ਲੈ ਕੇ ਜਾਣ ਵਿੱਚ ਮਦਦ ਕਰ ਸਕਦਾ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਏਆਈ ਦਾ ਵਾਅਦਾ ਲਲਚਾਉਣ ਵਾਲਾ ਹੋ ਸਕਦਾ ਹੈ। ਜਿਵੇਂ ਕਿ ਪੱਛਮ ਵਿੱਚ, ਇਹ ਉਪਭੋਗਤਾਵਾਂ ਅਤੇ ਕਰਮਚਾਰੀਆਂ ਲਈ ਇੱਕ ਉਪਯੋਗੀ ਸਰਵ-ਉਦੇਸ਼ ਵਾਲਾ ਸਾਧਨ ਹੋਵੇਗਾ, ਜਿਸ ਨਾਲ ਜਾਣਕਾਰੀ ਪ੍ਰਾਪਤ ਕਰਨਾ ਅਤੇ ਵਿਆਖਿਆ ਕਰਨਾ ਆਸਾਨ ਹੋ ਜਾਵੇਗਾ। ਕੁਝ ਨੌਕਰੀਆਂ ਜਾਣਗੀਆਂ, ਪਰ ਨਵੀਆਂ ਪੈਦਾ ਹੋਣਗੀਆਂ। ਕਿਉਂਕਿ ਉੱਭਰ ਰਹੇ ਦੇਸ਼ਾਂ ਵਿੱਚ ਘੱਟ ਸਫੈਦ- ਕਾਲਰ ਕਾਮੇ ਹਨ, ਮੌਜੂਦਾ ਫਰਮਾਂ ਨੂੰ ਵਿਘਨ ਅਤੇ ਲਾਭ ਪੱਛਮ ਨਾਲੋਂ ਘੱਟ ਹੋ ਸਕਦਾ ਹੈ। ਆਈਐਮਐਫ ਦਾ ਕਹਿਣਾ ਹੈ ਕਿ ਅਮੀਰ ਦੇਸ਼ਾਂ ਵਿੱਚ ਇੱਕ ਤਿਹਾਈ ਦੇ ਮੁਕਾਬਲੇ ਉੱਥੇ ਪੰਜਵੇਂ ਤੋਂ ਇੱਕ ਚੌਥਾਈ ਕਾਮਿਆਂ ਨੂੰ ਬਦਲਣ ਦਾ ਸਭ ਤੋਂ ਵੱਧ ਸਾਹਮਣਾ ਕਰਨਾ ਪੈਂਦਾ ਹੈ। ਪਰ ਇੱਕ ਸੰਭਾਵੀ ਰੂਪ ਤੋਂ ਪਰਿਵਰਤਨਸ਼ੀਲ ਲਾਭ ਬਿਹਤਰ ਅਤੇ ਵਧੇਰੇ ਪਹੁੰਚਯੋਗ ਜਨਤਕ ਸੇਵਾਵਾਂ ਤੋਂ ਆ ਸਕਦਾ ਹੈ। ਵਿਕਾਸਸ਼ੀਲ ਅਰਥਚਾਰਿਆਂ ਨੂੰ ਪੜ੍ਹੇ-ਲਿਖੇ, ਸਿਹਤਮੰਦ ਕਾਮਿਆਂ ਦੀ ਘਾਟ ਕਾਰਨ ਲੰਮੇ ਸਮੇਂ ਤੋਂ ਰੋਕਿਆ ਗਿਆ ਹੈ। ਭਾਰਤ ਵਿੱਚ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਕੋਲ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਨਾਲੋਂ ਦੁੱਗਣੇ ਵਿਦਿਆਰਥੀ ਹਨ, ਪਰ ਉਹ ਸੰਘਰਸ਼ ਲਈ ਤਿਆਰ ਨਹੀਂ ਹਨ। ਅਫਰੀਕਾ ਵਿੱਚ ਡਾਕਟਰ ਬਹੁਤ ਘੱਟ ਹਨ; ਸਹੀ ਢੰਗ ਨਾਲ ਸਿੱਖਿਅਤ ਲੋਕ ਘੱਟ ਹਨ। ਮਾੜੀ ਸਕੂਲੀ ਸਿੱਖਿਆ ਅਤੇ ਮਾੜੀ ਸਿਹਤ ਨਾਲ ਵੱਡੀ ਹੋਈ ਬੱਚਿਆਂ ਦੀ ਪੂਰੀ ਪੀੜ੍ਹੀ ਵਧਦੀ ਗਲੋਬਲ ਲੇਬਰ ਮਾਰਕੀਟ ਵਿੱਚ ਆਪਣੀ ਸਮਰੱਥਾ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੁੰਦੀ ਹੈ। ਦੁਨੀਆਂ ਭਰ ਦੇ ਨੀਤੀ ਨਿਰਮਾਤਾ ਅਤੇ ਉੱਦਮੀ ਅਜਿਹੇ ਤਰੀਕਿਆਂ ਦੀ ਖੋਜ ਕਰ ਰਹੇ ਹਨ ਜੋ ਏ ਆਈ ਮਦਦ ਕਰ ਸਕਦੇ ਹਨ। ਭਾਰਤ ਅਨਪੜ੍ਹ ਕਿਸਾਨਾਂ ਨੂੰ ਸਰਕਾਰੀ ਕਰਜ਼ਿਆਂ ਲਈ ਅਰਜ਼ੀ ਕਿਵੇਂ ਦੇਣੀ ਹੈ, ਇਹ ਪੁੱਛਣ ਦੇ ਯੋਗ ਬਣਾਉਣ ਲਈ ਬੋਲੀ-ਪਛਾਣ ਵਾਲੇ ਸੌਫਟਵੇਅਰ ਨਾਲ ਵੱਡੇ ਭਾਸ਼ਾ ਮਾਡਲਾਂ ਨੂੰ ਜੋੜ ਰਿਹਾ ਹੈ। ਕੀਨੀਆ ਵਿੱਚ ਵਿਦਿਆਰਥੀ ਜਲਦੀ ਹੀ ਆਪਣੇ ਹੋਮਵਰਕ ਬਾਰੇ ਇੱਕ ਚੈਟਬੋਟ ਸਵਾਲ ਪੁੱਛ ਸਕਣਗੇ ਅਤੇ ਚੈਟਬੋਟ ਜਵਾਬ ਵਿੱਚ ਆਪਣੇ ਪਾਠਾਂ ਨੂੰ ਟਵੀਕ ਅਤੇ ਸੁਧਾਰ ਕਰੇਗਾ। ਬ੍ਰਾਜ਼ੀਲ ਵਿੱਚ ਖੋਜਕਰਤਾ ਇੱਕ ਮੈਡੀਕਲ ਏਆਈ ਦੀ ਜਾਂਚ ਕਰ ਰਹੇ ਹਨ ਜੋ ਅੰਡਰਟ੍ਰੇਨਡ ਪ੍ਰਾਇਮਰੀ ਕੇਅਰ ਕਰਮਚਾਰੀਆਂ ਨੂੰ ਮਰੀਜ਼ਾਂ ਦਾ ਇਲਾਜ ਕਰਨ ਵਿੱਚ ਮਦਦ ਕਰਦਾ ਹੈ। ਦੁਨੀਆਂ ਭਰ ਵਿੱਚ ਇਕੱਤਰ ਕੀਤੇ ਗਏ ਮੈਡੀਕਲ ਡੇਟਾ ਜ਼ਰੀਏ ਏਆਈ ਨਾਲ ਨਿਦਾਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ। ਜੇਕਰ ਏਆਈ ਗਰੀਬ ਦੇਸ਼ਾਂ ਦੇ ਲੋਕਾਂ ਨੂੰ ਸਿਹਤਮੰਦ ਅਤੇ ਬਿਹਤਰ ਸਿੱਖਿਅਤ ਬਣਾ ਸਕਦੀ ਹੈ, ਤਾਂ ਇਸ ਨੂੰ ਸਮੇਂ ਦੇ ਨਾਲ ਅਮੀਰ ਸੰਸਾਰ ਨਾਲ ਜੁੜਨ ਵਿੱਚ ਵੀ ਮਦਦ ਕਰਨੀ ਚਾਹੀਦੀ ਹੈ। ਇਹ ਲਾਭ ਤਕਨਾਲੋਜੀ ਪਹਿਲੀਆਂ ਲਹਿਰਾਂ ਨਾਲੋਂ ਤੇਜ਼ੀ ਨਾਲ ਫੈਲ ਸਕਦੀ ਹੈ। 20ਵੀਂ ਸਦੀ ਦੇ ਸ਼ੁਰੂ ਵਿੱਚ ਖੋਜੀਆਂ ਗਈਆਂ ਨਵੀਆਂ ਤਕਨੀਕਾਂ ਨੂੰ ਜ਼ਿਆਦਾਤਰ ਦੇਸ਼ਾਂ ਤੱਕ ਪਹੁੰਚਣ ਵਿੱਚ 50 ਸਾਲ ਤੋਂ ਵੱਧ ਦਾ ਸਮਾਂ ਲੱਗਾ। ਇਸ ਦੇ ਉਲਟ, ਏ ਆਈ ਗੈਜੇਟ ਰਾਹੀਂ ਫੈਲ ਜਾਵੇਗਾ ਜੋ ਉਭਰਦੀ ਦੁਨੀਆ ਦੇ ਬਹੁਤ ਸਾਰੇ ਲੋਕਾਂ ਕੋਲ ਪਹਿਲਾਂ ਹੀ ਹੈ, ਅਤੇ ਬਹੁਤ ਸਾਰੇ ਲੋਕਾਂ ਕੋਲ ਜਲਦੀ ਹੀ ਹੋਣਗ। ਸਮੇਂ ਦੇ ਨਾਲ, ਚੈਟਬੋਟਸ ਪ੍ਰਦਾਨ ਕਰਨ ਅਤੇ ਪ੍ਰਾਪਤ ਕਰਨ ਲਈ ਬਹੁਤ ਸਸਤੇ ਹੋ ਜਾਣਗੇ।ਭਾਰਤ ਵਿੱਚ ਕੁਝ ਡਿਵੈਲਪਰ ਪਹਿਲਾਂ ਹੀ ਪੱਛਮੀ ਮਾਡਲ ਅਪਣਾ ਰਹੇ ਹਨ ਅਤੇ ਮਾਡਲ-ਨਿਰਮਾਣ ਦੇ ਭਾਰੀ ਪੂੰਜੀ ਖਰਚਿਆਂ ਤੋਂ ਬਚਦੇ ਹੋਏ, ਇੱਕ ਭਾਸ਼ਾ-ਅਨੁਵਾਦ ਸੇਵਾ ਪ੍ਰਦਾਨ ਕਰਨ ਲਈ ਉਹਨਾਂ ਨੂੰ ਸਥਾਨਕ ਡੇਟਾ ਦੇ ਨਾਲ ਵਧੀਆ-ਟਿਊਨਿੰਗ ਕਰ ਰਹੇ ਹਨ।

(ਬਾਕੀ ਸਫ਼ਾ 31 'ਤੇ)

# ਮਾਇਆਵਤੀ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਲਾਭ ਪਹੁੰਚਾਏਗੀ



ਅਭੈ ਦੂਬੇ
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

ਭਾਰਤੀ ਜਨਤਾ ਪਾਰਟੀ ਇੱਕ ਵਾਰ ਫਿਰ ਰਾਜਨੀਤਕ ਪ੍ਰਬੰਧਾਂ ਦੀ ਉਸਤਾਦ ਸਾਬਿਤ ਹੋਈ ਹੈ। ਉਸ ਦੇ ਉਲਟ ਵਿਰੋਧੀ ਧਿਰ ਖ਼ਾਸਕਰ ਕਾਂਗਰਸ ਪਾਰਟੀ ਰਾਜਨੀਤਕ ਬਦਇੰਤਜ਼ਾਮੀ 'ਚ ਫਸੀ ਹੋਈ ਹੈ। ਮੋਦੀ ਦਾ ਪ੍ਰਬੰਧ ਦੋ ਪੱਧਰੀ ਲੱਗ ਰਿਹਾ ਹੈ। 'ਅਤੀਤਮੁਖੀ' ਅਤੇ 'ਭਵਿੱਖਮੁਖੀ'। ਤਰ੍ਹਾਂ-ਤਰ੍ਹਾਂ ਦੀਆਂ ਲੋਕ-ਲੁਭਾਓ ਯੋਜਨਾਵਾਂ ਅਤੇ ਰਾਮ ਮੰਦਰ ਦੇ ਇਰਦ-ਗਿਰਦ ਬੁਣਿਆ ਗਿਆ ਵਿਚਾਰ ਅਤੇ ਚਲਾਈ ਗਈ ਹਵਾ ਮੁੱਖ ਤੌਰ 'ਤੇ ਇੱਕ ਅਸਰਦਾਰ ਪਿੱਠਵਰਤੀ ਸੰਗੀਤ ਦਾ ਕੰਮ ਕਰਨ ਵਾਲੀ ਹੈ। ਪਿੱਛੇ ਇਹ ਧੂੰਆਂਧਾਰ ਸੰਗੀਤ ਚੱਲੇਗਾ ਅਤੇ ਅੱਗੇ ਨੇਤਾਵਾਂ ਅਤੇ ਭਾਈਚਾਰਿਆਂ ਦਾ ਜ਼ੋਰਦਾਰ ਸੁਮੇਲ ਤੇ ਯੋਜਨਾਵਾਂ ਆਪੋ-ਆਪਣੀ ਭੂਮਿਕਾ ਨਿਭਾਉਣਗੇ ਅਤੇ ਵਿਰੋਧੀ ਧਿਰ ਇਕ ਵਾਰ ਫਿਰ ਉਸ ਗ਼ਲਤੀ ਦੀ ਸਜ਼ਾ ਭੋਗੇਗਾ, ਜੋ ਉਸ ਨੇ ਆਪਣੀ ਏਕਤਾ ਕਰਨ 'ਚ ਲਾਪਰਵਾਹੀ ਵਿਖਾ ਕੇ ਕੀਤੀ ਹੈ।

ਮੋਦੀ ਅਤੇ ਉਨ੍ਹਾਂ ਦੇ ਸਲਾਹਕਾਰ ਸੰਭਾਵਿਤ ਤੌਰ 'ਤੇ ਇਸ ਮਾਨਤਾ 'ਤੇ ਪਹੁੰਚ ਗਏ ਹਨ ਕਿ ਚੋਣਾਂ ਜਿੱਤਣ ਲਈ ਉਨ੍ਹਾਂ ਨੂੰ ਜਿੰਨੇ ਤਰ੍ਹਾਂ ਦੇ ਰਣਨੀਤਕ ਪ੍ਰਬੰਧ ਕਰਨੇ ਚਾਹੀਦੇ ਸਨ, ਉਨ੍ਹਾਂ ਨੇ ਉਹ ਸਫਲਤਾਪੂਰਵਕ ਕਰ ਲਏ ਹਨ ਜਾਂ ਜਲਦ ਹੀ ਕਾਮਯਾਬੀ ਨਾਲ ਕਰ ਲਏ ਜਾਣਗੇ। ਜਿੰਨੀਆਂ ਕਮਜ਼ੋਰ ਕੜੀਆਂ ਸਨ, ਉਨ੍ਹਾਂ ਦੀ ਮੁਰੰਮਤ ਕਰ ਲਈ ਗਈ ਹੈ। ਭਾਜਪਾ ਅਤੇ ਮੋਦੀ ਦਾ ਵਧਦਾ ਪ੍ਰਭਾਵ ਕਾਂਗਰਸ ਨੂੰ ਲਗਾਤਾਰ ਕਮਜ਼ੋਰ ਕਰ ਰਿਹਾ ਹੈ। ਸਥਿਤੀ ਇਹ ਹੈ ਕਿ ਜੋ ਨੇਤਾ ਅਜੇ ਕੁਝ ਦਿਨ ਪਹਿਲਾਂ ਹੀ ਕਾਂਗਰਸ ਦੀ ਅਗਵਾਈ ਕਰ ਰਹੇ ਸਨ, ਹੁਣ ਉਨ੍ਹਾਂ ਦੇ ਵੀ ਭਾਜਪਾ 'ਚ ਜਾਣ ਦੀ ਚਰਚਾ ਹੋਣ ਲੱਗੀ ਹੈ। ਅਜਿਹੇ ਨੇਤਾ ਦੋ ਤਰ੍ਹਾਂ ਦੇ ਹਨ। ਇੱਕ ਉਹ ਜੋ ਇਨ੍ਹਾਂ ਚਰਚਿਆਂ ਦਾ ਖੰਡਨ ਨਹੀਂ ਕਰ ਰਹੇ ਹਨ ਅਤੇ ਚੁੱਪ ਬੈਠੇ ਹਨ। ਇਨ੍ਹਾਂ ਦੀ ਚੁੱਪੀ ਰਣਨੀਤਕ ਕਿਸਮ ਦੀ ਹੈ। ਇਨ੍ਹਾਂ 'ਚ ਪ੍ਰਮੁੱਖ ਨਾਂਅ ਕਮਲਨਾਥ ਦਾ ਹੈ, ਜਿਨ੍ਹਾਂ ਨੂੰ ਕਾਂਗਰਸ ਨੇ ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾਇਆ ਸੀ ਅਤੇ ਜੋ ਅਕਤੂਬਰ-ਨਵੰਬਰ 'ਚ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਵਲੋਂ ਮੁੱਖ ਮੰਤਰੀ ਦੇ ਰੂਪ 'ਚ ਪੇਸ਼ ਕੀਤੇ ਜਾ ਰਹੇ ਸਨ। ਅੱਜ ਸਥਿਤੀ ਇਹ ਹੈ ਕਿ ਜਾਂ ਤਾਂ ਉਹ ਆਪਣੇ ਬੇਟੇ ਦੇ ਨਾਲ ਭਾਜਪਾ 'ਚ ਚਲੇ ਜਾਣਗੇ ਜਾਂ ਸਿਰਫ਼ ਉਨ੍ਹਾਂ ਦਾ ਬੇਟਾ ਜਾਵੇਗਾ। ਦੂਜੇ ਨੇਤਾ ਉਹ ਹਨ, ਜੋ ਖੁੱਲ੍ਹ ਕੇ ਕਾਂਗਰਸ ਛੱਡਣ ਦੀ ਪੇਸ਼ਬੰਦੀ ਕਰ ਰਹੇ ਹਨ। ਇਨ੍ਹਾਂ 'ਚ ਪ੍ਰਮੁੱਖ ਨਾਂਅ ਅਚਾਰਿਆ ਪ੍ਰਮੋਦ ਕ੍ਰਿਸ਼ਨਮ ਦਾ ਹੈ। ਉਹ ਰਾਮ ਮੰਦਰ ਦੀ ਪ੍ਰਾਣ ਪ੍ਰਤੀਸ਼ਠਾ ਦੇ ਪ੍ਰੋਗਰਾਮ 'ਚ ਨਾ ਜਾਣ ਦੇ ਕਾਂਗਰਸੀ ਫ਼ੈਸਲੇ ਤੋਂ ਬਾਅਦ ਖੁੱਲ੍ਹ ਕੇ ਮੋਦੀ ਦੀ ਪ੍ਰਸੰਸਾ ਕਰਨ ਲੱਗੇ ਹਨ। ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਖ਼ੁਦ ਨੂੰ ਕਾਂਗਰਸ 'ਚੋਂ ਕਢਵਾ ਵੀ ਲਿਆ ਹੈ।

ਕਮਲਨਾਥ ਅਤੇ ਪ੍ਰਮੋਦ ਕ੍ਰਿਸ਼ਨਮ ਵਰਗੀ ਹਾਲਤ ਕੁਝ ਹੋਰ ਕਾਂਗਰਸੀ ਨੇਤਾਵਾਂ ਦੀ ਵੀ ਹੋ ਸਕਦੀ ਹੈ। ਅਜਿਹੇ ਵੀ ਕੁਝ ਨੇਤਾ ਹਨ, ਜੋ ਖ਼ੁਦ ਵਿਰੋਧੀ ਧਿਰ 'ਚ ਰਹਿੰਦੇ ਹਨ ਪਰ ਆਪਣੇ ਬੇਟੇ ਜਾਂ ਪਰਿਵਾਰ ਦੇ ਕੁਝ ਲੋਕਾਂ ਨੂੰ ਭਾਜਪਾ 'ਚ ਰੱਖਦੇ ਹਨ। ਨਿਤਿਸ਼ ਕੁਮਾਰ ਦੇ ਸੱਜਾ ਹੱਥ ਸਮਝੇ ਜਾਣ ਵਾਲੇ ਕੇ.ਸੀ. ਤਿਆਗੀ ਬਹੁਚਰਚਿਤ ਪਾਲਾਬਦਲ ਤੋਂ ਪਹਿਲਾਂ ਟੀ.ਵੀ. 'ਤੇ ਭਾਜਪਾ ਨੂੰ ਕਰੜੇ ਹੱਥੀਂ ਲਿਆ ਕਰਦੇ ਸਨ। ਉਹ ਜੇ.ਪੀ. ਲੋਹੀਆ ਅਤੇ ਸਮਾਜਵਾਦੀ ਦੀ ਦੁਹਾਈ ਦੇ ਕੇ ਕਾਫੀ ਆਕਰਸ਼ਕ ਢੰਗ ਨਾਲ ਆਪਣੀਆਂ ਗੱਲਾਂ ਕਹਿੰਦੇ ਸਨ ਪਰ ਉਨ੍ਹਾਂ ਨੇ ਆਪਣੇ ਬੇਟੇ ਅਮਰੀਸ਼ ਤਿਆਗੀ ਨੂੰ ਪਹਿਲਾਂ ਤੋਂ ਹੀ ਭਾਜਪਾ 'ਚ 'ਪਾਰਕ' ਕਰ ਰੱਖਿਆ ਸੀ। ਕਾਂਗਰਸ ਅਤੇ ਵਿਰੋਧੀ ਧਿਰ ਦੇ ਆਗੂਆਂ ਦੇ ਭਾਜਪਾ ਪ੍ਰਤੀ ਝੁਕਣ ਦਾ ਇਹ ਸਿਲਸਿਲਾ ਅਗਲੇ ਕੁਝ ਦਿਨਾਂ 'ਚ ਹੋਰ ਅੱਗੇ ਵਧ ਸਕਦਾ ਹੈ।ਇਕ ਜ਼ਮਾਨਾ ਸੀ, ਜਦੋਂ ਭਾਜਪਾ ਦੂਜੀਆਂ ਪਾਰਟੀਆਂ ਤੋਂ ਆਏ ਆਗੂਆਂ ਲਈ ਚੰਗੀ ਜਗ੍ਹਾ ਨਹੀਂ ਮੰਨੀ ਜਾਂਦੀ ਸੀ। ਹੁਣ ਹਾਲਾਤ ਬਦਲ ਚੁੱਕੇ ਹਨ। ਆਪਣੇ ਵਿਸਥਾਰ ਕਰਨ ਦੀ ਪ੍ਰਕਿਰਿਆ 'ਚ ਭਾਜਪਾ ਨੇ ਆਪਣੇ ਦਰਵਾਜ਼ੇ ਕਿਸੇ ਵੀ ਪਾਰਟੀ ਦੇ ਆਗੂਆਂ ਲਈ ਖੋਲ੍ਹ ਦਿੱਤੇ ਹਨ। ਕਾਂਗਰਸ ਤੋਂ ਆਏ ਆਗੂਆਂ ਦੀ ਤਾਂ ਭਾਜਪਾ 'ਚ ਬਹੁਤਾਤ ਹੁੰਦੀ ਜਾ ਰਹੀ ਹੈ। ਉਸ ਦੀ ਉੱਤਰ-ਪੂਰਬ ਦੀ ਰਾਜਨੀਤੀ



ਤਾਂ ਮੋਟੇ ਤੌਰ 'ਤੇ ਉਨ੍ਹਾਂ 'ਤੇ ਹੀ ਟਿਕੀ ਹੋਈ ਹੈ। ਆਸਾਮ, ਤ੍ਰਿਪੁਰਾ ਅਤੇ ਮਨੀਪੁਰ ਦੇ ਤਿੰਨਾਂ ਮੁੱਖ ਮੰਤਰੀਆਂ ਦੀ ਜ਼ਿਆਦਾਤਰ ਜ਼ਿੰਦਗੀ ਕਾਂਗਰਸ 'ਚ ਹੀ ਬੀਤੀ ਹੈ। ਰਣਨੀਤਕ ਤੌਰ 'ਤੇ ਭਾਜਪਾ 'ਚ ਬਹੁਤ ਲਚੀਲਾਪਨ ਹੈ। ਇਸ ਦਾ ਲਾਭ ਉਠਾ ਕੇ ਉਸ ਨੇ ਕੁਝ ਆਗੂਆਂ ਨੂੰ ਵਿਰੋਧੀ ਧਿਰ ਕੋਲੋਂ ਖੋਹ ਲਿਆ ਹੈ (ਜਿਵੇਂ ਨਿਤਿਸ਼ ਕੁਮਾਰ ਅਤੇ ਜਯੰਤ ਚੌਧਰੀ), ਕੁਝ ਨੂੰ ਵਿਰੋਧੀ ਧਿਰ 'ਚ ਜਾਣ ਤੋਂ ਰੋਕ ਦਿੱਤਾ ਹੈ (ਜਿਵੇਂ ਮਾਇਆਵਤੀ ਅਤੇ ਚੰਦਰਬਾਬੂ ਨਾਇਡੂ), ਕੁਝ ਪਾਰਟੀਆਂ ਜੋ ਤੰਗ ਕਰ ਰਹੀਆਂ ਸਨ, ਉਨ੍ਹਾਂ ਨੂੰ ਤੋੜ ਦਿੱਤਾ ਗਿਆ ਹੈ (ਜਿਵੇਂ ਸ਼ਿਵ ਸੈਨਾ ਅਤੇ ਰਾਸ਼ਟਰਵਾਦੀ ਕਾਂਗਰਸ)। ਪਹਿਲਾਂ ਕਦੇ ਸੋਚਿਆ ਵੀ ਨਹੀਂ ਗਿਆ ਸੀ ਕਿ 'ਭਾਰਤ ਰਤਨ' ਦਾ ਸਰਬਉੱਚ ਪੁਰਸਕਾਰ ਛੋਟੇ ਅਤੇ ਲੰਬੇ ਦ੍ਰਿਸ਼ਟੀਕੋਣ ਲਈ ਰਾਜਨੀਤੀ ਦੇ ਦੋਹਰੇ ਟੀਚਿਆਂ ਦੀ ਪੂਰਤੀ ਦਾ ਔਜ਼ਾਰ ਵੀ ਬਣ ਸਕਦਾ ਹੈ। ਕਰਪੂਰੀ ਠਾਕੁਰ, ਚਰਨ ਸਿੰਘ ਅਤੇ ਅਡਵਾਨੀ ਨੂੰ ਇਹ ਪੁਰਸਕਾਰ ਦੇ ਕੇ ਫੌਰੀ ਟੀਚਿਆਂ ਨੂੰ ਤਾਂ ਸਿੱਧ ਕੀਤਾ ਹੀ ਗਿਆ ਹੈ, ਕਾਂਗਰਸ ਦੀ ਰਾਜਨੀਤੀ ਨੂੰ ਸੱਟ ਮਾਰਨ 'ਚ ਇਨ੍ਹਾਂ ਸਿਖਰਲੇ ਪੁਰਸ਼ਾਂ ਦੀ ਭੂਮਿਕਾ ਵੀ ਉਜਾਗਰ ਹੋਈ। ਇਹ ਦੇਖ ਕੇ ਵੀ ਹੈਰਾਨੀ ਹੁੰਦੀ ਹੈ ਕਿ ਜਿਨ੍ਹਾਂ ਨੂੰ 'ਭਾਰਤ ਰਤਨ' ਦਿੱਤਾ ਗਿਆ ਹੈ, ਬੀਤੇ ਸਮੇਂ 'ਚ ਭਾਜਪਾ ਉਨ੍ਹਾਂ ਖ਼ਿਲਾਫ਼ ਸੰਘਰਸ਼ ਕਰਦੀ ਰਹੀ ਹੈ। ਉਨ੍ਹਾਂ ਦੇ ਨਾਲ ਸੰਘ ਅਤੇ ਪਾਰਟੀ ਦੇ ਰਿਸ਼ਤੇ ਤਲਖ਼ੀ ਵਾਲੇ ਸਨ, ਜਿਵੇਂ ਕਰਪੂਰੀ ਠਾਕੁਰ ਦੀ ਸਰਕਾਰ ਜਨਸੰਘ ਨੇ ਹੀ ਡੇਗੀ ਸੀ। ਚਰਨ ਸਿੰਘ ਨੇ ਜਨਤਾ ਪਾਰਟੀ 'ਚ ਦੋਹਰੀ ਮੈਂਬਰਸ਼ਿਪ ਦਾ ਸਵਾਲ ਚੁੱਕ ਕੇ ਜਨਸੰਘੀਆਂ ਨੂੰ ਮੁਸ਼ਕਿਲ 'ਚ ਪਾ ਦਿੱਤਾ ਸੀ।

ਜਿਵੇਂ ਕਿ ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ, ਪੰਜ ਸਾਲ ਪਹਿਲਾਂ 2019 ਦੀਆਂ ਚੋਣਾਂ ਤੋਂ ਪਹਿਲਾਂ ਸ਼ਾਮ ਨੂੰ ਇਸ ਸਰਕਾਰ ਨੇ ਵੀ ਆਪਣਾ ਖ਼ਜ਼ਾਨਾ ਖੋਲ੍ਹਿਆ ਸੀ। ਉਸ ਸਮੇਂ ਮੋਦੀ ਤਿੰਨ ਵਿਧਾਨ ਸਭਾਵਾਂ ਦੀਆਂ ਚੋਣਾਂ ਹਾਰ ਚੁੱਕੇ ਸਨ। ਕਾਂਗਰਸ ਮੰਨ ਰਹੀ ਸੀ ਕਿ ਉਹ ਮੋਦੀ ਨੂੰ ਹਰਾ ਸਕਦੀ ਹੈ। ਇਸ ਵਾਰ ਖੇਡ ਪਲਟ ਚੁੱਕੀ ਹੈ। ਸਹਿਯੋਗੀ ਦਲ ਕਾਂਗਰਸ ਨੂੰ ਛੱਡਣ ਬਾਰੇ ਸੋਚ ਰਹੇ ਹਨ। ਅਜਿਹੇ 'ਚ ਉਹ ਸੋਚ ਰਹੇ ਹਨ ਕਿ ਅਗਲੇ ਪੰਜ ਸਾਲਾਂ ਲਈ ਕਮਰ ਕਿਉਂ ਨਾ ਕੱਸੀ ਜਾਵੇ। ਆਖ਼ਰ ਅਗਲੇ ਪੰਜ ਸਾਲ ਸਰਕਾਰ ਇਸੇ ਸਰਕਾਰ ਦੇ ਹੱਥਾਂ 'ਚ ਹੀ ਰਹਿਣ ਵਾਲੀ ਹੈ। ਮੋਦੀ ਜਾਣਦੇ ਹਨ ਕਿ ਲੋਕ-ਲੁਭਾਊ ਯੋਜਨਾਵਾਂ ਜਾਂ ਲਾਭਪਾਤਰੀਆਂ ਦਾ ਸੰਸਾਰ ਆਪਣੇ ਆਪ ਵੋਟਾਂ 'ਚ ਨਹੀਂ ਬਦਲਦਾ। ਉਸ 'ਤੇ ਤਿੰਨ ਪੱਧਰਾਂ 'ਤੇ ਕੰਮ ਕਰਨਾ ਹੁੰਦਾ ਹੈ। ਰਾਜਾਂ ਦੇ ਪੱਧਰ 'ਤੇ ਜਿੱਥੇ ਆਪਣੀ ਸਥਿਤੀ ਲਗਾਤਾਰ ਮਜ਼ਬੂਤ ਕਰਨਾ ਜ਼ਰੂਰੀ ਹੁੰਦਾ ਹੈ, ਆਗੂਆਂ ਦੇ ਪੱਧਰ 'ਤੇ ਜੋ ਵੱਖ-ਵੱਖ ਭਾਈਚਾਰਿਆਂ ਦੀ ਨੁਮਾਇੰਦਗੀ ਕਰਦੇ ਹਨ ਅਤੇ ਭਾਈਚਾਰਿਆਂ ਦੀ ਪੱਧਰ 'ਤੇ ਜਿਨ੍ਹਾਂ ਨੂੰ ਲਗਾਤਾਰ ਪਾਰਟੀ ਦੇ ਨਾਲ ਜੋੜਨ ਦੀ ਮੁਹਿੰਮ ਚਲਾਉਣੀ ਪੈਂਦੀ ਹੈ। 2019 'ਚ ਮੋਦੀ ਇਨ੍ਹਾਂ ਤਿੰਨਾਂ ਪੱਧਰਾਂ 'ਤੇ ਪੂਰਾ ਕੰਮ ਨਹੀਂ ਕਰ ਸਕੇ ਸਨ। ਤਿੰਨ ਚੋਣਾਂ ਹਾਰਨ ਤੋਂ ਬਾਅਦ ਰਾਜਾਂ 'ਚ ਉਨ੍ਹਾਂ ਦੀ ਸਥਿਤੀ ਭਰੋਸੇਮੰਦ ਨਹੀਂ ਸੀ। ਉੱਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦਾ ਗੱਠਜੋੜ ਬਹੁਤ ਵੱਡੀ ਚੁਣੌਤੀ ਦੇ ਰੂਪ 'ਚ ਦੇਖਿਆ ਜਾ ਰਿਹਾ ਸੀ। ਕਰੀਬ ਛੇ ਮਹੀਨੇ ਪਹਿਲਾਂ ਤਕਰੀਬਨ ਭਾਜਪਾ ਇਸੇ ਤਰ੍ਹਾਂ ਦੀ ਸਥਿਤੀ ਨਾਲ ਦੋ-ਚਾਰ ਹੋ ਰਹੀ ਸੀ। ਬਿਹਾਰ, ਮਹਾਰਾਸ਼ਟਰ ਅਤੇ ਕਰਨਾਟਕ ਉਸ ਦੀਆਂ ਕਮਜ਼ੋਰ ਕੜੀਆਂ ਸਨ। ਪਰ ਜਿਵੇਂ ਹੀ ਉਨ੍ਹਾਂ ਨੇ ਤਿੰਨ ਸੂਬਿਆਂ ਦੀਆਂ ਚੋਣਾਂ ਜਿੱਤੀਆਂ, ਅਜਿਹਾ ਲੱਗਾ ਕਿ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਗਈਆਂ ਹੋਣ।ਇਸ ਵਾਰ ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਇਹ ਉਮੀਦ ਵੀ ਹੈ ਕਿ ਜੋ ਭਾਈਚਾਰੇ ਉਸ ਨੂੰ ਪਹਿਲਾਂ ਵੋਟਾਂ ਨਹੀਂ ਪਾਉਂਦੇ ਸਨ, ਉਨ੍ਹਾਂ ਦਾ ਇੱਕ ਹਿੱਸਾ ਵੀ ਉਸ ਨੂੰ ਸਮਰਥਨ ਦੇ ਸਕਦਾ ਹੈ। ਇਨ੍ਹਾਂ 'ਚ ਉੱਤਰ ਪ੍ਰਦੇਸ਼ ਦੇ ਜਾਟਵ ਭਾਈਚਾਰੇ ਦੇ ਵੋਟਰਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਇਨ੍ਹਾਂ ਵੋਟਰਾਂ ਨੇ ਪੱਛਮੀ ਉੱਤਰ ਪ੍ਰਦੇਸ਼ 'ਚ ਘੱਟ ਹੁੰਦੀਆਂ ਜਾਟਵ ਵੋਟਾਂ ਦੀ ਇੱਕ ਹੱਦ ਤੱਕ ਭਰਪਾਈ ਕੀਤੀ ਸੀ। ਇਸ ਵਾਰ ਭਾਜਪਾ ਦੀ ਕੋਸ਼ਿਸ਼ ਹੋਵੇਗੀ ਕਿ ਪੂਰੇ ਸੂਬੇ ਦੇ ਪੱਧਰ 'ਤੇ ਜਾਟਵ ਵੋਟਰ ਉਸ ਵੱਲ ਆਉਣ। ਮਾਇਆਵਤੀ ਨੇ ਉਸ ਦਾ ਇਹ ਕੰਮ ਸੌਖਾ ਵੀ ਕਰ ਦਿੱਤਾ ਹੈ। ਵੱਖਰੀਆਂ ਚੋਣਾਂ ਲੜ ਕੇ ਅਤੇ ਵਿਰੋਧੀ ਗੱਠਜੋੜ ਤੋਂ ਦੂਰ ਰਹਿ ਕੇ ਉਸ ਨੇ ਆਪਣੇ ਆਧਾਰ-ਵੋਟਰਾਂ ਲਈ ਵੋਟਿੰਗ ਤਰਜੀਹਾਂ 'ਤੇ ਫਿਰ ਤੋਂ ਵਿਚਾਰ ਕਰਨ ਦੀਆਂ ਸਥਿਤੀਆਂ ਪੈਦਾ ਕਰ ਦਿੱਤੀਆਂ ਹਨ। ਏ.ਬੀ.ਪੀ. ਅਤੇ 'ਆਜ ਤੱਕ' ਵਰਗੇ ਚੈਨਲਾਂ 'ਤੇ ਪ੍ਰਸਾਰਿਤ ਹੋਏ ਸਰਵੇਖਣਾਂ ਨੇ ਦਿਖਾਇਆ ਹੈ ਕਿ ਮਾਇਆਵਤੀ ਦੇ ਹੱਥ ਲੋਕ ਸਭਾ ਚੋਣਾਂ 'ਚ ਕੁਝ ਲੱਗਣ ਵਾਲਾ ਨਹੀਂ ਹੈ। ਜ਼ਾਹਿਰ ਹੈ ਕਿ ਇਸ ਦਾ ਸ਼ੁੱਧ ਲਾਭ ਭਾਜਪਾ ਦੇ ਖਾਤੇ 'ਚ ਹੀ ਜਾਵੇਗਾ।

## ਪੰਜਾਬ ਵਸਦਾ ਗੁਰਾਂ ਦੇ ਨਾਮ 'ਤੇ

# ਪੰਜਾਬ ਦੀ ਕਿਸਾਨੀ ਲੀਡਰਸ਼ਿੱਪ ਸਿੱਖ ਵਿਚਾਰਧਾਰਾ ਤੋਂ ਮੁਨਕਰ ਕਿਉਂ ?



ਬਘੇਲ ਸਿੰਘ ਧਾਲੀਵਾਲ
99142-58142

ਇਸ ਸੱਚਾਈ ਤੋ ਕੋਈ ਮੁਨਕਰ ਨਹੀ ਹੋ ਸਕਦਾ ਹੈ ਕਿ ਪੰਜਾਬ ਦੀ ਧਰਾਤਲ ਨੂੰ ਸਿੱਖ ਪੁਰਖਿਆਂ ਨੇ ਆਪਣੇ ਖ਼ੂਨ ਨਾਲ ਸਿੰਜ ਕੇ ਜਰਖੇਜ਼ ਬਣਾਇਆ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਚੱਲੀ ਸੱਚੀ ਪਾਤਸ਼ਾਹੀ ਨਾਨਕ ਜੋਤਿ ਪਰੰਪਰਾ ਨੇ ਸਿੱਖੀ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਪ੍ਰਦਾਨ ਕੀਤੀ। ਗੁਰੂ ਨਾਨਕ ਦੇਵ ਜੀ ਦੇ ਨਿਆਰੇ ਅਤੇ ਨਿਰਾਲੇ ਪੰਥ ਨੂੰ ਦਸਵੇਂ ਨਾਨਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਨਿਰਾਲੇ ਪੰਥ ਵਜੋਂ ਸੰਪੂਰਨਤਾ ਦੀ ਬਖਸ਼ਿਸ਼ ਕਰਕੇ ਦੁਨੀਆਂ ਦੇ ਨਕਸ਼ੇ 'ਤੇ ਸਥਾਪਤ ਕੀਤਾ। ਇੱਕ ਅਜਿਹਾ ਪੰਥ ਨੂੰ ਸਿਰਜਿਆ ਗਿਆ, ਜਿਹੜਾ ਝੂਠ, ਫਰੇਬ ਅਤੇ ਮਿਥਿਹਾਸ ਦੇ ਕੱਚੇ ਲੋਥੜਿਆਂ ਨੂੰ ਪਾੜ ਕੇ ਇੱਕ ਸੱਚੀ ਸੁੱਚੀ ਨਿੱਗਰ ਸੋਚ ਵਾਲੇ ਸਮਾਜ ਨੂੰ ਸਿਰਜਣ ਦਾ ਮਾਣ ਹਾਸਲ ਕਰਨ ਵਾਲੀ ਦੁਨੀਆਂ ਦਾ ਲੋਕ ਹਿਤੂ ਪੰਥ ਬਣ ਗਿਆ ਹੈ। ਸਿੱਖ ਤਵਾਰੀਖ ਦੇ ਪੰਨੇ ਅਜਿਹੀਆਂ ਲਾਲ ਸੂਹੀਆਂ ਸੱਚਾਈਆਂ ਨਾਲ ਭਰੇ ਹੋਏ ਹਨ, ਜਿੰਨਾਂ ਵਿਚੋਂ ਅੱਜ ਵੀ ਤਾਜ਼ ਮਾਰਿਆਂ ਰੱਤ ਡੁੱਲਦੀ ਪ੍ਰਤੀਤ ਹੁੰਦੀ ਹੈ। ਸਿੱਖ ਤਵਾਰੀਖ ਦਾ ਇੱਕ ਇੱਕ ਅੱਖਰ ਲਹੂ ਦੀ ਸਿਆਹੀ ਨਾਲ ਲਿਖਿਆ ਹੋਇਆ ਹੈ। ਜਦੋਂ ਗੈਰ ਸਿੱਖ ਇਤਿਹਾਸਕਾਰ ਸਿੱਖ ਇਤਿਹਾਸ ਦਾ ਪਾਠ ਕਰਦੇ ਹਨ, ਤਾਂ ਉਹਨਾਂ ਨੂੰ ਸਿੱਖ ਬੌਧਿਕਤਾ ਤੇ ਹੈਰਾਨੀ ਹੁੰਦੀ ਹੈ ਕਿ ਦੁਨੀਆਂ ਤੇ ਰਾਜ ਕਰਨ ਵਾਲੀ ਕੌਮ ਦੇ ਵਾਰਿਸਾਂ ਨੂੰ ਕਿਹੜੇ ਰਾਹ ਤੋਰ ਦਿੱਤਾ ਗਿਆ ਹੈ ? ਐਨੀ ਵੱਡੀ ਗੈਰਤਮੰਦ ਵਿਰਾਸਤ ਦੇ ਮਾਲਕ ਜਦੋਂ ਦੂਜਿਆਂ 'ਤੇ ਟੇਕ ਰੱਖ ਕੇ ਆਪਣੇ ਚੰਗੇ ਭਵਿੱਖ ਦੇ ਸੁਪਨੇ ਦੇਖਦੇ ਹੋਣ, ਫਿਰ ਇਹ ਸੁਪਨੇ ਸੱਚ ਕਿਵੇਂ ਹੋ ਸਕਦੇ ਹਨ ? ਪੰਜਾਬ ਦੀ ਕਿਸਾਨੀ ਅਤੇ ਮਜਦੂਰ ਜਮਾਤ ਨੂੰ ਇਹ ਕਦੇ ਨਹੀ ਭੁਲਣਾ ਚਾਹੀਦਾ ਕਿ ਉਹਨਾਂ ਨੂੰ ਸਿਰਦਾਰੀਆਂ ਦੀ ਬਖਸ਼ਿਸ਼ ਕਰਨ ਵਾਲੀ ਕੋਈ ਖੱਬੀ ਸੱਜੀ ਤਾਕਤ ਨਹੀ, ਬਲਕਿ ਉਹ ਰੂਹਾਨੀ ਤਾਕਤ ਹੈ, ਜਿਸ ਨੇ ਨਪੀੜੇ ਲਿਤਾੜੇ ਸਮਾਜ ਦੀ ਕਾਇਰਤਾ ਨੂੰ ਮਾਰ ਕੇ ਉਹਨਾਂ ਦੀ ਮੁਰਦਾ ਹੋਈ ਆਤਮਾ ਨੂੰ ਮੁੜ ਜੀਵਤ ਕੀਤਾ ਹੈ ਅਤੇ ਤਖਤਾਂ ਤਾਜਾਂ ਦੇ ਮਾਲਕ ਬਣਾਇਆ। ਕਿਸਾਨਾਂ ਨੂੰ ਜਮੀਨਾਂ ਦੇ ਮਾਲਕ ਬਨਾਉਣ ਵਾਲੇ ਕੋਈ ਹੋਰ ਨਹੀ ਬਲਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਕਰਨ ਤੋ ਬਾਅਦ ਆਪਣੇ ਪਿਛਲੇ ਜੀਵਨ ਨੂੰ ਤਿਆਗ ਵੈਰਾਗੀ ਸਾਧ ਤੋਂ ਬੰਦਾ ਸਿੰਘ ਬਨਣ ਵਾਲੇ ਖਾਲਸਾ ਰਾਜ ਦੇ ਮੋਢੀ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ਮੀਨਾਂ ਦੇ ਮਾਲਕ ਬਣਾਇਆ, ਇਸ ਲਈ ਪੰਜਾਬ ਦੀਆਂ ਕਿਸਾਨ ਅਤੇ ਮਜਦੂਰ ਜਥੇਬੰਦੀਆਂ ਨੂੰ ਇਹ ਵੀ ਕਦੇ ਵੀ ਨਹੀ ਭੁੱਲਣਾ ਚਾਹੀਦਾ, ਕਿ ਪੰਜਾਬ ਅੰਦਰ ਗੁਰੂ ਸਾਹਿਬਾਨਾਂ ਵਿਚਾਰਧਾਰਾ ਤੋਂ ਮੁਨਕਰ ਹੋਣਾ ਅਕ੍ਰਿਤਘਣਤਾ ਦਾ ਪ੍ਰਗਟਾਵਾ ਹੈ। ਮੌਜੂਦਾ ਕਿਸਾਨੀ ਸੰਘਰਸ਼ ਕਿਸ ਪਾਸੇ ਵੱਲ ਮੋੜਾ ਕੱਟਦਾ ਹੈ, ਇਹਦੇ ਬਾਰੇ ਅਜੇ ਕੁੱਝ ਵੀ ਕਹਿਣਾ ਸੰਭਵ ਨਹੀ, ਪਰ ਇਹ ਸੱਚ ਹੈ ਕਿ ਇਸ ਵਾਰ ਦਿੱਲੀ ਜਾਣ ਦੇ ਹੋਕੇ ਤੋਂ ਤਕਰੀਬਨ ਸਾਰੀਆਂ ਹੀ ਖੱਬੇ ਪੱਖੀ ਧਿਰਾਂ ਬਾਹਰ ਹਨ,ਜਦੋਂਕਿ ਕਿਸਾਨਾਂ ਸਮੇਤ ਆਮ ਲੋਕ ਮਨਾਂ ਵਿੱਚ ਇਹ ਗੱਲ ਘਰ ਕਰਦੀ ਜਾ ਰਹੀ ਹੈ ਕਿ ਇਸ ਵਾਰ ਦਿੱਲੀ ਜਾਣ ਵਾਲੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ ਤੁਰਨ ਵਾਲੇ ਕਿਸਾਨ ਹਨ, ਜਿੰਨਾਂ ਦੀ ਜਿੱਤ ਯਕੀਨੀ ਹੋਵੇਗੀ। ਸੰਘਰਸ਼ ਤੋਂ ਬਾਹਰ ਰਹਿ ਗਈਆਂ ਜਥੇਬੰਦੀਆਂ ਵਿੱਚ ਬਹੁ ਗਿਣਤੀ ਵਿੱਚ ਉਹ ਆਗੂ ਸ਼ਾਮਲ ਹਨ, ਜਿਹੜੇ ਮੁੱਢੋਂ ਹੀ ਸਿੱਖ ਸੋਚ ਤੋਂ ਆਕੀ ਹੋ ਕੇ ਚੱਲਣ ਵਿੱਚ ਮਾਣ ਮਹਿਸੂਸ ਕਰਦੇ ਰਹੇ ਹਨ। ਉੱਧਰ ਸਿੱਖ ਜਜ਼ਬੇ ਦਾ ਆਪਣਾ ਹੀ ਰੰਗ ਹੈ, ਜਿਸ ਤੋਂ ਪ੍ਰਭਾਵਤ ਹੋ ਕੇ ਕਾਮਰੇਡਾਂ ਦੀਆਂ ਜਥੇਬੰਦੀਆਂ ਦਾ ਕਾਡਰ ਵੀ ਆਪ ਮੁਹਾਰੇ ਦਿੱਲੀ ਵੱਲ ਚੱਲ ਪਿਆ ਹੈ। ਇਹ ਪਹਿਲੀ ਵਾਰ ਦੇਖਿਆ ਗਿਆ ਹੈ ਕਿ ਕਿਸਾਨਾਂ ਨੇ ਆਪਣੇ ਆਗੂਆਂ ਦੇ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਦਿੱਲੀ ਵੱਲ ਕੂਚ ਕਰਨ ਲਈ ਹਰਿਆਣਾ ਸਰਕਾਰ ਨਾਲ ਪੰਜਾਬ ਦੇ ਬਾਰਡਰਾਂ ਤੇ ਆਢਾ ਲਾਈ ਖੜੇ ਕਿਸਾਨਾਂ ਵਿੱਚ ਜਾ ਸ਼ਮੂਲੀਅਤ ਕੀਤੀ ਹੈ। ਕੁੱਝ ਇਸ ਤਰ੍ਹਾਂ ਦਾ ਹੀ ਵਰਤਾਰਾ ਪਿਛਲੇ ਸੰਘਰਸ਼ ਦੌਰਾਨ ਵੀ ਵਾਪਰਦਾ ਦੇਖਿਆ ਜਾਂਦਾ ਰਿਹਾ ਹੈ,ਪਰ ਇਸ ਦੇ ਬਾਵਜੂਦ ਵੀ ਕਿਸਾਨ ਜਥੇਬੰਦੀਆਂ ਪਤਾ ਨਹੀ ਕਿਉਂ ਸਿੱਖ ਸੋਚ ਤੋਂ ਮੁਨਕਰ ਹੀ ਨਹੀ ਬਲਕਿ ਸਿੱਖ ਵਿਚਾਰਧਾਰਾ ਦੇ ਪਰਛਾਏ ਤੋਂ ਵੀ ਤਰਭਕਦੀਆਂ ਪ੍ਰਤੀਤ ਹੋ ਰਹੀਆਂ ਹਨ, ਜਦੋਂਕਿ ਸੱਚ ਤਾਂ ਇਹ ਹੈ ਕਿ ਆਪਣੀ ਹੋਂਦ ਤੋ ਮੁਨਕਰ ਹੋਣਾ ਹੀ ਕਿਸਾਨੀ ਮੁੱਦਿਆਂ ਦੇ ਉਭਾਰ ਦਾ ਕਾਰਨ ਹੈ। ਇਹ ਵੀ ਸੱਚ ਹੈ ਕਿ ਮੌਜੂਦਾ ਕਿਸਾਨ ਸੰਘਰਸ਼ ਨੇ ਬਾਹਰ ਰਹਿ ਗਈਆਂ ਕਿਸਾਨ ਜਥੇਬੰਦੀਆਂ ਨੂੰ ਲੜਾਈ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰ ਦਿੱਤਾ ਹੈ। ਕਿਸਾਨ ਸੰਘਰਸ਼ ਤੋਂ ਆਪਣੇ ਆਪ ਨੂੰ ਅਲੱਗ ਰੱਖਣ ਦੇ ਬਿਆਨ ਦੇ ਚੁੱਕੇ ਕਿਸਾਨ ਆਗੂਆਂ ਦੀ ਹੁਣ ਗਾਹੇ ਬਗਾਹੇ ਕਿਸਾਨ ਸੰਘਰਸ਼ ਦੇ ਹੱਕ ਵਿੱਚ ਕੀਤੀ ਜਾ ਰਹੀ ਕੇਂਦਰ ਖ਼ਿਲਾਫ਼ ਬਿਆਨਬਾਜੀ ਅਤੇ ਰੇਲਾਂ ਰੋਕਣ ਤੋਂ ਲੈ ਕੇ ਭਾਰਤ ਬੰਦ ਦੇ ਸੱਦੇ ਦਾ ਮਤਲਬ ਹੈ ਕਿ ਬਾਹਰ ਰਹਿ ਗਈਆਂ ਧਿਰਾਂ ਕਿਤੇ ਨਾ ਕਿਤੇ ਇਹ ਮਹਿਸੂਸ ਜ਼ਰੂਰ ਕਰਦੀਆਂ ਹਨ ਕਿ ਲੜਾਈ ਵਿੱਚ ਸ਼ਾਮਲ ਹੋਇਆ ਜਾਵੇ, ਪਰ ਹਉਮੈਂ ਅਤੇ ਈਰਖਾ ਅਜਿਹੀ ਨਾ ਮੁਰਾਦ ਬਿਮਾਰੀ ਹੈ, ਜਿਹੜੀ ਪੰਜਾਬ ਦੀ ਬਰਬਾਦੀ ਲਈ ਜ਼ਿੰਮੇਵਾਰ ਬਣੇਗੀ। ਪਿਛਲੇ ਕਿਸਾਨੀ ਸੰਘਰਸ਼ ਦੌਰਾਨ ਦੇਖਿਆ ਗਿਆ ਕਿ ਕਿਸ ਤਰ੍ਹਾਂ ਕਿਸਾਨ ਆਗੂਆਂ ਨੇ ਦੀਪ ਸਿੱਧੂ ਵਰਗੇ ਪੰਜਾਬ ਪ੍ਰਸਤ ਨੌਜਵਾਨ ਤੇ ਮਹਿਜ ਈਰਖਾ ਵੱਸ ਗਦਾਰੀ ਦੇ ਲੇਵਲ ਲਾ ਕੇ ਬਦਨਾਮ ਕਰਨ ਦੀ ਕੋਈ ਕਸਰ ਨਹੀ ਛੱਡੀ,ਪਰ ਅੱਜ ਉਹਦੀ ਮੌਤ ਤੋਂ ਬਾਅਦ ਮੌਜੂਦਾ ਕਿਸਾਨੀ ਸੰਘਰਸ਼ ਵਿੱਚ ਦੀਪ ਸਿੱਧੂ ਦੀ ਹੀ ਗੱਲ ਚੱਲ ਰਹੀ ਹੈ। ਲੋਕ ਉਹਦੀਆਂ ਕਹੀਆਂ ਗੱਲਾਂ ਨੂੰ ਅੱਜ ਦੇ ਸੰਦਰਭ ਵਿੱਚ ਬੜੇ ਗਹੁ ਨਾਲ ਸੁਣਦੇ ਹਨ, ਜਿਹੜੀਆਂ ਇੰਨ ਬਿੰਨ ਸੱਚ ਜਾਪਦੀਆਂ ਹਨ। ਸੋ ਕੁਝ ਵੀ ਹੋਵੇ ਪਰ ਇਹ ਕੰਧ 'ਤੇ ਲਿਖਿਆ ਸੱਚ ਹੈ ਕਿ ਜਿੰਨੀ ਦੇਰ ਕਿਸਾਨ ਮਜਦੂਰ ਜਥੇਬੰਦੀਆਂ ਫਸਲਾਂ ਦੇ ਨਾਲ ਨਸਲਾਂ, ਆਪਣੀ ਪਛਾਣ ਅਤੇ ਹੋਂਦ ਨੂੰ ਕਾਇਮ ਰੱਖਣ ਵਾਲੀ ਵਿਚਾਰਧਾਰਾ ਤੋਂ ਮੁੱਖ ਮੋੜ ਕੇ ਰੱਖਣਗੀਆਂ,ਓਨੀ ਦੇਰ ਸੰਘਰਸ਼ਾਂ ਵਿੱਚ ਵਕਤੀ ਰਾਹਤਾਂ ਤਾਂ ਮਿਲ ਸਕਦੀਆਂ ਹਨ,ਪਰੰਤੂ ਮੁਕੰਮਲ ਜਿੱਤ ਸਿੱਖ ਵਿਚਾਰਧਾਰਾ 'ਤੇ ਪਹਿਰਾ ਦੇਣ ਬਿਨਾਂ ਸੰਭਵ ਨਹੀਂ ਹੋ ਸਕੇਗੀ।

# ਅੱਕੇ-ਥੱਕੇ ਲੋਕ, ਕੀ ਨਿਰਣਾ ਦੇਣਗੇ ਲੋਕ ਸਭਾ ਚੋਣਾਂ 'ਚ ?



ਗੁਰਮੀਤ ਸਿੰਘ ਪਲਾਹੀ
9815802070

ਦੇਸ਼ ਦੀ ਹਾਕਮ ਧਿਰ ਭਾਰਤੀ ਜਨਤਾ ਪਾਰਟੀ ਵੱਲੋਂ ਸਾਲ 2024 ਦੀਆਂ ਲੋਕ ਸਭਾ ਚੋਣਾਂ ਲਈ ਹਰ ਪੱਖੋਂ ਹਮਲਾਵਰ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ। ਭਾਜਪਾ, ਉਸਦੀ ਸਰਕਾਰ ਅਤੇ ਆਰ.ਐਸ.ਐਸ. ਹਰ ਹੀਲਾ-ਵਸੀਲਾ ਵਰਤਕੇ ਅਗਲੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਹੁਣੇ ਤੋਂ ਹੀ ਪੱਬਾਂ ਭਾਰ ਹੋਈ ਪਈ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਗਲੀਆਂ ਲੋਕ ਸਭਾ ਦੀਆਂ 400 ਸੀਟਾਂ ਜਿੱਤਣ ਦਾ ਦਾਅਵਾ ਕਰਨ ਲੱਗ ਪਏ ਹਨ।

ਕੇਂਦਰ ਸਰਕਾਰ ਵਲੋਂ ਆਪਣੀ ਮੁੱਖ ਵਿਰੋਧੀ ਪਾਰਟੀ, ਜਿਸ ਤੋਂ ਉਸਨੇ ਦਸ ਵਰ੍ਹੇ ਪਹਿਲਾਂ ਤਾਕਤ ਹਥਿਆਈ ਸੀ, ਦੇ ਕਾਰਜ ਕਾਲ 'ਚ ਕੀਤੀਆਂ ਖੁਨਾਮੀਆਂ, ਸਬੰਧੀ ਵਾਈਟ ਪੇਪਰ ਜਾਰੀ ਕੀਤਾ ਗਿਆ ਹੈ ਅਤੇ ਕਾਂਗਰਸ ਨੂੰ ਮੁੱਖ ਤੌਰ 'ਤੇ ਦੇਸ਼ ਦੇ ਅਰਥਚਾਰੇ 'ਚ ਗਿਰਾਵਟ ਦਾ ਦੋਸ਼ੀ ਦੱਸਿਆ ਗਿਆ ਹੈ। ਕਾਂਗਰਸ ਨੇ ਵੀ ਭਾਜਪਾ ਦੇ ਕਾਰਜ ਕਾਲ ਸਬੰਧੀ ਬਲੈਕ ਪੇਪਰ ਜਾਰੀ ਕੀਤਾ ਹੈ ਅਤੇ ਦੇਸ਼ ਦੀ ਮੌਜੂਦਾ ਭੈੜੀ ਹਾਲਤ ਲਈ ਉਸਨੂੰ ਦੋਸ਼ੀ ਗਰਦਾਨਿਆ ਹੈ। ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਨਰੇਂਦਰ ਮੋਦੀ ਕਾਲ ਨੂੰ ਅਨਿਆਏ ਕਾਲ ਕਿਹਾ ਹੈ ਅਤੇ ਕਿਸਾਨਾਂ ਤੇ ਫੌਜੀਆਂ ਨੂੰ ਬਰਬਾਦ ਕਰਨ ਦਾ ਜ਼ੁੰਮੇਵਾਰ ਆਖਿਆ ਹੈ।

ਹਾਕਮ ਧਿਰ ਅਤੇ ਵਿਰੋਧੀ ਧਿਰ ਵਿਚਕਾਰ ਦੋਸ਼ਾਂ ਅਤੇ ਮੋੜਵੇਂ ਦੋਸ਼ਾਂ ਦੀ ਲੜੀ ਚੱਲ ਪਈ ਹੈ। ਜਿਥੇ ਦੇਸ਼ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅੰਤਰਿਮ ਬਜ਼ਟ ਪੇਸ਼ ਕਰਦਿਆਂ ਦੇਸ਼ ਨੂੰ ਤੇਜ਼ੀ ਨਾਲ ਤਰੱਕੀ ਕਰਨ ਵਾਲੀ ਅਰਥ ਵਿਵਸਥਾ ਕਰਾਰ ਦਿੱਤਾ ਹੈ, ਉਥੇ ਵਿਰੋਧੀਆਂ ਨੇ ਇਸ ਨੂੰ ਨਾਕਾਮਯਾਬ ਅਤੇ ਨਿਘਾਰ ਵੱਲ ਜਾਂਦੀ ਅਰਥ ਵਿਵਸਥਾ ਦਾ ਨਾਂਅ ਦਿੱਤਾ ਹੈ। ਅਸਲ 'ਚ ਹਾਕਮ ਧਿਰ ਅਤੇ ਵਿਰੋਧੀ ਧਿਰ ਵਿਚਕਾਰ ਚੱਲ ਰਹੇ ਇਸ ਰਾਮ-ਰੌਲੇ ਅਤੇ ਦਾਅਵਿਆਂ ਤੋਂ ਅਤੇ ਦੇਸ਼ ਦੀ ਭੈੜੀ ਹਾਲਤ ਤੋਂ ਦੇਸ਼ ਦੇ ਲੋਕ ਅੱਕ ਅਤੇ ਥੱਕ ਚੁੱਕੇ ਹਨ।

ਆਓ ਕੁਝ ਹਕੀਕਤਾਂ ਵੱਲ ਧਿਆਨ ਕਰੀਏ! ਮੌਜੂਦਾ ਸਰਕਾਰ ਦੇ ਕਾਰਜਕਾਲ ਵਿੱਚ ਸਾਲ 2023 ਵਿੱਚ ਦੇਸ਼ 'ਚ ਤਕਨੀਕੀ ਕੰਪਨੀਆਂ ਨੇ ਦੋ ਲੱਖ ਸੱਠ ਹਜ਼ਾਰ ਨੌਕਰੀਆਂ ਖ਼ਤਮ ਕਰ ਦਿੱਤੀਆਂ ਹਨ, ਬਸ ਕੁਝ ਹਜ਼ਾਰ ਲੋਕਾਂ ਨੂੰ ਸਰਕਾਰ ਨੇ ਨਿਯੁੱਕਤੀ ਪੱਤਰ ਦਿੱਤੇ ਹਨ। ਵਾਇਦਾ ਤਾਂ ਇਹ ਸੀ ਕਿ ਦੋ ਕਰੋੜ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਹਾਕਮਾਂ ਦਾ ਪਿਛਲੇ 10 ਸਾਲਾਂ ਤੋਂ ਹਰ ਵਰ੍ਹੇ ਲੱਖਾਂ ਨੌਕਰੀਆਂ ਦੇਣ ਦੇ ਦਾਅਵੇ ਨੂੰ ਕਦੇ ਵੀ ਬੂਰ ਨਹੀਂ ਪਿਆ। ਇੰਝ ਬੇਰੁਜ਼ਗਾਰੀ ਦਾ ਦੈਂਤ ਲੋਕਾਂ ਨੂੰ ਨਿਗਲ ਰਿਹਾ ਹੈ।

ਲੋਕ ਹਾਲੇ ਵੀ 2014 ਦੇ ਉਸ ਚੋਣ ਵਾਅਦੇ ਨੂੰ ਯਾਦ ਕਰ ਰਹੇ ਹਨ ਕਿ ਹਰ ਭਾਰਤੀ ਦੇ ਖਾਤੇ 'ਚ 15 ਲੱਖ ਰੁਪਏ ਵਿਦੇਸ਼ਾਂ ਤੋਂ ਵਾਪਿਸ ਲਿਆਂਦਾ ਕਾਲਾ ਧਨ ਚਿੱਟਾ ਕਰਕੇ ਧਨ ਪਾਇਆ ਜਾਏਗਾ। ਕਿਸਾਨ ਤਾਂ ਸਰਕਾਰ ਨੂੰ ਵਾਰ-ਵਾਰ ਯਾਦ ਕਰਵਾਉਂਦੇ ਹਨ ਕਿ ਉਹਨਾਂ ਦੀ ਆਮਦਨ 2022 ਤੱਕ ਦੋਗੁਣੀ ਕਰਨ ਦਾ ਕੀ ਬਣਿਆ।

ਦੇਸ਼ ਦੇ ਅਰਥਚਾਰੇ ਦੇ ਥੰਮ ਕਿਰਤੀਆਂ ਦੀ ਦਸ਼ਾ ਬਦਤਰ ਹੋ ਰਹੀ ਹੈ, ਤਿੰਨੋਂ ਪ੍ਰਕਾਰ ਦੇ ਕਿਰਤੀਆਂ ਨਿਯਮਤ/ਅਨਿਯਮਤ, ਦਿਹਾੜੀਦਾਰ ਅਤੇ ਸਵੈ-ਰੁਜ਼ਗਾਰ ਦੀ ਅਸਲ ਮਜ਼ਦੂਰੀ 2017-18 ਅਤੇ 2022-23 ਵਿੱਚ ਠਹਿਰ ਗਈ ਹੈ।ਇਹ ਅਜੀਮ ਪ੍ਰੇਮ ਜੀ ਯੂਨੀਵਰਸਿਟੀ ਦੀ ਸਟੇਟ ਆਫ ਵਰਕਿੰਗ ਇੰਡੀਆ ਰਿਪੋਰਟ ਨੇ ਇੰਕਸਾਫ ਕੀਤਾ ਹੈ।

ਸਰਕਾਰ ਵਾਰ-ਵਾਰ ਦਾਅਵਾ ਕਰਦੀ ਹੈ ਕਿ ਦੇਸ਼ ਵਿਚੋਂ 25 ਕਰੋੜ ਲੋਕ, ਗਰੀਬੀ ਰੇਖਾ ਤੋਂ ਉੱਪਰ ਆ ਗਏ ਹਨ, ਜਦਕਿ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ ਡੀ ਪੀ) ਅਨੁਸਾਰ ਗਰੀਬੀ ਤੋਂ ਬਾਹਰ ਨਿਕਲਣ ਵਾਲੇ ਲੋਕਾਂ ਦੀ ਗਿਣਤੀ 14 ਕਰੋੜ ਹੈ। ਸਰਕਾਰ ਕਿਸਾਨਾਂ ਨੂੰ ਹਰ ਵਰ੍ਹੇ 11.8 ਕਰੋੜ ਕਿਸਾਨਾਂ ਨੂੰ 6000 ਰੁਪਏ ਦੇਣ ਦਾ ਦਾਅਵਾ ਕਰਦੀ ਹੈ, ਜਦਕਿ ਇਹ ਸਹਾਇਤਾ ਪ੍ਰਾਪਤ ਕਰਨ ਵਾਲੇ ਕਿਸਾਨਾਂ ਦੀ ਅਸਲ ਗਿਣਤੀ 8.12 ਕਰੋੜ ਹੈ।

ਦੇਸ਼ ਦੇ ਵਿੱਚ 16 ਆਈ.ਆਈ.ਟੀ. 15 ਏਮਜ਼ ਅਤੇ 390 ਨਵੀਆਂ ਸਿੱਖਿਆ ਸੰਸਥਾਨ ਖੋਹਲਣ ਦਾ ਦਾਅਵਾ ਸਰਕਾਰ ਵੱਲੋਂ ਕੀਤਾ ਗਿਆ ਹੈ। ਪਰ 22 ਮਾਰਚ 2023 ਦੀ ਇੱਕ ਰਿਪੋਰਟ ਅਨੁਸਾਰ ਆਈ.ਆਈ.ਟੀ. ਵਿੱਚ 9625, ਆਈ.ਆਈ.ਆਈ.ਟੀ. 'ਚ 1212 ਅਤੇ ਕੇਂਦਰੀ ਵਿਸ਼ਵ ਵਿਦਿਆਲਿਆਂ ਵਿੱਚ 22,106 ਮੁੱਖ ਥਾਵਾਂ ਖਾਲੀ ਸਨ।



ਦੇਸ਼ ਦੇ ਹਾਕਮਾਂ ਵਲੋਂ ਦੇਸ਼ 'ਚ ਕੀਤੀ, ਕਾਰਵਾਈ ਜਾ ਰਹੀ ਤਰੱਕੀ, ਨਵੇਂ ਪ੍ਰਾਜੈਕਟਾਂ ਦੇ ਅੰਕੜੇ ਧੜਾ ਧੜ ਪੇਸ਼ ਕੀਤੇ ਜਾ ਰਹੇ ਹਨ ਅਤੇ ਦੇਸ਼ ਦੇ ਅਰਥਚਾਰੇ ਨੂੰ ਦੁਨੀਆ ਦੇ ਸਰਵੋਤਮ ਅਰਥ ਚਾਰਿਆਂ 'ਚ ਲਿਆਉਣ ਦੇ ਦਮਗਜੇ ਮਾਰੇ ਜਾ ਰਹੇ ਹਨ, ਪਰ ਹਕੀਕਤ ਇਹ ਹੈ ਕਿ ਦੇਸ਼ ਦਾ ਅਰਥਚਾਰਾ, ਕਾਰਪੋਰੇਟ ਸੈਕਟਰ ਨੇ ਚੁਰਾ ਲਿਆ ਹੈ ਅਤੇ ਉਸ ਵਲੋਂ ਸਿਰਫ਼ ਤੇ ਸਿਰਫ਼ ਆਪਣੇ ਹਿੱਤਾਂ ਅਨੁਸਾਰ ਦੇਸ਼ ਦੇ ਹਾਕਮਾਂ ਨੂੰ ਚਲਾਉਣ ਦੇ ਯਤਨ ਹੋ ਰਹੇ ਹਨ ਅਤੇ ਇਸੇ ਕਰਕੇ ਉਹ ਹਾਕਮ ਧਿਰ ਦੀ ਆਉਣ ਵਾਲੀਆਂ ਚੋਣਾਂ 'ਚ ਭਰਪੂਰ ਵਿੱਤੀ ਮਦਦ ਕਰ ਰਹੇ ਹਨ ਤਾਂ ਕਿ ਮੌਜੂਦਾ ਹਾਕਮ ਜੋ ਨਿੱਜੀਕਰਨ ਨੂੰ ਹੁਲਾਰਾ ਦੇ ਰਹੇ ਹਨ, ਦਿੱਲੀ ਦੀ ਗੱਦੀ ਉਤੇ ਟਿਕੇ ਰਹਿਣ। ਰੇਲਵੇ ਸਮੇਤ ਹੋਰ ਵੱਡੀਆਂ ਸੰਸਥਾਵਾਂ ਟੁੱਕੜਾ-ਟੁੱਕੜਾ ਕਰਕੇ ਨਿੱਜੀ ਹੱਥਾਂ 'ਚ ਦਿੱਤੀਆਂ ਜਾ ਰਹੀਆਂ ਹਨ।

ਪਿਛਲੇ ਦਿਨੀ ਦੇਸ਼ ਦੇ ਚੋਣ ਆਯੋਗ ਨੂੰ, ਹਰੇਕ ਸਿਆਸੀ ਪਾਰਟੀ ਨੇ ਆਪੋ-ਆਪਣੀ ਇੱਕ ਰਿਪੋਰਟ ਪੇਸ਼ ਕੀਤੀ ਹੈ, ਜਿਸ ਅਨੁਸਾਰ ਸੱਤਾਧਾਰੀ ਭਾਜਪਾ ਨੂੰ 2022-23 ਵਿੱਚ ਚੋਣ ਬਾਂਡਾਂ ਰਾਹੀਂ ਲਗਭਗ 1300 ਕਰੋੜ ਰੁਪਏ ਪ੍ਰਾਪਤ ਹੋਏ ਹਨ। ਇਹ ਰਾਸ਼ੀ ਕਾਂਗਰਸ ਨੂੰ ਮਿਲੀ ਚੋਣ ਬਾਂਡਾਂ ਦੀ ਰਕਮ ਤੋਂ ਸੱਤ ਗੁਣਾ ਹੈ। ਉਂਝ ਭਾਜਪਾ ਨੂੰ 2022-23 ਵਿੱਚ ਕੁੱਲ ਫੰਡ 2120 ਕਰੋੜ ਰੁਪਏ ਮਿਲੇ ਹਨ, ਜਿਹਨਾ ਵਿੱਚ 61 ਫੀਸਦੀ ਚੋਣ ਬਾਂਡ ਹਨ। ਸਾਲ 2021-22 ਵਿੱਚ ਪਾਰਟੀ ਨੂੰ ਕੁੱਲ 1775 ਕਰੋੜ ਚੰਦਾ ਮਿਲਿਆ ਸੀ। ਕਾਂਗਰਸ ਨੂੰ 171 ਕਰੋੜ ਰੁਪਏ, ਸਮਾਜਵਾਦੀ ਪਾਰਟੀ ਨੂੰ 3.2 ਕਰੋੜ ਮਿਲੇ ਸਨ। ਭਾਜਪਾ ਨੇ ਵਿੱਤੀ ਸਾਲ 2021-22 'ਚ 117.4 ਕਰੋੜ ਰੁਪਏ ਜਹਾਜ਼ਾਂ ਤੇ ਹੈਲੀਕਾਪਟਰਾਂ ਦੀ ਵਰਤੋਂ ਲਈ ਅਤੇ ਆਪਣੇ ਉਮੀਦਵਾਰਾਂ ਨੂੰ ਵਿੱਤੀ ਸਹਾਇਤਾ ਦੇਣ ਲਈ 76.5 ਕਰੋੜ ਰੁਪਏ ਦਾ ਭੁਗਤਾਨ ਕੀਤਾ ਸੀ।

ਸਪੱਸ਼ਟ ਹੈ ਕਿ ਹਾਕਮ ਧਿਰ ਧੰਨ ਕੁਬੇਰਾਂ ਅਤੇ ਗੋਦੀ ਮੀਡੀਆ ਦੀ ਮਦਦ ਨਾਲ ਆਉਣ ਵਾਲੀਆਂ ਚੋਣਾਂ ਜਿੱਤਣ ਲਈ ਯਤਨਸ਼ੀਲ ਹੈ। ਇਹੋ ਜਿਹੀ ਸਥਿਤੀ ਵਿੱਚ ਵਿਰੋਧੀ ਧਿਰ ਜੇਕਰ ਹਮਲਾਵਰ ਰੁਖ਼ ਅਖਤਿਆਰ ਨਹੀਂ ਕਰਦੀ ਤਾਂ ਦੇਸ਼ ਨੂੰ ਆਉਣ ਵਾਲੇ ਸਮੇਂ ਵਿੱਚ ਇਹੋ ਜਿਹਾ ਕੁਝ ਵੇਖਣਾ ਪਵੇਗਾ ਜਿਸ ਦੀ ਕਲਪਨਾ ਇਸ ਲੋਕਤੰਤਰੀ ਮੁਲਕ ਵਿੱਚ ਕਿਸੇ ਨੇ ਵੀ ਨਹੀਂ ਕੀਤੀ ਹੋਵੇਗੀ। ਅਸਲ ਵਿੱਚ ਦੇਸ਼ ਦੀ ਵਿਰੋਧੀ ਧਿਰ ਨੇ ਹਾਕਮ ਧਿਰ ਵਲੋਂ ਸਮੇਂ-ਸਮੇਂ ਕੀਤੇ ਗਏ ਗਲਤ ਕੰਮਾਂ ਦੇ ਵਿਰੋਧ ਵਿੱਚ ਨਾ ਇਕਮੁਠਤਾ ਵਿਖਾਈ ਅਤੇ ਨਾ ਹੀ ਉਹਨਾ ਮੁੱਦਿਆਂ ਨੂੰ ਲੋਕ ਕਚਿਹਰੀ ਵਿੱਚ ਉਠਾਇਆ। ਨੋਟਬੰਦੀ ਦੇ ਵੇਲੇ ਨਰੇਂਦਰ ਮੋਦੀ ਕਮਜ਼ੋਰ ਦਿੱਖ ਰਹੇ ਸਨ। ਪਰ ਦੇਸ਼ ਦੀ ਵਿਰੋਧੀ ਧਿਰ ਸਮੇਤ ਇਲਾਕਾਈ ਪਾਰਟੀਆਂ, ਕਮਿਊਨਿਸਟ ਇਸ ਮੁੱਦੇ ਨੂੰ ਉਠਾ ਨਾ ਸਕੇ। ਕੋਵਿਡ ਦੇ ਦੌਰ 'ਚ ਜਦ ਲੋਕ ਲੱਖਾਂ ਦੀ ਗਿਣਤੀ 'ਚ ਮਰੇ, ਦਵਾਈਆਂ ਦੀਆਂ ਕੰਪਨੀਆਂ, ਹਸਪਤਾਲਾਂ ਵਲੋਂ ਲੁੱਟੇ ਗਏ, ਉਸ ਵੇਲੇ ਵੀ ਮੋਦੀ ਕਮਜ਼ੋਰ ਦਿਖੇ ਸਨ। ਪਰ ਵਿਰੋਧੀ ਧਿਰਾਂ ਚੁੱਪ ਰਹੀਆਂ। ਪਾਰਲੀਮੈਂਟ ਵਿੱਚ ਵੀ ਰੌਲੇ-ਰੱਪੇ ਤੋਂ ਬਿਨ੍ਹਾਂ ਆਪੋਜੀਸ਼ਨ ਕੋਈ ਖਾਸ ਭੂਮਿਕਾ ਨਾ ਨਿਭਾ ਸਕੀ। ਇਸ ਵੇਲੇ ਦੇਸ਼ ਵਿੱਚ ਜੋ ਸਥਿਤੀ ਹੈ ਉਹ ਕਿਸੇ ਤੋਂ ਲੁਕਵੀਂ ਨਹੀਂ ਹੈ। ਦੇਸ਼ ਦੇ ਸੁਪਰੀਮ ਕੋਰਟ ਦੇ ਵਕੀਲ ਈ.ਵੀ.ਐਮ. ਪ੍ਰਣਾਲੀ ਨਾਲ ਦੇਸ਼ 'ਚ ਚੋਣਾਂ ਕਰਾਉਣ ਵਿਰੁੱਧ ਮੋਰਚਾ ਲਾਈ ਬੈਠੇ ਹਨ। ਉਹਨਾਂ ਦੇ ਹੱਕ ਵਿੱਚ ਦੇਸ਼ ਭਰ ਤੋਂ ਕਿਸਾਨ ਆਏ ਹਨ, ਮਜ਼ਦੂਰ ਵੀ ਦਿੱਲੀ ਢੁੱਕੇ ਹੋਏ ਹਨ।

ਆਪਣੇ ਨਾਲ ਕੇਂਦਰ ਸਰਕਾਰ ਵਲੋਂ ਕੀਤੇ ਧ੍ਰੋਹ ਕਾਰਨ ਅਤੇ ਮੰਗਾਂ ਨਾ ਮੰਨੇ ਜਾਣ ਤੋਂ ਨਿਰਾਸ਼ ਅਤੇ ਰੋਹ ਵਿੱਚ ਕਿਸਾਨ ਜੱਥੇਬੰਦੀਆਂ ਮੁੜ ਅੰਦੋਲਨ ਦੇ ਰਾਹ ਉਤੇ ਹਨ। ਇਸ ਤੋਂ ਵੀ ਵੱਡੀ ਗੱਲ ਇਹ ਕਿ ਕੋਆਪਰੇਟਿਵ ਫੈਡਰਲਿਜ਼ਮ ਨੂੰ ਬਚਾਉਣ ਲਈ ਖੱਬੇ ਪਾਰਟੀਆਂ ਦੇ ਆਗੂ ਜੰਤਰ ਮੰਤਰ ਉਤੇ ਧਰਨੇ ਉਤੇ ਜਾ ਬੈਠੇ। ਤਿੰਨ ਮੁੱਖ ਮੰਤਰੀ ਸਮੇਤ ਖੱਬੀਆਂ ਧਿਰਾਂ ਆਮ ਆਦਮੀ ਪਾਰਟੀ, ਫਰੂਕ ਅਬਦੂਲਾ ਨੇ ਇੱਕ ਮੁੱਠਤਾ ਦਿਖਾਈ।

ਮੁੱਖ ਮੁੱਦਾ ਇਹ ਰਿਹਾ ਕਿ ਕੇਂਦਰ ਸਰਕਾਰ ਰਾਜਾਂ ਨੂੰ ਟੈਕਸਾਂ ਵਿੱਚ ਬਣਦਾ ਹਿੱਸਾ ਨਹੀਂ ਦਿੰਦੀ ਅਤੇ ਵਿਰੋਧੀ ਪਾਰਟੀਆਂ ਦੇ ਸ਼ਾਸ਼ਤ ਵਾਲੇ ਰਾਜਪਾਲਾਂ ਰਾਹੀਂ ਸਰਕਾਰ ਦੇ ਕੰਮ ਕਾਜ ਵਿੱਚ ਰੁਕਾਵਟ ਪਾਉਂਦੀਹੈ। ਉਧਰ ਕਾਂਗਰਸ ਦੇ ਰਾਹੁਲ ਗਾਂਧੀ ਦੇਸ਼ ਦੀ ਨਿਆਏ ਯਾਤਰਾ ਤੇ ਹਨ ਅਤੇ ਲੋਕਾਂ ਨੂੰ ਹਾਕਮ ਧਿਰ ਦੀਆਂ ਨਾਕਾਮੀਆਂ ਅਤੇ ਵਧੀਕੀਆ ਦਸਦੇ ਲੋਕਾਂ ਨਾਲ ਰਾਬਤਾ ਕਰ ਰਹੇ ਹਨ। ਦੇਸ਼ ਵਿੱਚ ਥਾਂ-ਥਾਂ ਬੇਚੈਨੀ ਹੈ। ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਵਲੋਂ ਬੇਇਨਸਾਫੀ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਦੇ ਵਿਰੁੱਧ ਰੋਸ ਪ੍ਰਗਟਾਇਆ ਜਾ ਰਿਹਾ ਹੈ। ਪੇਂਡੂ ਭਾਰਤ ਬੰਦ ਦਾ ਸੱਦਾ ਵੀ ਆਇਆ ਹੈ। ਦੇਸ਼ 'ਚ ਘੱਟ ਗਿਣਤੀਆਂ ਦੇ ਮਨਾਂ 'ਚ ਨਿਰੰਤਰ ਡਰ ਪੈਦਾ ਹੋ ਰਿਹਾ ਹੈ। ਦੇਸ਼ ਦੇ ਕੁਝ ਸੂਬਿਆਂ ਤੋਂ ਦੇਸ਼ ਅਤੇ ਪ੍ਰਦੇਸ਼ ਦਾ ਪ੍ਰਵਾਸ ਲੋਕਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਣਦਾ ਜਾ ਰਿਹਾ ਹੈ। ਲੋਕ ਇੱਕ ਦੇਸ਼, ਇੱਕ ਰਾਸ਼ਟਰ, ਇੱਕ ਟੈਕਸ, ਇੱਕ ਚੋਣ, ਇੱਕ ਬੋਲੀ ਅਤੇ ਅੱਗੋਂ ਪਤਾ ਨਹੀਂ ਕੀ ਕੁਝ ਬਸ, ਇਕੋ ਇੱਕ ਨੂੰ ਦੇਸ਼ ਦੇ ਸੰਘੀ ਢਾਂਚੇ ਉਤੇ ਵੱਡੀ ਸੱਟ ਵਾਂਗਰ ਵੇਖ ਰਹੇ ਹਨ।

(ਬਾਕੀ ਸਫ਼ਾ 31 'ਤੇ)

# ਮਿਆਂਮਾਰ ਦੇ ਹਾਲਾਤ ਭਾਰਤ ਲਈ ਚੁਣੌਤੀ

ਮਨੋਜ ਜੋਸ਼ੀ

ਮਾਲਦੀਵ ਨੂੰ ਲੈ ਕੇ ਕੁਝ ਜ਼ਿਆਦਾ ਹੀ ਡਰਾਮਾ ਚੱਲ ਰਿਹਾ ਹੈ ਜਦਕਿ ਭਾਰਤ ਦੇ ਵਿਦੇਸ਼ ਅਤੇ ਸੁਰੱਖਿਆ ਨੀਤੀ ਪ੍ਰਬੰਧਕਾਂ ਨੂੰ ਆਪਣੀਆਂ ਨਜ਼ਰਾਂ ਪੂਰਬ ਦੀ ਤਰਫ਼ ਘੁਮਾਉਂਦੇ ਹੋਏ ਮਿਆਂਮਾਰ ਵੱਲ ਧਿਆਨ ਦੇਣ ਦੀ ਲੋੜ ਹੈ ਜਿੱਥੇ ਅਹਿਮ ਵਰਤਾਰੇ ਵਾਪਰ ਰਹੇ ਹਨ। ਚੀਨ ਨੇ ਸਾਲਸ ਦੀ ਭੂਮਿਕਾ ਨਿਭਾਉਂਦੇ ਹੋਏ ਮਿਆਂਮਾਰ ਦੇ ਫ਼ੌਜੀ ਸ਼ਾਸਕਾਂ ਅਤੇ ਇੱਕ ਵਿਦਰੋਹੀ ਗੱਠਜੋੜ, ਜਿਸ ਨੇ ਭਾਰਤ ਅਤੇ ਚੀਨ ਦੀ ਸਰਹੱਦ ਨਾਲ ਲੱਗਦੇ ਉਸ ਦੇਸ਼ ਦੇ ਉੱਤਰੀ ਹਿੱਸਿਆਂ ਉੱਪਰ ਕਬਜ਼ਾ ਜਮਾ ਲਿਆ ਹੈ, ਵਿਚਾਲੇ ਜੰਗਬੰਦੀ ਕਰਵਾਉਣ ਵਿੱਚ ਸਫਲਤਾ ਹਾਸਿਲ ਕਰ ਲਈ ਹੈ।

ਮਿਆਂਮਾਰ ਵਿੱਚ ਫਰਵਰੀ 2021 ਵਿੱਚ ਫ਼ੌਜ, ਜਿਸ ਨੂੰ ਟਾਟਮਾਡਾ ਵਜੋਂ ਵੀ ਜਾਣਿਆ ਜਾਂਦਾ ਹੈ, ਨੇ ਸਿਵਲੀਅਨ ਹਕੂਮਤ ਦਾ ਤਖ਼ਤਾ ਉਲਟਾ ਦਿੱਤਾ ਸੀ ਅਤੇ ਨਵੰਬਰ 2020 ਵਿੱਚ ਹੋਈਆਂ ਆਮ ਚੋਣਾਂ ਦੇ ਨਤੀਜਿਆਂ ਨੂੰ ਅਵੈਧ ਕਰਾਰ ਦੇ ਦਿੱਤਾ ਸੀ। ਮਿਆਂਮਾਰ ਦੀ ਆਗੂ ਸਟੇਟ ਕੌਂਸਲਰ ਆਂਗ ਸਾਂ ਸੂ ਕੀ ਅਤੇ ਸੱਤਾਧਾਰੀ ਨੈਸ਼ਨਲ ਲੀਗ ਫਾਰ ਡੈਮੋਕਰੇਸੀ (ਐੱਨਐੱਲਡੀ) ਦੇ ਕਈ ਹੋਰ ਸੀਨੀਅਰ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਸੀ। ਮਿਆਂਮਾਰ ਵਿੱਚ 1962 ਤੋਂ ਲੈ ਕੇ 2011 ਤੱਕ ਫ਼ੌਜੀ ਸ਼ਾਸਨ ਕਾਇਮ ਰਿਹਾ ਸੀ। ਇਸ ਤੋਂ ਬਾਅਦ 2008 ਦੇ ਸੰਵਿਧਾਨ ਤਹਿਤ ਸੱਤਾ ਵਿੱਚ ਹਿੱਸੇਦਾਰੀ ਦੇ ਇੱਕ ਸਮਝੌਤੇ ਮੁਤਾਬਕ 25 ਫ਼ੀਸਦੀ ਪਾਰਲੀਮਾਨੀ ਸੀਟਾਂ ਫ਼ੌਜ ਲਈ ਰਾਖਵੀਆਂ ਕਰ ਦਿੱਤੀਆਂ ਗਈਆਂ ਅਤੇ ਰੱਖਿਆ, ਗ੍ਰਹਿ ਅਤੇ ਸਰਹੱਦੀ ਸੁਰੱਖਿਆ ਜਿਹੇ ਅਹਿਮ ਵਿਭਾਗ ਫ਼ੌਜ ਨੂੰ ਸੌਂਪ ਦਿੱਤੇ ਅਤੇ 2021 ਦੇ ਫ਼ੌਜੀ ਰਾਜਪਲਟੇ ਤੱਕ ਇਹ ਸ਼ਾਸਨ ਚੱਲਦਾ ਰਿਹਾ ਸੀ।



ਰਾਜਪਲਟੇ ਤੋਂ ਬਾਅਦ ਫ਼ੌਜ, ਜਿਸ ਨੇ ਆਪਣੇ ਆਪ ਨੂੰ ਸਟੇਟ ਐਡਮਿਨਿਸਟ੍ਰੇਸ਼ਨ ਕੌਂਸਲ (ਐੱਸਏਸੀ) ਦਾ ਨਾਂ ਦੇ ਦਿੱਤਾ ਸੀ, ਨੇ ਗ੍ਰਿਫ਼ਤਾਰੀਆਂ, ਹੱਤਿਆਵਾਂ ਅਤੇ ਤਸ਼ੱਦਦ ਦੀ ਇੱਕ ਦੇਸ਼ ਵਿਆਪੀ ਮੁਹਿੰਮ ਵਿੱਢ ਦਿੱਤੀ। ਇਸ ਕਰ ਕੇ 'ਕੌਮੀ ਏਕਤਾ ਸਰਕਾਰ' (ਐੱਨਯੂਜੀ) ਵਜੋਂ ਜਾਣੀਆਂ ਜਾਂਦੀਆਂ ਸੂ ਕੀ ਪੱਖੀ ਤਾਕਤਾਂ ਦੀ ਅਗਵਾਈ ਹੇਠ ਵਿਦਰੋਹ ਭੜਕ ਪਿਆ ਅਤੇ ਦੇਸ਼ ਦੇ ਹੋਰਨਾਂ ਹਿੱਸਿਆਂ ਅੰਦਰ ਨਸਲੀ ਟਕਰਾਅ ਫੈਲ ਗਿਆ। 2023 ਤੱਕ ਫ਼ੌਜੀ ਹਕੂਮਤ ਦਾ ਕੰਟਰੋਲ ਦੇਸ਼ ਦੇ 40 ਫ਼ੀਸਦ ਹਿੱਸੇ ਤੱਕ ਸਿਮਟ ਗਿਆ। ਪਿਛਲੇ ਸਾਲ ਅਕਤੂਬਰ ਮਹੀਨੇ ਅਰਾਕਾਨ ਆਰਮੀ, ਮਿਆਂਮਾਰ ਨੈਸ਼ਨਲ ਡੈਮੋਕਰੈਟਿਕ ਆਰਮੀ ਅਤੇ ਤਵਾਂਗ ਨੈਸ਼ਨਲ ਆਰਮੀ 'ਤੇ ਆਧਾਰਿਤ 'ਥ੍ਰੀ ਬ੍ਰਦਰਹੁੱਡ ਅਲਾਇੰਸ' ਕਾਇਮ ਹੋਣ ਨਾਲ ਵਿਦਰੋਹੀ ਧਿਰਾਂ ਦਾ ਦਾਇਰਾ ਹੋਰ ਫੈਲ ਗਿਆ ਅਤੇ ਇਸ ਨੇ ਚੀਨ ਨਾਲ ਲੱਗਦੇ ਸ਼ਾਨ ਪ੍ਰਾਂਤ ਦੀ ਰਾਜਧਾਨੀ ਅਤੇ ਕਈ ਹੋਰ ਕਸਬਿਆਂ ਉੱਪਰ ਕੰਟਰੋਲ ਕਾਇਮ ਕਰ ਲਿਆ।

ਹੁਣ ਦੱਖਣੀ ਪੱਛਮੀ ਚੀਨ ਦੇ ਕੁਨਮਿੰਗ ਵਿੱਚ ਹੋਈ ਗੱਲਬਾਤ ਤੋਂ ਬਾਅਦ ਬਾਗ਼ੀ ਗੱਠਜੋੜ ਫੌਰੀ ਤੌਰ 'ਤੇ ਜੰਗਬੰਦੀ ਅਤੇ ਆਪਣੇ ਹਥਿਆਰਬੰਦ ਦਸਤਿਆਂ ਨੂੰ ਵਾਪਸ ਬੁਲਾਉਣ ਲਈ ਰਾਜ਼ੀ ਹੋ ਗਿਆ ਹੈ। ਨਸਲੀ ਬਾਗ਼ੀ ਗਰੁੱਪਾਂ ਦਾ ਮੁੱਖ ਸਰੋਕਾਰ ਖੁਦਮੁਖ਼ਤਾਰੀ ਹੈ ਜਦਕਿ ਕੌਮੀ ਏਕਤਾ ਸਰਕਾਰ ਅਤੇ ਇਸ ਦੇ ਲੜਾਕਿਆਂ ਦਾ ਅੰਤਮ ਨਿਸ਼ਾਨਾ ਲੋਕਰਾਜ ਦੀ ਬਹਾਲੀ ਕਰਾਉਣਾ ਹੈ। ਚੀਨ ਨੂੰ ਚਿੰਤਾ ਹੈ ਕਿ ਮਿਆਂਮਾਰ ਦੇ ਹਾਲਾਤ ਵਿਗੜਨ ਕਰ ਕੇ ਉਸ ਦੇ ਸਰਹੱਦੀ ਖੇਤਰਾਂ ਵਿੱਚ ਅਸਥਿਰਤਾ ਫੈਲ ਸਕਦੀ ਹੈ। ਹਾਲੇ ਇਹ ਦੇਖਣਾ ਬਾਕੀ ਹੈ ਕਿ ਕੀ ਇਹ ਜੰਗਬੰਦੀ ਬਣੀ ਰਹਿੰਦੀ ਹੈ ਅਤੇ ਇਹ ਵੀ ਕਿ ਕੀ ਇਸ ਵਿੱਚ ਕੌਮੀ ਏਕਤਾ ਸਰਕਾਰ ਦੇ ਲੜਾਕੇ ਵੀ ਸ਼ਾਮਿਲ ਹੋਣਗੇ ਜਾਂ ਨਹੀਂ।

ਇਹ ਘਟਨਾਕ੍ਰਮ ਬਿਲਕੁਲ ਨਵਾਂ ਨਹੀਂ ਹੈ। 2016 ਵਿੱਚ ਵੀ ਚੀਨ ਨੇ 'ਥ੍ਰੀ ਬ੍ਰਦਰਹੁੱਡ ਅਲਾਇੰਸ' ਨੂੰ ਮਿਆਂਮਾਰ ਸਰਕਾਰ ਵੱਲੋਂ ਦੋ ਸਾਲਾਂ ਬਾਅਦ ਸੱਦੀ ਜਾਣ ਵਾਲੀ 'ਯੂਨੀਅਨ ਪੀਸ ਕਾਨਫਰੰਸ' ਵਿੱਚ ਸ਼ਾਮਲ ਹੋਣ ਲਈ ਮਨਾ ਲਿਆ ਗਿਆ ਸੀ ਪਰ ਇਹ ਪਹਿਲ ਜ਼ਿਆਦਾ ਦੇਰ ਤੱਕ ਚੱਲ ਨਹੀਂ ਸਕੀ ਸੀ। ਅਪਰੈਲ 2017 ਵਿੱਚ ਚੀਨ ਨੇ ਰੋਹਿੰਗੀਆ ਸੰਕਟ ਨੂੰ ਸੁਲਝਾਉਣ ਲਈ ਮਿਆਂਮਾਰ ਅਤੇ ਬੰਗਲਾਦੇਸ਼ ਵਿਚਕਾਰ ਸਾਲਸੀ ਦੀ ਪੇਸ਼ਕਸ਼ ਕੀਤੀ ਸੀ ਪਰ ਇਸ ਦਾ ਵੀ ਕੋਈ ਖ਼ਾਸ ਸਿੱਟਾ ਨਹੀਂ ਨਿਕਲ ਸਕਿਆ। ਜਿੱਥੋਂ ਤੱਕ ਜੰਗਬੰਦੀ ਦਾ ਸੁਆਲ ਹੈ ਤਾਂ ਟਾਟਮਾਡਾ ਨੇ 2015 ਵਿੱਚ ਵੀ ਇਸ ਦਾ ਐਲਾਨ ਕੀਤਾ ਸੀ ਪਰ ਫਿਰ ਖ਼ੁਦ ਹੀ ਇਸ ਦੀ ਉਲੰਘਣਾ ਕਰਨੀ ਸ਼ੁਰੂ ਕਰ ਦਿੱਤੀ ਸੀ।

ਮਿਆਂਮਾਰ ਦਾ ਗੁਆਂਢੀ ਹੋਣ ਦੇ ਨਾਤੇ ਚੀਨ ਨੇ ਹਮੇਸ਼ਾਂ ਉੱਥੇ ਅਹਿਮ ਭੂਮਿਕਾ ਨਿਭਾਈ ਹੈ। ਹਾਲੀਆ ਦਹਾਕਿਆਂ ਵਿੱਚ ਚੀਨੀ ਫਰਮਾਂ ਨੇ ਤੇਲ ਅਤੇ ਗੈਸ ਪਾਈਪਲਾਈਨਾਂ ਦਾ ਨਿਰਮਾਣ ਕੀਤਾ ਹੈ ਜੋ ਮਿਆਂਮਾਰ ਦੇ ਗਹਿਰੇ ਸਮੁੰਦਰ ਵਾਲੀ ਕਾਓਕਫਿਊ ਬੰਦਰਗਾਹ ਨੂੰ ਕੁਨਮਿੰਗ ਨਾਲ ਜੋੜਦੀ ਹੈ। ਇਸ ਤੋਂ ਇਲਾਵਾ ਰੇਲ ਮਾਰਗ ਤਿਆਰ ਕਰਨ ਦੀ ਯੋਜਨਾ ਵੀ ਹੈ ਜਿਸ ਸਦਕਾ ਚੀਨ ਹਿੰਦ ਮਹਾਸਾਗਰ ਨਾਲ ਜੁੜ ਜਾਵੇਗਾ। ਚੀਨ ਨੇ ਉਸ ਮੁਲਕ ਅੰਦਰ ਡੈਮਾਂ, ਪੁਲਾਂ, ਸੜਕਾਂ ਅਤੇ ਬੰਦਰਗਾਹਾਂ ਦੇ ਨਿਰਮਾਣ ਵਿੱਚ ਬਹੁਤ ਜ਼ਿਆਦਾ ਨਿਵੇਸ਼ ਕੀਤਾ ਹੈ। ਚੀਨ ਨੇ 2021 ਦੇ ਫ਼ੌਜੀ ਰਾਜਪਲਟੇ ਪ੍ਰਤੀ ਕਾਫ਼ੀ ਤਹੱਮਲ ਤੋਂ ਕੰਮ ਲਿਆ ਸੀ। ਚੀਨ ਨੇ ਸੰਯੁਕਤ ਰਾਸ਼ਟਰ ਵਿੱਚ ਮਿਆਂਮਾਰ ਦੇ ਫ਼ੌਜੀ ਸ਼ਾਸਨ ਦੀ ਨਿੰਦਾ ਕਰਨ ਵਾਲੇ ਮਤਿਆਂ ਦਾ ਵਿਰੋਧ ਕੀਤਾ ਸੀ ਪਰ ਇਸ ਦੇ ਹੱਕ ਵਿੱਚ ਕਦੇ ਕੋਈ ਬਿਆਨ ਨਹੀਂ ਦਿੱਤਾ। ਕੌਮੀ ਏਕਤਾ ਸਰਕਾਰ ਦੇ ਗੁਰੀਲੇ ਚੀਨ ਦੀ ਨਾਰਾਜ਼ਗੀ ਮੁੱਲ ਨਹੀਂ ਲੈਣਾ ਚਾਹੁੰਦੇ ਜਿਸ ਕਰ ਕੇ ਉਹ ਚੀਨ ਦੇ ਪ੍ਰਾਜੈਕਟਾਂ ਨੂੰ ਨਿਸ਼ਾਨਾ ਬਣਾਉਣ ਤੋਂ ਗੁਰੇਜ਼ ਕਰਦੇ ਹਨ। ਚੀਨ ਨੂੰ ਚਿੰਤਾ ਹੈ ਕਿ ਇਸ ਅਸਥਿਰਤਾ ਕਰ ਕੇ ਉਸ ਦੇ ਨਿਵੇਸ਼ 'ਤੇ ਮਾੜਾ ਅਸਰ ਪੈ ਸਕਦਾ ਹੈ ਪਰ ਇਸ ਦੇ ਨਾਲ ਹੀ ਇਸ ਦੀ ਦਿਲਚਸਪੀ

(ਬਾਕੀ ਸਫ਼ਾ 30 'ਤੇ)

# ਕਾਰਪੋਰੇਟ ਤੰਤਰ ਲੋਕਤੰਤਰੀ ਵਿਵਸਥਾ ਦਾ ਕਰ ਰਿਹੈ ਘਾਣ



ਦਰਬਾਰਾ ਸਿੰਘ ਕਾਹਲੋਂ



ਅਜੋਕੀ ਵਿਸ਼ਵ ਵਿਆਪੀ ਲੋਕਤੰਤਰੀ ਵਿਵਸਥਾ 'ਤੇ ਜੇਕਰ ਗਹੁ ਨਾਲ ਝਾਤ ਮਾਰੀ ਜਾਏ, ਇਸਦਾ ਡੂੰਘਾ ਵਿਸ਼ਲੇਸ਼ਣ ਕੀਤਾ ਜਾਏ ਤਾਂ ਅਜੋਕੇ ਗਲੋਬਲ ਰਾਜਨੀਤਕ ਅਤੇ ਯੁੱਧਨੀਤਕ ਸੰਦਰਭ ਵਿੱਚ ਇਸਦੀ ਪ੍ਰੀਭਾਸ਼ਾ ਬਿਲਕੁਲ ਬਦਲ ਗਈ ਵਿਖਾਈ ਦੇ ਰਹੀ ਹੈ। ਅਮਰੀਕੀ ਰਾਸ਼ਟਰਪਤੀ ਆਬਰਾਹਮ ਲਿੰਕਨ ਵੱਲੋਂ 19ਵੀਂ ਸਦੀ ਵਿੱਚ ਘੜੀ ਗਈ ਅਤੇ ਪ੍ਰਚਲਤ ਪ੍ਰੀਭਾਸ਼ਾ ਲੋਕਤੰਤਰ ਲੋਕਾਂ ਲਈ, ਲੋਕਾਂ ਦੀ ਅਤੇ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਹੁੰਦੀ ਹੈ, ਹੁਣ ਬਿਲਕੁਲ ਬਦਲ ਚੁੱਕੀ ਹੈ। ਅਜੋਕੀ ਪ੍ਰੀਭਾਸ਼ਾ ਲੋਕਤੰਤਰ ਕਾਰਪੋਰੇਟਰਾਂ ਲਈ, ਕਾਰਪੋਰੇਟਰਾਂ ਦੀ ਅਤੇ ਕਾਰਪੋਰੇਟਰਾਂ ਦੁਆਰਾ ਚੁਣੀ ਹੋਈ ਸਰਕਾਰ ਸਥਾਪਿਤ ਹੋ ਚੁੱਕੀ ਹੈ।

ਕਾਰਪੋਰੇਟਰ ਲੋਕਤੰਤਰੀ ਵਰਤਾਰਾ ਦੂਸਰੀ ਵਿਸ਼ਵ ਜੰਗ ਬਾਅਦ ਸ਼ੁਰੂ ਹੋ ਚੁੱਕਾ ਸੀ। ਸੰਨ 1947 ਵਿੱਚ ਭਾਰਤ ਦੀ ਅਜ਼ਾਦੀ ਅਤੇ ਇਸਦੀ ਭਿਆਨਕ ਮਾਰੂ ਵੰਡ, ਸੰਨ 1948 ਵਿੱਚ ਅਰਬ ਖੇਤਰ ਅੰਦਰ ਇਸਰਾਈਲ ਰਾਸ਼ਟਰ ਦੀ ਸਥਾਪਨਾ ਦੀ ਦਾਸਤਾਨ ਪੱਛਮੀ ਅਤੇ ਖਾਸ ਕਰਕੇ ਅਮਰੀਕੀ ਕਾਰਪੋਰੇਟਰ ਸ਼ਕਤੀਆਂ ਵੱਲੋਂ ਲਿਖੀ ਗਈ ਸੀ। ਇਨ੍ਹਾਂ ਖਿੱਤਿਆਂ ਵਿੱਚ ਸਦੀਵੀ ਇਲਾਕਾਈ, ਧਾਰਮਿਕ ਅਤੇ ਘੱਟ-ਗਿਣਤੀਆਂ ਦੇ ਘਾਣ ਸੰਬੰਧੀ ਜੰਗਾਂ ਜਾਰੀ ਰੱਖਣ ਖਾਤਰ ਅਜਿਹਾ ਕੀਤਾ ਗਿਆ। ਸੰਨ 1989-91 ਵਿੱਚ ਸੋਵੀਅਤ ਰੂਸ ਅਤੇ ਉਸ ਦੇ ਸੈਟਾਲਾਈਟ ਰਾਸ਼ਟਰਾਂ ਦਾ ਖਾਤਮਾ, ਚੀਨੀ ਕਮਿਊਨਿਜ਼ਮ ਦਾ ਕਾਰਪੋਰੇਟੀਕਰਨ ਇਸੇ ਦੀ ਦੇਣ ਹਨ।

### ਭਾਰਤ ਉੱਤੇ ਪ੍ਰਭਾਵ

ਭਾਰਤ ਅੰਦਰ ਅੱਜੋਕੇ ਭਾਜਪਾ-ਆਰ.ਐੱਸ.ਐੱਸ. ਦੀ ਅਗਵਾਈ ਵਾਲਾ ਸ਼੍ਰੀ ਨਰੇਂਦਰ ਮੋਦੀ ਸ਼ਾਸਨ ਨਿਰੋਲ ਕਾਰਪੋਰੇਟ ਲੋਕਤੰਤਰ ਸ਼ਾਸਨ ਸਥਾਪਿਤ ਹੋ ਚੁੱਕਾ ਹੈ। ਭਾਰਤੀ ਸੰਵਿਧਾਨ, ਕਾਰਜਪਾਲਿਕਾ, ਨਿਆਂਪਾਲਕਾ, ਵਿਧਾਨਪਾਲਕਾ, ਮੀਡੀਆ, ਬਾਬੂਸ਼ਾਹੀ ਆਦਿ ਦਾ ਲਗਾਤਾਰ ਕਾਰਪੋਰੇਟ ਲੋਕਤੰਤਰੀਕਰਨ ਹੋ ਰਿਹਾ ਹੈ। ਅਜੋਕੀ ਵੱਡੀ ਮਿਸਾਲ ਭਾਰਤੀ ਚੋਣ ਕਮਿਸ਼ਨ ਦਾ ਨਿਯੁਕਤੀਕਰਨ ਅਤੇ ਭਾਰਤੀ ਨਿਆਂਪਾਲਿਕਾ ਵੱਲੋਂ ਇਸ ਨਾਲ ਸਹਿਮਤੀ ਜਿਤਾਉਣਾ ਹੈ। ਕਾਂਗਰਸ ਪਾਰਟੀ ਤਾਂ ਸ਼ੁਰੂ ਤੋਂ ਹੀ ਇਸਦੀ ਬਾਂਦੀ ਰਹੀ ਹੈ। ਸ਼੍ਰੀ ਰਾਜੀਵ ਗਾਂਧੀ, ਨਰਸਿਮਹਾ ਰਾਉ ਅਤੇ ਡਾ. ਮਨਮੋਹਨ ਸਿੰਘ ਸਰਕਾਰਾਂ ਤਾਂ ਖੁੱਲ੍ਹ ਕੇ ਇਸਦੀਆਂ ਬਾਂਦੀਆਂ ਸਨ। ਭਾਰਤ-ਚੀਨ ਜੰਗ ਅਤੇ ਲਗਾਤਾਰ ਸਰਹੱਦੀ ਖਿੱਚੋਤਾਣ, ਭਾਰਤੀ-ਪਾਕਿਸਤਾਨ ਜੰਗਾਂ, ਪੰਜਾਬ ਅੰਦਰ ਨੀਲਾ ਤਾਰਾ ਅਪਰੇਸ਼ਨ, ਨਵੰਬਰ '84 ਸਿੱਖ ਕਤਲ-ਏ-ਆਮ, ਗੁਜਰਾਤ ਅੰਦਰ ਗੋਧਰਾ ਅਤੇ ਉਪਰੰਤ ਤਿੰਨ ਰੋਜ਼ਾ ਫਿਰਕੂਘਾਣ ਆਦਿ ਇਸੇ ਕਾਰਪੋਰੇਟਰ ਲੋਕਤੰਤਰੀ ਵਿਵਸਥਾ ਦੇ ਕਾਰਨਾਮੇ ਸਨ ਜਿਨ੍ਹਾਂ ਦੇ ਸ਼੍ਰੀਮਤੀ ਇੰਦਰਾ ਗਾਂਧੀ, ਸ਼੍ਰੀ ਰਾਜੀਵ ਗਾਂਧੀ ਅਤੇ ਸ਼੍ਰੀ ਨਰੇਂਦਰ ਮੋਦੀ ਮੁੱਖ ਸ਼ਾਸਕ ਚਿਹਰੇ ਬਣੇ।

### ਗਲੋਬਲ ਪ੍ਰਭਾਵ

ਅਜੋਕੇ ਵਿਸ਼ਵ ਅੰਦਰ ਕਾਰਪੋਰੇਟ ਲੋਕਤੰਤਰੀ ਵਿਵਸਥਾ ਪੂਰੀ ਤਰ੍ਹਾਂ ਸਥਾਪਿਤ ਨਜ਼ਰ ਆ ਰਹੀ ਹੈ। ਭਾਰਤ ਅੰਦਰ ਇਸ ਸਾਲ ਅਪਰੈਲ-ਮਈ ਅੰਦਰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਇਸ ਵਿਵਸਥਾ ਵੱਲੋਂ ਖੁੱਲ੍ਹ ਕੇ ਲੜੀਆਂ ਜਾ ਰਹੀਆਂ ਹਨ। ਕਾਰਪੋਰੇਟ ਲੋਕਤੰਤਰ ਦੇ ਪ੍ਰਮੁੱਖ ਫੀਚਰ ਬਦਲ ਚੁੱਕੇ ਹਨ। ਪਬਲਿਕ ਸਬਸਿਡੀਆਂ ਦਾ ਤੜਕਾ, ਨਿੱਜੀ ਮੁਨਾਫਾਖੋਰੀ, ਅਮੀਰਾਂ ਲਈ ਸਮਾਜਵਾਦ ਸਥਾਪਤੀ, ਗਰੀਬਾਂ ਲਈ ਸਰਮਾਏਦਾਰਾਨਾ ਸਥਾਪਤੀ ਅਤੇ ਆਰਥਿਕ ਮਜ਼ਬੂਤੀ ਲਈ ਵਿਸ਼ਵ ਦੇ ਵੱਖ-ਵੱਖ ਖੇਤਰਾਂ ਵਿੱਚ ਜੰਗਾਂ ਦਾ ਸਥਾਈ ਤਵੀਕਰਨ ਇਸਦੀਆਂ ਪ੍ਰਮੁੱਖ ਜ਼ਰੂਰਤਾਂ ਹਨ। ਇੱਕ ਪਾਸੇ ਭਾਰਤ ਨੂੰ ਵਿਸ਼ਵ ਦੀ 5ਵੀਂ ਆਰਥਿਕ ਸ਼ਕਤੀ ਗਰਦਾਨਣਾ, ਦੂਸਰੇ ਪਾਸੇ ਪਬਲਿਕ ਸਬਸਿਡੀਆਂ ਦੇ ਤੜਕੇ ਜਾਰੀ ਰੱਖਣਾ, ਮਿਸਾਲ ਵਜੋਂ 82 ਕਰੋੜ ਗੁਰਬਤ ਮਾਰੇ ਲੋਕਾਂ ਨੂੰ ਅਗਲੇ 5 ਸਾਲ ਮੁਫ਼ਤ ਅਨਾਜ ਮੁਹਈਆ ਕਰਾਉਣਾ। ਜਦਕਿ ਸਚਾਈ ਇਹ ਹੈ ਕਿ ਪ੍ਰਤੀ ਜੀਅ ਆਮਦਨ ਪੱਖੋਂ ਇਸ ਵਿਸ਼ਵ ਦੀ 5ਵੀਂ ਅਰਥ ਵਿਵਸਥਾ 200 ਦੇਸ਼ਾਂ ਵਿੱਚ 120ਵਾਂ ਸਥਾਨ ਰੱਖਦੀ ਹੈ। ਅਟਲ ਪੈਨਸ਼ਨ ਯੋਜਨਾ, ਸਵੱਛ ਭਾਰਤ ਅਭਿਯਾਨ, ਆਯੂਸ਼ਮਾਨ ਭਾਰਤ ਯੋਜਨਾ, ਮਤਸਿਆ ਸੰਪਦਾ ਯੋਜਨਾ, ਆਵਾਸ ਯੋਜਨਾ, ਕਿਸਾਨ ਸਨਮਾਨ ਨਿਧੀ, ਗਰੀਬ ਕਲਿਆਣ ਯੋਜਨਾ, ਜਨ ਧਨ ਯੋਜਨਾ, ਉਜਾਲਾ ਯੋਜਨਾ, ਡਿਜਿਟਲ ਇੰਡੀਆ, ਸਮਾਰਟ ਸਿਟੀ ਯੋਜਨਾ, ਸਵਸਥ ਸੁਰੱਖਿਆ ਯੋਜਨਾ, ਸੜਕ ਯੋਜਨਾ ਆਦਿ ਦੀ ਲੰਬੀ ਸੂਚੀ ਹੈ। ਵਿਸ਼ਵ ਦੇ ਦੂਸਰੇ ਦੇਸ਼ਾਂ ਵਿੱਚ ਵੀ ਐਸੀਆਂ ਯੋਜਨਾਵਾਂ, ਸਕੀਮਾਂ, ਪ੍ਰੋਗਰਾਮਾਂ ਦਾ ਬੋਲਬਾਲਾ ਹੈ।

### ਪੱਤਰਕਾਰਤਾ ਉੱਤੇ ਗਲਬਾ

ਲੋਕਤੰਤਰ ਅੰਦਰ ਪੱਤਰਕਾਰਤਾ ਨੂੰ ਚੌਥਾ ਵੱਡਾ ਅਤੇ ਤਾਕਤਵਰ ਸਤੰਭ ਮੰਨਿਆ ਜਾਂਦਾ ਰਿਹਾ ਹੈ। ਪੱਤਰਕਾਰਤਾ ਦੀ ਅਜ਼ਾਦੀ ਲੋਕਤੰਤਰ ਦੀ ਪ੍ਰਮੁੱਖ ਵਿਸ਼ੇਸ਼ਤਾ ਹੁੰਦੀ ਸੀ। ਬੇਬਾਕੀ ਨਾਲ ਸਰਕਾਰਾਂ ਅਤੇ ਸਮਾਜ ਨੂੰ ਉਸਦੀਆਂ ਕਮਜ਼ੋਰੀਆਂ ਦਾ ਸ਼ੀਸ਼ਾ ਵਿਖਾਉਣ ਕਰਕੇ ਇਹ ਮਸ਼ਹੂਰ ਹੁੰਦੀ ਸੀ। ਸਥਾਨਿਕ, ਇਲਾਕਾਈ, ਰਾਸ਼ਟਰੀ ਅਤੇ ਗਲੋਬਲ ਪੱਧਰ 'ਤੇ ਖੋਜੀ ਅਤੇ ਸਨਸਨੀਖੇਜ਼ ਮੁਹਾਰਤ ਨਾਲ ਇਹ ਸਚਾਈ ਲੱਭ ਲਿਆਉਂਦੀਸੀ। ਹਿਟਲਰ, ਮੁਸੋਲਿਨੀ ਵਰਗੇ ਡਿਕਟੇਟਰਾਂ ਦੇ ਝੂਠੇ ਪ੍ਰਾਪੇਗੰਡੇ, ਵਾਟਰਗੇਟ ਰਾਹੀਂ ਅਮਰੀਕੀ ਪ੍ਰਧਾਨ ਨਿਕਸਨ ਵਰਗਿਆਂ ਦੇ ਕਾਰਨਾਮੇ ਬੇਪਰਦਾ ਕਰਨ ਦੀ ਸ਼ਕਤੀ ਰੱਖਦੀ ਸੀ। ਰਾਜਨੀਤੀਵਾਨਾਂ, ਸਰਕਾਰਾਂ ਅਤੇ ਬਾਬੂ ਸ਼ਾਹਾਂ ਦੇ ਭ੍ਰਿਸ਼ਟਾਚਾਰ, ਘੱਟ ਗਿਣਤੀਆਂ ਉੱਤੇ ਜ਼ੁਲਮ, ਨਸ਼ੀਲੇ ਅਤੇ ਹੋਰ ਕੀਮਤੀ ਪਦਾਰਥਾਂ ਦੀ ਸਮਲਿੰਗ, ਕਾਲ ਗਰਲਜ਼ ਨਾਲ ਲੁਕਵੇਂ ਸੰਬੰਧਾਂ ਦਾ ਪਰਦਾਫਾਸ਼ ਕਰਦੀ ਸੀ। ਲੇਕਿਨ ਅਜੋਕੀ ਕਾਰਪੋਰੇਟ ਲੋਕਤੰਤਰੀ ਵਿਵਸਥਾ ਵਿੱਚ ਮੀਡੀਆ ਸਾਧਨ ਅਤੇ ਪੱਤਰਕਾਰਤਾ ਚੰਦ ਛਿੱਲੜਾਂ ਅਤੇ ਰੋਜ਼ੀ-ਰੋਟੀ ਖਾਤਰ ਗੁਲਾਮ ਬਣ ਕੇ ਰਹਿ ਗਏ ਹਨ। ਸਵੈਮਾਣਤਾ, ਖੁਦਮੁਖਤਾਰੀ, ਉੱਚ ਕਦਰਾਂ-ਕੀਮਤਾਂ, ਨਿਰਛਲਤਾ, ਨਿਡਰਤਾ ਘੱਟੇ-ਕੌਡੀਆਂ ਰੁਲ ਚੁੱਕੇ ਹਨ। ਸਰਵੋਤਮ ਮੀਡੀਆ ਕੰਪਨੀਆਂ ਜਿਵੇਂ ਇੰਟਰਨੈੱਟ, ਟਵਿਟਰ, ਫੇਸਬੁੱਕ, ਗੂਗਲ ਆਦਿ ਉੱਤੇ ਉੱਤਰੀ ਅਮਰੀਕੀ ਕਾਰਪੋਰੇਟ ਜਗਤ ਦਾ ਕਬਜ਼ਾ ਹੈ।

### ਬਦਨਾਮ ਕਾਰਨਾਮੇ

ਵਿਸ਼ਵ ਭਰ ਦੇ ਵੱਖ-ਵੱਖ ਖਿੱਤਿਆਂ ਵਿੱਚ ਜੰਗਾਂ, ਜੰਗੀ ਸਮਾਨ ਦੀ ਜਮ੍ਹਾਂਖੋਰੀ ਇਸ ਵਿਵਸਥਾ ਦਾ ਵੱਡਾ ਵਪਾਰਕ ਮਾਧਿਅਮ ਬਣਿਆ ਪਿਆ ਹੈ। ਨੌਂ-ਗਿਆਰਾਂ ਤੋਂ ਬਾਅਦ ਜੰਗੀ ਸਨਅਤ ਦੀ ਸਟਾਕ ਮਾਰਕੀਟ ਅਮਰ ਵੇਲ ਵਾਂਗ ਵਧਦੀ ਵੇਖੀ ਗਈ। ਕਾਰਪੋਰੇਟਰਾਂ ਨੇ ਆਪਣੇ ਨਿੱਜੀ ਧੰਨ ਗੁਦਾਮ ਮਾਲਾਮਾਲ ਕਰਨ ਲਈ ਸਥਾਈ ਜੰਗਾਂ ਦਾ ਮਾਹੌਲ ਸਿਰਜਿਆ। ਅੱਜ ਇਹ ਜੰਗਾਂ ਅਫਗਾਨਿਸਤਾਨ, ਇਰਾਕ, ਲਿਬੀਆ, ਯਮਨ, ਸੂਡਾਨ, ਪਾਕਿਸਤਾਨ, ਫਲਸਤੀਨ, ਯੂਕਰੇਨ ਆਦਿ ਵਿਖੇ ਸਥਾਈਤਵ ਰੂਪ ਧਾਰਨ ਕਰਦੀਆਂ ਨਜ਼ਰ ਆ ਰਹੀਆਂ ਹਨ। ਮੱਧ-ਏਸ਼ੀਆ, ਈਰਾਨ, ਪਾਕਿਸਤਾਨ ਐਸੀਆਂ ਅੰਦਰੂਨੀ-ਬਾਹਰੀ ਜੰਗਾਂ ਵਿੱਚ ਉਲਝਦੇ ਨਜ਼ਰ ਆ ਰਹੇ ਹਨ।

ਜ਼ਰਾ ਧਿਆਨ ਨਾਲ ਮੁਤਾਲਿਆ ਕੀਤਾ ਜਾਵੇ ਤਾਂ ਸ਼ੈਤਾਨ ਮਹਾਂ ਸ਼ਕਤੀ ਅਮਰੀਕਾ ਅੰਦਰ ਕਾਰਪੋਰੇਟ ਲੋਕਤੰਤਰੀ ਵਿਵਸਥਾ ਕੀ ਕਰਦੀ ਆ ਰਹੀ ਹੈ, ਬਿਲਕੁਲ ਹੈਰਾਨਕੁਨ ਦ੍ਰਿਸ਼ ਸਾਹਮਣੇ ਨਜ਼ਰ ਆਉਣਗੇ। ਇਸ ਨੇ 50 ਤੋਂ ਵੱਧ ਦੇਸ਼ ਅੰਦਰ ਤਖਤੇ ਪਲਟੇ ਜਾਂ ਤਖਤੇ ਪਲਟਣ ਦੀਆਂ ਸਾਜ਼ਿਸ਼ਾਂ ਅੰਜਾਮ ਦਿੱਤੀਆਂ। ਕਰੀਬ 30 ਤੋਂ ਵੱਧ ਦੇਸ਼ ਅੰਦਰ ਚੋਣਾਂ ਵੇਲੇ ਦਖ਼ਲ ਦਿੱਤਾ। ਕਰੀਬ 20 ਤੋਂ ਵੱਧ ਦੇਸ਼ਾਂ ਅੰਦਰ ਅਜ਼ਾਦੀ ਦੀਆਂ ਲਹਿਰਾਂ ਕੁਚਲ ਕੇ ਰੱਖ ਦਿੱਤੀਆਂ। ਅਰਬ ਸਪਰਿੰਗ ਦਾ ਗਲਾ ਘੁੱਟ ਕੇ ਰੱਖ ਦਿੱਤਾ। ਕਿਊਬਾ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਵਿੱਤੀ ਅਸੰਤੋਸ਼ ਪੈਦਾ ਕਰਨ ਦੀਆਂ ਸਾਜ਼ਿਸ਼ਾਂ ਕੀਤੀਆਂ, ਜੋ ਅੱਜ ਵੀ ਜਾਰੀ ਹਨ। ਵਿਸ਼ਵ ਦੇ 50 ਤੋਂ ਵੱਧ ਦੇਸ਼ਾਂ ਦੇ ਪ੍ਰਮੁੱਖ ਨੇਤਾਵਾਂ ਨੂੰ ਮੌਤ ਦੇ ਘਾਟ ਉਤਾਰਨ ਦੀਆਂ ਸਾਜ਼ਿਸ਼ ਰਚੀਆਂ। ਨਾਟੋ ਫ਼ੌਜੀ ਸੰਗਠਨ ਵਿਸ਼ਵ ਭਾਈਚਾਰੇ ਲਈ ਡਰ, ਭੈਅ ਅਤੇ ਅੱਤਵਾਦ ਪੈਦਾ ਕਰਨ ਲਈ ਕਾਇਮ ਰੱਖਿਆ ਹੋਇਆ ਹੈ। ਜੂਨ, 2022 ਵਿੱਚ ਮੈਡਰਿਡ (ਸਪੇਨ) ਵਿਖੇ ਨਾਟੋ ਮੀਟਿੰਗ ਵਿੱਚ ਏਜੰਡਾ ਤੈਅ ਕੀਤਾ ਗਿਆ ਕਿ ਕਿਵੇਂ ਰੂਸ ਅਤੇ ਚੀਨ ਨੂੰ ਭਵਿੱਖ ਵਿੱਚ ਘੇਰਨਾ ਹੈ, ਯੂਰਪ ਖੇਤਰ ਅੰਦਰ ਫੌਜੀਕਰਨ ਮਜ਼ਬੂਤ ਕਰਨਾ ਹੈ, ਕਿਵੇਂ ਭਵਿੱਖ ਵਿੱਚ ਬਹੁ-ਪੱਖੀ ਜੰਗ ਦੀ ਤਿਆਰੀ ਸ਼ੁਰੂ ਕਰਨੀ ਹੈ।

ਅਮਰੀਕੀ ਤਾਕਤਵਰ ਕਾਰਪੋਰੇਟ ਲੋਕਤੰਤਰ ਦੀ ਵਿਦੇਸ਼ ਨੀਤੀ ਦਾ ਮੁੱਖ ਮੰਤਵ ਦੂਸਰੇ ਰਾਸ਼ਟਰਾਂ ਦੀ ਬਰਬਾਦੀ, ਅੰਦਰੂਨੀ ਖਾਨਾਜੰਗੀ, ਆਪਸੀ ਤਣਾਉ ਪੈਦਾ ਕਰਨਾ, ਆਪਣੇ ਗਲੋਬਲ ਅਤੇ ਨਿੱਜੀ ਹਿਤ ਸੁਰੱਖਿਅਤ ਰੱਖਣਾ, ਲੋਕਾਂ ਦੇ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ, ਅਜ਼ਾਦ ਪ੍ਰੈੱਸ, ਅਜ਼ਾਦੀ ਸੰਘਰਸ਼ਾਂ ਦਾ ਗਲਾ ਘੁੱਟਣਾ ਹੈ। ਕਾਰਪੋਰੇਟ ਲੋਕਤੰਤਰ ਨੂੰ ਪਬਲਿਕ ਨਾਲ ਸਿਰਫ ਇੰਨਾ ਹੀ ਸਰੋਕਾਰ ਹੈ ਕਿ ਉਹ ਉਸ ਦੇ ਨਿੱਜੀ ਹਿਤਾਂ ਦੀ ਪੂਰਤੀ ਲਈ ਵਿਨਾਸ਼ਕਾਰੀ ਅੰਜਾਮ ਲਈ ਤਤਪਰ ਰਹੇ। ਇੱਥੋਂ ਤਕ ਕਿ ਵਿਸ਼ਵ ਭਰ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਅੱਤਵਾਦੀ ਲਹਿਰਾਂ ਇਸਦੇ ਕਾਰਨਾਮੇ ਹਨ।

ਲਿਬੀਆ ਅੰਦਰ ਬੈਂਗਾਜ਼ੀ ਵਿਖੇ ਕੋਈ ਕਤਲ-ਏ-ਆਮ ਨਹੀਂ ਸੀ ਹੋਇਆ, ਲੇਕਿਨ ਅਮਰੀਕੀ ਅਤੇ ਪੱਛਮ ਕਾਰਪੋਰੇਟ ਲੋਕਤੰਤਰ ਦੇ ਝੂਠੇ ਗੋਬਲਾਨਾ (ਹਿਟਲਰ ਦੇ ਲੋਕ ਸੰਪਰਕ ਮੰਤਰੀ ਗੋਬਲਜ਼ ਦੇ ਝੂਠੀ ਪ੍ਰਾਪੇਗੰਡਾ ਮਸ਼ੀਨ) ਪ੍ਰਚਾਰ ਨੇ ਉਸ ਨੂੰ ਵਿਸ਼ਵ ਭਾਈਚਾਰੇ ਮੂਹਰੇ ਸੱਚ ਕਰ ਵਿਖਾਇਆ। ਇਵੇਂ ਇਰਾਕ ਦੇ ਸ਼ਾਸਕ ਸਾਦਾਮ ਹੁਸੈਨ ਦਾ ਨੌਂ-ਗਿਆਰਾਂ ਹਮਲੇ ਵਿੱਚ ਕੋਈ ਰੋਲ ਨਾ ਹੋਣ ਦੇ ਬਾਵਜੂਦ ਇਸ ਲਈ ਉਸ ਨੂੰ ਜ਼ਿੰਮੇਵਾਰ ਠਹਿਰਾ ਕੇ ਉਸ ਨੂੰ ਨਾਟੋ ਹਮਲੇ ਦਾ ਸ਼ਿਕਾਰ ਬਣਾਇਆ ਗਿਆ। ਇਹ ਅਮਰੀਕੀ ਰਾਸ਼ਟਰਪਤੀ ਬੁਸ਼ ਅਤੇ ਕਰੋਨੀ ਕਾਰਪੋਰੇਟਰਾਂ ਦਾ ਬਦਨਾਮ ਕਾਰਨਾਮਾ ਸੀ ਲੇਕਿਨ ਇਹੀ ਕਾਰਪੋਰੇਟ ਲੋਕਤੰਤਰ ਗਾਜ਼ਾ ਅੰਦਰ ਹਮਾਸ ਨਸਲਘਾਤ ਨਕਾਰਦਾ ਹੈ। ਰੂਸ ਨਾਲ ਜੰਗ ਜਾਰੀ ਰੱਖਣ ਲਈ 5 ਲੱਖ ਨਵੇਂ ਸਿਪਾਹੀਆਂ, ਤੋਪਾਂ, ਟੈਂਕਾਂ, ਡਰੋਨਾਂ, ਹਵਾਈ ਜਹਾਜ਼ਾਂ, ਗੋਲਾ-ਬਾਰੂਦ ਦੀ ਲੋੜ ਹੈ। ਕੀ ਅਮਰੀਕਾ, ਪੱਛਮ ਅਤੇ ਨਾਟੋ ਸੰਗਠਨ ਭੇਜਣਗੇ ਜੋ ਉਸ ਦੇਸ਼ ਦੀ ਬਰਬਾਦੀ ਬਾਅਦ ਪਿੱਠ ਦੇ ਚੁੱਕੇ ਹਨ। ਕਰੀਬ 1500 ਕਿਲੋਮੀਟਰ ਜੰਗੀ ਫਰੰਟ 'ਤੇ ਬਰਬਾਦ ਯੂਕਰੇਨ ਕਿਵੇਂ ਲੜ ਪਾਏਗਾ? ਯੂਰਪੀਨ ਯੂਨੀਅਨ ਉਸ ਨੂੰ ਆਪਣੇ ਵਿੱਚ ਸ਼ਾਮਲ ਕਰੇ? ਉਸਦੀ ਮੁੜ ਉਸਾਰੀ ਲਈ ਮਦਦ ਕਰੇ ਅਤੇ ਉਸ ਦੇ ਬਚਾ ਲਈ ਫੌਜੀ ਦਸਤੇ ਭੇਜੇਗੀ? ਦਰਅਸਲ ਕਾਰਪੋਰੇਟ ਲੋਕਤੰਤਰੀ ਨਿਜ਼ਾਮ ਇਸ ਜੰਗ ਨੂੰ ਜਾਰੀ ਰੱਖਣ ਲਈ ਯੂਕਰੇਨੀ ਪਬਲਿਕ ਦੀ ਆਖਰੀ ਆਰਥਿਕ ਬੂੰਦ ਚੂਸਣਾ ਚਾਹੁੰਦੀ ਹੈ। ਇਸ ਜੰਗ ਦਾ ਹਮਲਾਵਰ ਪੱਛਮੀ ਅਤੇ ਅਮਰੀਕੀ ਕਾਰਪੋਰੇਟ ਲੋਕਤੰਤਰ ਬੇਨਕਾਬ ਹੋ ਚੁੱਕਾ ਹੈ। ਇਹੀ ਹਾਲ ਬਾਕੀ ਜੰਗੀ ਖੇਤਰਾਂ ਦਾ ਹੈ। ਕਾਰਪੋਰੇਟ ਲੋਕਤੰਤਰ ਨੂੰ ਮਹਾਂਮਾਰੀਆਂ, ਭੁੱਖਮਰੀਆਂ, ਬਰਬਾਦੀਆਂ ਨਾਲ ਕੋਈ ਸਰੋਕਾਰ ਨਹੀਂ, ਇਸ ਨੂੰ ਸਿਰਫ ਅਤੇ ਸਿਰਫ ਆਪਣਾ ਸਮੁੱਚਾ ਗਲੋਬਲ ਏਕਾਧਿਕਾਰ ਪਿਆਰਾ ਹੈ।

# ਲੋਕ ਠੱਗਾਂ ਤੋਂ ਕਿਵੇਂ ਬਚਣ ?

ਗੁਰਦੀਪ ਸਿੰਘ

ਅੱਜ-ਕੱਲ੍ਹ ਲੋਕਾਂ ਨਾਲ ਕਈ ਤਰ੍ਹਾਂ ਠੱਗੀ ਵੱਜ ਰਹੀ ਹੈ। ਪਹਿਲਾਂ ਟਾਵਰ ਲਗਵਾਉਣ, ਵਿਦੇਸ਼ ਭੇਜਣ ਦੇ ਨਾਂ 'ਤੇ ਠੱਗਿਆ ਜਾਂਦਾ ਸੀ, ਇਸੇ ਤਰ੍ਹਾਂ ਕਾਲ ਕਰ ਕੇ ਏ.ਟੀ.ਐਮ. ਜਾਂ ਕ੍ਰੈਡਿਟ ਕਾਰਡ ਨਵਿਆਉਣ ਜਾਂ ਕੇ.ਵਾਈ.ਸੀ. ਆਦਿ ਦੇ ਨਾਂ ਉਤੇ ਓਟੀਪੀ ਮੰਗ ਕੇ ਵੀ ਲੋਕਾਂ ਨੂੰ ਚੂਨਾ ਲਾਇਆ ਜਾ ਰਿਹਾ ਹੈ। ਇੰਝ ਹੀ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ ਹੋਰ ਵੈਬਸਾਈਟਾਂ/ਐਪਸ ਆਦਿ ਜ਼ਰੀਏ ਸਾਮਾਨ ਖਰੀਦਣ ਤੇ ਵੇਚਣ ਦੇ ਇਸ਼ਤਿਹਾਰ ਦੇ ਕੇ ਵੀ ਭੋਲੇ-ਭਾਲੇ ਲੋਕਾਂ ਨੂੰ ਠੱਗਿਆ ਜਾ ਰਿਹਾ ਹੈ।

ਠੱਗ, ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਕਾਰ, ਮੋਟਰ-ਸਾਈਕਲ, ਮੋਬਾਈਲ ਫੋਨ ਆਦਿ ਵੇਚਣ ਦੇ ਇਸ਼ਤਿਹਾਰ ਵਸਤਾਂ ਦੀ ਕੀਮਤ ਬਾਜ਼ਾਰ ਨਾਲੋਂ ਘੱਟ ਦੱਸ ਕੇ ਦਿੰਦੇ ਹਨ। ਜਦੋਂ ਲੋਕ ਖ਼ਰੀਦਣ ਲਈ ਫੋਨ ਕਰਦੇ ਹਨ ਤਾਂ ਉਹ ਖ਼ਰੀਦਦਾਰ ਨੂੰ ਆਪਣਾ ਪਤਾ ਦੂਰ ਦਾ ਦੱਸਦੇ ਹਨ। ਜਿਵੇਂ ਚੰਡੀਗੜ੍ਹ ਤੇ ਪੰਜਾਬ ਵਾਲਿਆਂ ਨੂੰ ਦਿੱਲੀ ਦਾ ਪਤਾ ਦੱਸਦੇ ਹਨ। ਜਦੋਂ ਖ਼ਰੀਦਦਾਰ ਕਹਿੰਦਾ ਹੈ ਕਿ ਉਹ ਇੰਨੀ ਦੂਰ ਕਿਵੇਂ ਆਵੇਗਾ ਤਾਂ ਠੱਗ ਕਹਿੰਦੇ ਹਨ ਕਿ ਤੁਹਾਨੂੰ ਸਬੰਧਤ ਚੀਜ਼ ਦੀ ਡਿਲਿਵਰੀ ਕਰ ਦਿੱਤੀ ਜਾਵੇਗੀ, ਬਸ ਤੁਸੀਂ ਥੋੜ੍ਹੇ ਜਿਹੇ ਪੈਸੇ ਅਗਾਊਂ ਦੇ ਦਿਓ, ਜਿਵੇਂ 5000 ਰੁਪਏ ਆਦਿ। ਪੈਸਾ ਮਿਲਦੇ ਸਾਰ ਹੀ ਉਹ ਆਪਣੇ ਫੋਨ ਬੰਦ ਕਰ ਲੈਂਦੇ ਹਨ ਤੇ ਖ਼ਰੀਦਦਾਰ ਦੇਖਦਾ ਹੀ ਰਹਿ ਜਾਂਦਾ ਹੈ।

ਅਜਿਹੇ ਮਾਮਲਿਆਂ ਦੀ ਘੋਖ ਲਈ ਮੈਂ ਆਨਲਾਈਨ ਸਾਮਾਨ ਖ਼ਰੀਦਣ-ਵੇਚਣ ਵਾਲੀਆਂ ਵੈਬਸਾਈਟਾਂ ਉਤੇ ਨਜ਼ਰ ਰੱਖਣੀ ਸ਼ੁਰੂ ਕੀਤੀ। ਇੱਕ ਵੈਬਸਾਈਟ ਉਤੇ ਮੈਨੂੰ ਐਪਲ ਦਾ ਆਈ ਫ਼ੋਨ ਲੱਭਿਆ ਜਿਸ ਦਾ ਮਾਰਕੀਟ ਰੇਟ 40000 ਰੁਪਏ ਸੀ ਤੇ ਉਹ ਬੰਦਾ ਇਸ ਨੂੰ 12000 ਰੁਪਏ ਵਿੱਚ ਵੇਚ ਰਿਹਾ ਸੀ। ਉਸ ਨੇ ਕਿਹਾ ਕਿ ਤੁਸੀਂ ਬੁਕਿੰਗ ਲਈ 1500 ਰੁਪਏ ਗੂਗਲ ਪੇਅ ਕਰ ਦਿਓ, ਮੈਂ ਤੁਹਾਨੂੰ ਫ਼ੋਨ ਕੋਰੀਅਰ ਕਰ ਦੇਵਾਂਗਾ। ਦੂਜੇ ਦਿਨ ਉਸ ਨੇ ਕਿਹਾ ਕਿ 5000 ਰੁਪਏ ਹੋਰ ਪਵਾ ਦੇਵੋ, ਮੈਂ ਤਾਂ ਕੋਰੀਅਰ ਕਰਾਂਗਾ। ਮੈਂ ਕਿਹਾ ਕਿ ਪਹਿਲਾਂ ਡਾਕਖ਼ਾਨੇ ਦੀ ਰਸੀਦ ਭੇਜੋ, ਤਾਂ ਕਹਿੰਦਾ ਕਿ ਉਹਨੇ ਠੱਗੀ ਮਾਰ ਲਈ ਹੈ, ਜੋ ਕਰਨਾ ਕਰ ਲਓ, ਕੁਝ ਨਹੀਂ ਹੋ ਸਕਦਾ। ਉਸਦੀ ਗੱਲ ਸਹੀ ਸੀ, ਪੁਲਿਸ ਸ਼ਿਕਾਇਤ ਦੇ ਬਾਵਜੂਦ ਹਾਲੇ ਤੱਕ ਕੁਝ ਨਹੀਂ ਬਣਿਆ।

ਠੱਗ ਵੱਡੇ ਸ਼ਹਿਰਾਂ ਵਿੱਚ ਅਨਲਾਈਨ ਪਲੇਟਫਾਰਮਾਂ ਜ਼ਰੀਏ ਕਿਰਾਏ 'ਤੇ ਮਕਾਨ ਦੇਣ ਦੇ ਨਾਂ ਉਤੇ ਠੱਗਦੇ ਹਨ। ਪਹਿਲਾਂ ਖੁਦ ਕਿਰਾਏ 'ਤੇ ਲੈਣ ਲਈ ਮਕਾਨ ਦੇਖਣ ਬਹਾਨੇ ਕਈ ਘਰਾਂ ਦੀਆਂ ਫੋਟੋਆਂ ਖਿੱਚ ਲੈਂਦੇ ਨੇ ਤੇ ਬਾਅਦ 'ਚ ਉਹੋ ਫੋਟੋਆਂ ਖ਼ੁਦ ਮਕਾਨ ਕਿਰਾਏ 'ਤੇ ਦੇਣ ਲਈ ਵੈਬਸਾਈਟਾਂ ਉਤੇ ਪਾ ਦਿੰਦੇ ਹਨ ਤੇ ਮਕਾਨ ਕਿਰਾਏ 'ਤੇ ਲੈਣ ਦੇ ਚਾਹਵਾਨਾਂ ਤੋਂ ਪੇਸ਼ਗੀ ਰਕਮਾਂ ਲੈ ਕੇ ਠੱਗੀਆਂ ਮਾਰਦੇ ਹਨ।

ਸੋਸ਼ਲ ਸਾਈਟਾਂ ਉਤੇ ਵਿਦੇਸ਼ ਤੋਂ ਅਕਸਰ ਕੁੜੀਆਂ ਦੀਆਂ ਤਸਵੀਰਾਂ ਲੱਗੇ ਪ੍ਰੋਫਾਈਲਾਂ ਤੋਂ ਮੈਸੇਜ ਆਉਂਦੇ ਨੇ ਕਿ ਤੁਸੀਂ ਆਪਣਾ ਬਿਜ਼ਨਸ ਵਧਾਉਣਾ ਚਾਹੁੰਦੇ ਹੋ ਤਾਂ ਸੰਪਰਕ ਕਰੋ। ਕਈ ਬੰਦੇ ਉਨ੍ਹਾਂ ਨਾਲ ਗੱਲ ਕਰਨ ਲੱਗ ਪੈਂਦੇ ਨੇ ਤੇ ਕਿਸੇ ਦਿਨ ਵੀਡੀਓ ਕਾਲ ਉਤੇ ਅਸ਼ਲੀਲ ਤਸਵੀਰਾਂ ਜਾਂ ਵੀਡੀਓ ਦਿਖਾ ਕੇ ਸ਼ਿਕਾਰ ਦੀ ਵੀਡੀਓ ਬਣਾ ਲਈ ਜਾਂਦੀ ਹੈ। ਬਾਅਦ ਵਿੱਚ ਉਸ ਨੂੰ ਵੀਡੀਓ ਵਾਇਰਲ ਕਰਨ ਦੇ ਡਰਾਵੇ ਦੇ ਕੇ ਬਲੈਕਮੇਲ ਕੀਤਾ ਜਾਂਦਾ ਹੈ। ਚੰਗਾ ਇਹੋ ਹੈ ਕਿ ਅਣਜਾਣ ਲੋਕਾਂ ਦੀਆਂ ਦੋਸਤੀ ਦੀਆਂ ਬੇਨਤੀਆਂ ਨੂੰ ਨਜ਼ਰਅੰਦਾਜ਼ ਹੀ ਕੀਤਾ ਜਾਵੇ।

ਕਈ ਠੱਗ ਅਣਜਾਣ ਬੰਦਿਆਂ ਨੂੰ ਉਨ੍ਹਾਂ ਦੇ ਵਿਦੇਸ਼ ਰਹਿੰਦੇ ਰਿਸ਼ਤੇਦਾਰ ਬਣ ਕੇ ਕਾਲ ਕਰਦੇ ਨੇ ਤੇ ਜੇ ਕਿਸੇ ਵਿਅਕਤੀ ਨਾਲ ਤੁੱਕਾ ਲੱਗ ਕੇ ਗੱਲ ਸ਼ੁਰੂ ਹੋ ਗਈ ਤਾਂ ਠੱਗ ਸਬੰਧਤ ਵਿਅਕਤੀ ਦੀ ਮਾਨਸਿਕਤਾ ਪੜ੍ਹ ਕੇ ਉਸ ਨੂੰ ਕਈ ਤਰ੍ਹਾਂ ਦੇ ਸਬਜ਼ਬਾਗ ਦਿਖਾਉਂਦੇ ਹਨ। ਫਿਰ ਉਲਟਾ ਖ਼ੁਦ ਨੂੰ ਕਿਸੇ ਮੁਸੀਬਤ ਵਿੱਚ ਫਸਿਆ ਦੱਸ ਕੇ ਮਦਦ ਲਈ ਪੈਸੇ ਮੰਗਵਾ ਕੇ ਠੱਗੀ ਮਾਰ ਲੈਂਦੇ ਹਨ। ਇੱਕ ਵਿਅਕਤੀ ਨੂੰ ਕਿਸੇ ਗੋਰੀ ਕੁੜੀ ਨੇ ਮੈਸੇਜ ਕੀਤਾ ਕਿ ਤੁਹਾਡਾ ਦੇਸ਼ ਬਹੁਤ ਸੋਹਣਾ ਹੈ, ਉਹ ਘੁੰਮਣ ਆਉਣ ਦਾ ਪਲੈਨ ਬਣਾ ਰਹੀ ਹੈ। ਕੁਝ ਦਿਨਾਂ ਬਾਅਦ ਫ਼ੋਨ ਕੀਤਾ ਕਿ ਉਹ ਅਗਲੇ ਹਫ਼ਤੇ ਚੰਡੀਗੜ੍ਹ ਆਵੇਗੀ। ਫਿਰ ਫ਼ੋਨ ਆਇਆ ਕਿ ਉਸ ਦਾ ਐਕਸੀਡੈਂਟ ਹੋ ਗਿਆ ਹੈ, ਪਰਸ ਵੀ ਗੁੰਮ ਗਿਆ ਤੇ ਉਸ ਨੂੰ ਪੈਸਿਆਂ ਦੀ ਜ਼ਰੂਰਤ ਹੈ ਤੇ ਵਾਰ-ਵਾਰ ਫ਼ੋਨ ਕਰ ਕਰੀਬ ਇਕ ਲੱਖ ਰੁਪਏ ਠੱਗ ਲਏ। ਪੁਲਿਸ ਸ਼ਿਕਾਇਤ ਕਰਨ ਤੋਂ ਪਤਾ ਲੱਗਾ ਕੇ ਪੈਸੇ ਬਿਹਾਰ 'ਚ ਕਿਸੇ ਦੇ ਖਾਤੇ ਵਿੱਚ ਪਵਾਏ ਗਏ ਸੀ। ਆਖ਼ਰ ਜਿਸ ਦੇ ਬੈਂਕ ਖਾਤੇ ਵਿੱਚ ਪੈਸੇ ਪਵਾਏ ਜਾਂਦੇ ਨੇ ਉਹ ਕੌਣ ਹੁੰਦਾ ਹੈ? ਮੈਨੂੰ ਖੰਨੇ ਤੋਂ ਕਿਸੇ ਦੋਸਤ ਦਾ ਫ਼ੋਨ ਆਇਆ ਕਿ ਉਹਦੇ ਆਪਣੇ ਖਾਤੇ ਵਿੱਚ ਠੱਗੀ ਦੇ ਪੈਸੇ ਪਵਾਉਣ ਦੀ ਸ਼ਿਕਾਇਤ ਕੀਤੀ ਗਈ ਹੈ। ਉਸ ਨੇ ਕਹਾਣੀ ਦੱਸੀ ਕਿ ਇੱਕ ਦਿਨ ਉਹ ਵਿਦੇਸ਼ ਭੇਜਣ ਵਾਲਾ ਇਸ਼ਤਿਹਾਰ ਪੜ੍ਹ ਕੇ ਜਲੰਧਰ ਗਿਆ। ਇਸ਼ਤਿਹਾਰ ਦੇਣ ਵਾਲੇ ਨੇ ਉਸ ਨੂੰ ਚਾਹ ਦੀ ਦੁਕਾਨ 'ਤੇ ਬੁਲਾਇਆ ਤੇ ਕਿਹਾ ਕਿ ਤੈਨੂੰ ਦੁਬਈ ਭੇਜਣ ਲਈ ਤੇਰੇ ਬੈਂਕ ਖ਼ਾਤੇ ਵਿੱਚ 3-4 ਲੱਖ ਰੁਪਏ ਦਾ ਲੈਣ-ਦੇਣ ਚਾਹੀਦਾ ਹੈ। ਪੀੜਤ ਨੇ ਜਦੋਂ ਕਿਹਾ ਉਹ ਇੰਨੇ ਪੈਸੇ ਦਾ ਇੰਤਜ਼ਾਮ ਨਹੀਂ ਕਰ ਸਕਦਾ। ਠੱਗ ਨੇ ਕਿਹਾ ਕਿ ਪੈਸਿਆਂ ਦਾ ਲੈਣ-ਦੇਣ ਉਹ ਖ਼ੁਦ ਦਿਖਾ ਦੇਣਗੇ। ਉਨ੍ਹਾਂ ਪੀੜਤ ਤੋਂ ਕੁਝ ਕਾਗਜ਼ਾਂ 'ਤੇ ਦਸਤਖ਼ਤ ਕਰਵਾਏ ਅਤੇ ਬੈਂਕ ਖਾਤਾ ਤੇ ਏਟੀਐਮ ਕਾਰਡ ਲੈ ਗਿਆ। ਫਿਰ ਠੱਗਾਂ ਦਾ ਫੋਨ ਬੰਦ ਹੋ ਗਿਆ। ਇਸ ਦੌਰਾਨ ਠੱਗ ਕਈ ਤਰ੍ਹਾਂ ਦੀਆਂ ਠੱਗੀਆਂ ਮਾਰ ਕੇ ਪੀੜਤ ਦੇ ਖ਼ਾਤੇ ਵਿੱਚ ਪੈਸੇ ਪਵਾ ਕੇ ਖ਼ੁਦ ਕਢਵਾਉਂਦੇ ਰਹੇ। ਇਹੋ ਜਿਹੇ ਕੇਸਾਂ ਵਿੱਚ ਪੁਲਿਸ ਵੀ ਕੁਝ ਨਹੀਂ ਕਰ ਪਾਉਂਦੀ ਕਿਉਂਕਿ ਮੁੱਖ ਦੋਸ਼ੀ ਦਾ ਪਤਾ ਹੀ ਨਹੀਂ ਲੱਗਦਾ। ਅਜਿਹੀਆਂ ਠੱਗੀਆਂ ਤੋਂ ਬਚਣ ਦਾ ਇਕੋ ਇਕ ਤਰੀਕਾ ਜਾਗਰੂਕਤਾ ਅਤੇ ਖ਼ੁਦ ਲਾਲਚ ਤੋਂ ਬਚਣਾ ਹੀ ਹੈ।

# ਪੰਜਾਬੀਆਂ ਨੂੰ ਕੌਮਾਂਤਰੀ ਪ੍ਰਵਾਸ ਦਾ ਕੀ ਲਾਭ ਹੋਇਆ ਤੇ ਕੀ ਗੁਆਇਆ ?



ਕਿਸ਼ਤ ਪਹਿਲੀ
ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗ਼ੈਰ-ਖੇਤੀਬਾੜੀ ਖੇਤਰਾਂ ਦੀ ਰੁਜ਼ਗਾਰ-ਰਹਿਤ ਪ੍ਰਗਤੀ ਕਾਰਨ ਸੂਬੇ ਦੇ ਲੋਕਾਂ, ਖ਼ਾਸ ਕਰ ਕੇ ਨੌਜਵਾਨਾਂ ਵਿੱਚ ਆਪਣੇ ਦੇਸ਼ ਅਤੇ ਸੂਬੇ ਲਈ ਬੇਰੁਖੀ ਹੋਣ ਕਰ ਕੇ ਉਹ ਬਾਹਰਲੇ ਦੇਸ਼ਾਂ ਵਿੱਚ ਜਾਣ ਲਈ ਬਹੁਤ ਹੀ ਉਤਾਵਲੇ ਰਹਿੰਦੇ ਹਨ। ਕੈਨੇਡਾ, ਯੂਰਪ, ਯੂ.ਐੱਸ.ਏ. ਅਤੇ ਯੂ.ਕੇ. ਵੱਡੇ ਪੱਧਰ ਉੱਤੇ ਭਾਰਤੀਆਂ ਦੇ ਪਸੰਦੀਦਾ ਟਿਕਾਣੇ ਹਨ। ਇਨ੍ਹਾਂ ਦੇਸ਼ਾਂ ਵਿੱਚ ਜਾਣ ਲਈ ਪੰਜਾਬੀ ਉਤਾਵਲੇ ਹੋਏ ਪਏ ਹਨ। ਜਦੋਂ ਪ੍ਰਵਾਸੀ ਭਾਰਤੀ ਪੰਜਾਬ ਆਉਂਦੇ ਅਤੇ ਇੱਥੋਂ ਦੇ ਲੋਕਾਂ ਨੂੰ ਆਪਣੀ ਬਦਲੀ ਹੋਈ ਜੀਵਨ ਸ਼ੈਲੀ ਦਿਖਾਉਂਦੇ ਹਨ ਤਾਂ ਉਨ੍ਹਾਂ ਵਿਚੋਂ ਇੱਕ ਬਹੁਤ ਹੀ ਵੱਡੀ ਗਿਣਤੀ ਵਿੱਚ ਲੋਕ ਬਾਹਰਲੇ ਦੇਸ਼ਾਂ ਵਿੱਚ ਜਾਣ ਦਾ ਮਨ ਬਣਾ ਲੈਂਦੇ ਹਨ। ਇਸ ਤੋਂ ਇਲਾਵਾ ਸੂਬੇ ਦੇ ਪੱਧਰ ਉੱਤੇ ਸਮਾਜਿਕ-ਆਰਥਿਕ ਖੇਤਰਾਂ ਵਿੱਚ ਵਖਰੇਵੇਂ ਵੀ ਕੌਮਾਂਤਰੀ ਪ੍ਰਵਾਸ ਦੀਆਂ ਪ੍ਰਵਿਰਤੀਆਂ ਨੂੰ ਵਧਾਉਂਦੇ ਹਨ। ਅਜੋਕੇ ਸਮੇਂ ਵਿੱਚ ਪੰਜਾਬੀ ਵਿਦੇਸ਼ਾਂ ਦੇ ਕੋਨੇ-ਕੋਨੇ ਵਿੱਚ ਵਸੇ ਹੋਏ ਹਨ। ਇਸ ਲੇਖ ਵਿੱਚ ਪੇਂਡੂ ਪੰਜਾਬ ਤੋਂ ਕੌਮਾਂਤਰੀ ਪ੍ਰਵਾਸ ਦੇ ਵੱਖ-ਵੱਖ ਮਹੱਤਵਪੂਰਨ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਦਾ ਇੱਕ ਯਤਨ ਕੀਤਾ ਗਿਆ ਹੈ, ਜਿਹੜਾ ਲੇਖਕ (ਡਾ. ਗਿਆਨ ਸਿੰਘ), ਡਾ. ਧਰਮਪਾਲ, ਡਾ. ਗੁਰਿੰਦਰ ਕੌਰ, ਡਾ. ਰੁਪਿੰਦਰ ਕੌਰ, ਡਾ. ਸੁਖਵੀਰ ਕੌਰ ਅਤੇ ਡਾ. ਜੋਤੀ ਦੁਆਰਾ ਪੰਜਾਬ ਵਿਚੋਂ ਕੌਮਾਂਤਰੀ ਪ੍ਰਵਾਸ ਸੰਬੰਧੀ ਕੀਤੇ ਗਏ ਇੱਕ ਸਰਵੇਖਣ ਉੱਪਰ ਆਧਾਰਿਤ ਹੈ। ਇਸ ਸਰਵੇਖਣ ਲਈ ਮਾਝੇ ਦੇ ਚਾਰ ਜ਼ਿਲਿ੍ਆਂ ਵਿਚੋਂ ਦੋ ਜ਼ਿਲ੍ਹੇ - ਅੰਮ੍ਰਿਤਸਰ ਅਤੇ ਗੁਰਦਾਸਪੁਰ, ਦੁਆਬੇ ਦੇ ਚਾਰ ਜ਼ਿਲਿ੍ਆਂ ਵਿਚੋਂ ਦੋ ਜ਼ਿਲ੍ਹੇ - ਜਲੰਧਰ ਅਤੇ ਹੁਸ਼ਿਆਰਪੁਰ ਅਤੇ ਮਾਲਵੇ ਦੇ ਪੰਦਰਾਂ ਜ਼ਿਲਿ੍ਆਂ ਵਿਚੋਂ ਅੱਠ ਜ਼ਿਲ੍ਹੇ - ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਲੁਧਿਆਣਾ, ਮੋਗਾ, ਪਟਿਆਲਾ, ਸੰਗਰੂਰ ਅਤੇ ਸ੍ਰੀ ਮੁਕਤਸਰ ਸਾਹਿਬ ਚੁਣੇ ਗਏ ਸਨ। ਚੁਣੇ ਹੋਏ ਜ਼ਿਲਿ੍ਆਂ ਦੇ ਹਰੇਕ ਕਮਿਊਨਿਟੀ ਵਿਕਾਸ ਬਲਾਕ ਵਿਚੋਂ ਇਕ ਪਿੰਡ ਨੂੰ ਗ਼ੈਰ-ਵਿਵਸਥਾ ਢੰਗ ਨਾਲ ਚੁਣਿਆ ਗਿਆ। ਇਸ ਤਰ੍ਹਾਂ ਸਰਵੇਖਣ ਲਈ ਕੁੱਲ 98 ਪਿੰਡ ਚੁਣੇ ਗਏ, ਜਿਨ੍ਹਾਂ ਵਿੱਚ ਮਾਝੇ ਦੇ 20, ਦੁਆਬੇ ਦੇ 21 ਅਤੇ ਮਾਲਵੇ ਦੇ 57 ਪਿੰਡ ਹਨ। ਇਹ ਸਰਵੇਖਣ 1951 ਤੋਂ 2021 ਦਰਮਿਆਨ ਦੇ ਸਮੇਂ ਨਾਲ ਸੰਬੰਧਿਤ ਹੈ। ਪੇਂਡੂ ਪੰਜਾਬ ਵਿਚੋਂ ਕੁੱਲ 2597 ਪਰਿਵਾਰਾਂ ਤੋਂ ਅੰਕੜੇ ਇਕੱਠੇ ਕੀਤੇ ਗਏ।

1956 ਤੋਂ 2021 ਦਰਮਿਆਨ ਵਿਦੇਸ਼ਾਂ ਵਿੱਚ ਪ੍ਰਵਾਸ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ ਮਾਝੇ ਵਿੱਚ 358, ਦੁਆਬੇ ਵਿੱਚ 947 ਅਤੇ ਮਾਲਵੇ ਵਿੱਚ 1292 ਪਾਈ ਗਈ। ਇਨ੍ਹਾਂ ਪਰਿਵਾਰਾਂ ਵਿਚੋਂ ਪ੍ਰਵਾਸ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਕ੍ਰਮਵਾਰ 362, 1023 ਅਤੇ 1403 ਸੀ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਪਰਿਵਾਰਾਂ ਵਿਚੋਂ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ ਹੈ। ਮਾਝੇ ਵਿੱਚ ਬਹੁ-ਗਿਣਤੀ ਪਰਿਵਾਰਾਂ (98.88 ਫ਼ੀਸਦੀ) ਵਿਚੋਂ ਇਕੱਲੇ ਵਿਅਕਤੀ ਅਤੇ ਬਾਕੀ ਦੇ 1.12 ਫ਼ੀਸਦੀ ਪਰਿਵਾਰਾਂ ਵਿਚੋਂ ਦੋ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ। ਦੁਆਬੇ ਦੇ ਦੋ-ਤਿਹਾਈ ਤੋਂ ਥੋੜ੍ਹੇ ਘੱਟ ਪਰਿਵਾਰਾਂ (64.63 ਫ਼ੀਸਦੀ) ਵਿਚੋਂ ਇਕੱਲੇ ਵਿਅਕਤੀ, 15.63 ਫ਼ੀਸਦੀ ਪਰਿਵਾਰਾਂ ਵਿਚੋਂ ਦੋ ਵਿਅਕਤੀਆਂ, 3.91 ਫ਼ੀਸਦੀ ਪਰਿਵਾਰਾਂ ਵਿਚੋਂ ਤਿੰਨ ਵਿਅਕਤੀਆਂ ਅਤੇ ਬਾਕੀ ਦੇ 0.11 ਫ਼ੀਸਦੀ ਪਰਿਵਾਰਾਂ ਵਿਚੋਂ ਚਾਰ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਵਿਚੋਂ 64.32 ਫ਼ੀਸਦੀ ਪਰਿਵਾਰਾਂ ਵਿਚੋਂ ਇਕੱਲੇ ਵਿਅਕਤੀ ਅਤੇ ਬਾਕੀ ਦੇ 35.68 ਫ਼ੀਸਦੀ ਪਰਿਵਾਰਾਂ ਵਿਚੋਂ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪ੍ਰਵਾਸ ਕੀਤਾ। ਇਸ ਤੋਂ ਇਲਾਵਾ, ਦੁਆਬੇ ਅਤੇ ਮਾਲਵੇ ਦੇ ਸਰਵੇਖਣ ਕੀਤੇ ਗਏ ਕੁੱਲ ਪਰਿਵਾਰਾਂ ਵਿਚੋਂ ਕ੍ਰਮਵਾਰ 15.73 ਅਤੇ 15.79 ਫ਼ੀਸਦੀ ਪੂਰੇ ਪਰਿਵਾਰ ਹੀ ਬਾਹਰਲੇ ਦੇਸ਼ਾਂ ਵਿੱਚ ਪ੍ਰਵਾਸ ਕਰ ਗਏ।

ਭਾਵੇਂ ਜਾਤੀ ਅਤੇ ਪ੍ਰਵਾਸ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ, ਪਰ ਇਹ ਅਸਿੱਧੇ ਤੌਰ ਉੱਤੇ ਇੱਕ-ਦੂਜੇ ਨਾਲ ਜੁੜੇ ਹੋਏ ਹਨ। ਪ੍ਰਵਾਸ ਉੱਤੇ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਨਾਲ ਪੈਦਾ ਹੁੰਦਾ ਹੈ। ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 83.7 ਫ਼ੀਸਦੀ ਜਨਰਲ ਵਰਗ ਨਾਲ ਸੰਬੰਧਿਤ ਸਨ, ਜਦੋਂ ਕਿ 11.6 ਫ਼ੀਸਦੀ ਅਨੁਸੂਚਿਤ ਜਾਤੀਆਂ ਅਤੇ ਬਾਕੀ ਦੇ 4.7 ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਸਨ। ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ 63.34, 22.68, ਅਤੇ 13.98 ਫ਼ੀਸਦੀ ਕ੍ਰਮਵਾਰ ਜਨਰਲ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਸਨ। ਇਸ ਤਰ੍ਹਾਂ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿਚੋਂ ਜ਼ਿਆਦਾਤਰ ਕੌਮਾਂਤਰੀ ਪ੍ਰਵਾਸੀ ਜਨਰਲ ਜਾਤੀਆਂ ਨਾਲ ਸੰਬੰਧਿਤ ਸਨ, ਇਸ ਤੋਂ ਬਾਅਦ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦਾ ਕ੍ਰਮ ਆਉਂਦਾ ਹੈ। ਖੇਤਰੀ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਕਿ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰ ਮਾਝਾ, ਦੁਆਬਾ ਅਤੇ ਮਾਲਵਾ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਪ੍ਰਵਾਸੀ ਜੱਟ ਜਾਤੀ ਨਾਲ ਸੰਬੰਧਿਤ ਸਨ। ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ। ਭਾਵੇਂ ਇਹ ਵਿਸ਼ੇਸ਼ਤਾ ਸ਼ਹਿਰੀ ਖੇਤਰਾਂ ਵਿਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਜ਼ਿਆਦਾਤਰ ਪੇਂਡੂ ਖੇਤਰਾਂ ਵਿੱਚ ਬਰਕਾਰ ਹਨ। ਪੰਜਾਬ ਸੂਬਾ ਵਿਆਪਕ ਤੌਰ ਉੱਤੇ ਆਪਣੀ ਖੇਤੀਬਾੜੀ ਸਦਕਾ ਖੁਸ਼ਹਾਲ ਹੋਇਆ, ਜਿਸ ਨੇ ਪੇਂਡੂ ਖੇਤਰਾਂ ਵਿੱਚ ਮੌਜੂਦ ਸਾਂਝੇ ਪਰਿਵਾਰ ਦੀ ਪ੍ਰਣਾਲੀ ਤੋਂ ਆਪਣੀ ਤਾਕਤ ਹਾਸਿਲ ਕੀਤੀ।

ਹਾਲਾਂਕਿ, ਸਮਾਜਿਕ-ਆਰਥਿਕ ਜ਼ਰੂਰਤਾਂ ਵਿੱਚ ਤਬਦੀਲੀਆਂ ਨਾਲ ਜ਼ਮੀਨੀ ਵੰਡ ਹੋਈ, ਜਿਸ ਦੇ ਨਤੀਜੇ ਵਜੋਂ ਇਕਹਿਰੀ ਪਰਿਵਾਰ ਪ੍ਰਣਾਲੀ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਜ਼ੋਰ ਫੜ ਰਹੀ ਹੈ। ਮੌਜੂਦਾ ਸਰਵੇਖਣ ਤੋਂ ਇਹ ਸਾਹਮਣੇ ਆਇਆ ਕਿ ਜ਼ਿਆਦਾ ਪ੍ਰਵਾਸੀ ਜਿਵੇਂ ਦੁਆਬੇ ਦੇ 83.77, ਮਾਝੇ ਦੇ 8.11, ਅਤੇ ਮਾਲਵੇ ਦੇ 72.27 ਫ਼ੀਸਦੀ ਇਕਹਿਰੇ ਪਰਿਵਾਰਾਂ ਵਿਚ ਰਹਿ ਰਹੇ ਸਨ, ਜਦੋਂ ਕਿ ਬਾਕੀ ਦੇ 16.23, 19.89 ਅਤੇ 27.73 ਫ਼ੀਸਦੀ ਪ੍ਰਵਾਸੀ ਕ੍ਰਮਵਾਰ ਦੁਆਬੇ, ਮਾਝੇ ਅਤੇ ਮਾਲਵੇ ਵਿੱਚ ਸਾਂਝੀ ਪਰਿਵਾਰ ਪ੍ਰਣਾਲੀ ਨਾਲ ਸੰਬੰਧਿਤ ਸਨ। ਪ੍ਰਵਾਸੀਆਂ ਦੀ ਲਿੰਗ-ਅਧਾਰਿਤ ਵੰਡ ਦਰਸਾਉਂਦੀ ਹੈ ਕਿ ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 85.64 ਫ਼ੀਸਦੀ ਮਰਦ ਅਤੇ ਬਾਕੀ ਦੇ 14.36 ਫ਼ੀਸਦੀ ਔਰਤਾਂ ਸਨ। ਦੁਆਬੇ ਵਿੱਚ ਮਰਦ ਅਤੇ ਔਰਤ ਪ੍ਰਵਾਸੀਆਂ ਦੀ ਫ਼ੀਸਦੀ ਕ੍ਰਮਵਾਰ 88.47 ਅਤੇ 11.53 ਸੀ। ਮਾਲਵੇ ਵਿੱਚ ਇਹ ਫ਼ੀਸਦੀ 67.14 ਅਤੇ 32.86 ਪਾਈ ਗਈ। ਪ੍ਰਵਾਸ ਵਿੱਚ ਮਰਦਾਂ ਦਾ ਉੱਚ ਅਨੁਪਾਤ ਇਸ ਤੱਥ ਨੂੰ ਮਜ਼ਬੂਤ ਕਰਦਾ ਹੈ ਕਿ ਭਾਵੇਂ ਸਮਕਾਲੀ ਸੰਸਾਰ ਵਿੱਚ ਦੋਵਾਂ ਲਿੰਗਾਂ ਲਈ ਬਰਾਬਰ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਪਰ ਫਿਰ ਵੀ ਮਰਦਾਂ ’ਤੇ ਆਪਣੇ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਜ਼ਿੰਮੇਵਾਰੀ ਹੁੰਦੀ ਹੈ। ਪੰਜਾਬ ਤੋਂ ਔਰਤਾਂ ਦਾ ਪ੍ਰਵਾਸ ਮੁੱਖ ਤੌਰ ਉੱਤੇ ਵਿਆਹ-ਕੇਂਦਰਿਤ ਰਿਹਾ ਹੈ, ਜਿੱਥੇ ਲੜਕੀਆਂ ਇੱਕ ਜੀਵਨ ਸਾਥੀ ਦੇ ਰੂਪ ਵਿੱਚ ਵਿਦੇਸ਼ਾਂ ਵਿੱਚ ਜਾਂਦੀਆਂ ਸਨ।

ਉਂਜ, ਅਜੋਕੇ ਸਮੇਂ ਦੌਰਾਨ ਪੰਜਾਬ ਵਿੱਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ, ਕਿਉਂਕਿ ਜਿਹੜੀਆਂ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਵਿੱਚ ਉੱਚ ਬੈਂਡ ਪ੍ਰਾਪਤ ਕਰਦੀਆਂ ਹਨ, ਉਨ੍ਹਾਂ ਨੂੰ ਕੌਮਾਂਤਰੀ ਪ੍ਰਵਾਸ ਲਈ ਪੌੜੀ ਮੰਨਿਆ ਜਾਂਦਾ ਹੈ। ਜਿਹੜੇ ਅਮੀਰ ਪਰਿਵਾਰਾਂ ਦੇ ਲੜਕੇ ਵਿਦੇਸ਼ ਜਾਣ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਪਾਸ ਨਹੀਂ ਕਰ ਪਾਉਂਦੇ, ਉਹ ਇਨ੍ਹਾਂ ਕੁੜੀਆਂ ਦੇ ਪਰਿਵਾਰਾਂ ਨੂੰ ਲੁਭਾਉਂਦੇ ਹਨ ਅਤੇ ਉਨ੍ਹਾਂ ਦੇ ਵਿਆਹ ਤੋਂ ਬਾਅਦ ਉਹ ਆਪਣੀ ਨੂੰਹ ਦੀ ਵਿਦੇਸ਼ ਯਾਤਰਾ, ਖ਼ਰਚੇ ਅਤੇ ਪੜ੍ਹਾਈ ਨੂੰ ਸਪਾਂਸਰ ਕਰਦੇ ਹਨ। ਇਹ ਕੁੜੀਆਂ ਬਾਅਦ ਵਿੱਚ ਸਪਾਊਸ ਵੀਜ਼ੇ ਉੱਤੇ ਆਪਣੇ ਪਤੀਆਂ ਨੂੰ ਵਿਦੇਸ਼ ਬੁਲਾਉਂਦੀਆਂ ਹਨ ਅਤੇ ਸਮਾਂ ਬੀਤਣ ਦੇ ਨਾਲ ਉਹ ਮੰਜ਼ਿਲ ਵਾਲੇ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਇਕੱਠੇ ਕੰਮ ਕਰਦੇ ਹਨ ਅਤੇ ਫਿਰ ਉਹ ਆਪਣੇ ਪੂਰੇ ਪਰਿਵਾਰ ਲਈ ਇਮੀਗ੍ਰੇਸ਼ਨ ਦੀ ਟਿਕਟ ਬਣ ਜਾਂਦੇ ਹਨ।

ਸਿੱਖਿਆ ਅਤੇ ਪ੍ਰਵਾਸ ਦਾ ਇੱਕ-ਦੂਜੇ ਨਾਲ ਇੱਕ ਮਜ਼ਬੂਤ ਰਿਸ਼ਤਾ ਹੈ, ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀਆਂ ਦੇ ਪ੍ਰਵਾਸ ਵਾਲੀ ਜਗ੍ਹਾ ਦੇ ਸਮਾਜਿਕ-ਆਰਥਿਕ ਵਾਤਾਵਰਨ ਵਿੱਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਉੱਚ ਸਿੱਖਿਆ ਪ੍ਰਾਪਤ ਵਿਅਕਤੀਆਂ ਦੇ ਪ੍ਰਵਾਸ ਨੂੰ ਅਕਸਰ ‘ਬੌਧਿਕ ਹੂੰਝਾ’ ਕਿਹਾ ਜਾਂਦਾ ਹੈ, ਕਿਉਂਕਿ ਪ੍ਰਵਾਸੀ ਵਿਅਕਤੀ ਬਿਹਤਰ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਆਪਣੀਆਂ ਸੇਵਾਵਾਂ ਵਿਦੇਸ਼ਾਂ ਵਿੱਚ ਦਿੰਦੇ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਜਰਮਨੀ, ਫਰਾਂਸ, ਯੂ.ਕੇ. ਵਰਗੇ ਵਿਕਸਿਤ ਦੇਸ਼ਾਂ ਵਿੱਚ ‘ਬੌਧਿਕ ਹੂੰਝਾ’ ਸ਼੍ਰੇਣੀ ਦੇ ਪ੍ਰਵਾਸ ਦੇ ਸੰਬੰਧ ਵਿੱਚ ਅੱਜ ਕੱਲ ਭਾਰਤ ਲਗਭਗ ਸਿੱਖਰ ਉੱਤੇ ਹੈ। ਭਾਰਤੀ ਰਾਜਨੀਤੀ ਵਿੱਚ ‘ਬੌਧਿਕ ਹੂੰਝਾ’ ਸਿਆਸਤਦਾਨਾਂ ਅਤੇ ਨੌਕਰਸ਼ਾਹੀ ਲਈ ਓਨੀ ਚਿੰਤਾ ਦਾ ਵਿਸ਼ਾ ਨਹੀਂ ਜਾਪਦਾ ਜਿੰਨਾ ਇਹ ਉੱਨੀ ਸੌ ਸੱਤਰ ਦੇ ਦਹਾਕੇ ਵਿੱਚ ਹੁੰਦਾ ਸੀ।

ਵਿਦੇਸ਼ ਜਾਣ ਤੋਂ ਪਹਿਲਾਂ ਪ੍ਰਵਾਸੀਆਂ ਦੀ ਵਿੱਦਿਅਕ ਯੋਗਤਾ ਦਾ ਅਧਿਐਨ ਦਰਸਾਉਂਦਾ ਹੈ ਕਿ ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 70.17 ਫ਼ੀਸਦੀ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਵਿੱਚ ਪ੍ਰਵਾਸ ਕੀਤਾ। ਇਸੇ ਖੇਤਰ ਦੇ ਤਕਰੀਬਨ 16 ਫ਼ੀਸਦੀ ਨੇ ਆਪਣੀ ਗ੍ਰੈਜੂਏਸ਼ਨ, ਜਦੋਂ ਕਿ 8.01 ਫ਼ੀਸਦੀ ਨੇ ਡਿਪਲੋਮਾ ਅਤੇ 3.04 ਫ਼ੀਸਦੀ ਨੇ ਮੈਟ੍ਰਿਕ ਕਰਨ ਤੋਂ ਬਾਅਦ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ ਅਤੇ ਥੋੜ੍ਹੇ ਜਿਹੇ ਹਿੱਸੇ (2.21 ਫ਼ੀਸਦੀ) ਕੋਲ ਪ੍ਰਵਾਸ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ ਲਗਭਗ ਦੋ-ਤਿਹਾਈ (64.08 ਫ਼ੀਸਦੀ) ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਹੀ ਵਿਦੇਸ਼ਾਂ ਨੂੰ ਪ੍ਰਵਾਸ ਕਰ ਗਏ। 15.37 ਫ਼ੀਸਦੀ ਨੇ ਮੈਟ੍ਰਿਕ ਅਤੇ 10.47 ਫ਼ੀਸਦੀ ਨੇ ਆਪਣੀ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ। ਪ੍ਰਵਾਸ ਕਰਨ ਦੇ ਸਮੇਂ 2.74 ਫ਼ੀਸਦੀ ਕੋਲ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ 1403 ਪ੍ਰਵਾਸੀਆਂ ਵਿਚੋਂ 61.01 ਫ਼ੀਸਦੀ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ।

ਵਿਦੇਸ਼ਾਂ ਨੂੰ ਪ੍ਰਵਾਸ ਕਰਨ ਸਮੇਂ 18 ਫ਼ੀਸਦੀ ਤੋਂ ਥੋੜ੍ਹੇ ਵੱਧ ਪ੍ਰਵਾਸੀਆਂ ਕੋਲ ਗ੍ਰੈਜੂਏਸ਼ਨ ਅਤੇ 8.84 ਫ਼ੀਸਦੀ ਕੋਲ ਮੈਟ੍ਰਿਕ ਦੀ ਵਿੱਦਿਅਕ ਯੋਗਤਾ ਸੀ। ਪ੍ਰਵਾਸੀਆਂ ਦੇ ਥੋੜ੍ਹੇ ਜਿਹੇ ਹਿੱਸੇ (4.92 ਫ਼ੀਸਦੀ) ਕੋਲ ਪ੍ਰਵਾਸ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ-ਵਿੱਦਿਅਕ ਪੱਧਰ ਵਾਲੇ ਨੌਜਵਾਨ ਵੀ ਵਿਦੇਸ਼ਾਂ ਵਿਚ ਵਸਣ ਨੂੰ ਇਕ ਬਿਹਤਰ ਬਦਲ ਸਮਝਦੇ ਹਨ। ਇਸ ਤੋਂ ਇਲਾਵਾ, ਪ੍ਰਵਾਸੀਆਂ ਦੇ ਬਹੁਤ ਹੀ ਥੋੜ੍ਹੇ ਜਿਹੇ ਹਿੱਸੇ ਕੋਲ ਪ੍ਰਵਾਸ ਦੇ ਸਮੇਂ ਨਰਸਿੰਗ/ ਜੀ.ਐੱਨ.ਐੱਮ./ਬੀ.ਡੀ.ਐੱਸ. ਦੀ ਡਿਗਰੀ ਜਾਂ ਡਿਪਲੋਮਾ ਸੀ। ਇਥੇ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਸਿੱਖਿਆ ਦੇ ਨੀਵੇਂ ਪੱਧਰ ਵਾਲੇ ਵਿਅਕਤੀ ਜਾਂ ਤਾਂ ਬਜ਼ੁਰਗ ਸਨ ਜਿਨ੍ਹਾਂ ਨੇ ਆਪਣੇ ਪਰਿਵਾਰਾਂ ਸਮੇਤ ਪ੍ਰਵਾਸ ਕੀਤਾ ਜਾਂ ਉਹ ਵਿਅਕਤੀ ਸਨ ਜਿਨ੍ਹਾਂ ਨੇ ਵਰਕ ਵੀਜ਼ੇ ਉੱਤੇ ਏਸ਼ੀਆ ਮਹਾਦੀਪ ਦੇ ਵਿਕਾਸਸ਼ੀਲ ਦੇਸ਼ਾਂ ਨੂੰ ਪ੍ਰਵਾਸ ਕੀਤਾ।

ਉਮਰ ਅਤੇ ਪ੍ਰਵਾਸ ਵਿੱਚ ਗੂੜ੍ਹਾ ਸੰਬੰਧ ਹੈ, ਕਿਉਂਕਿ ਪ੍ਰਵਾਸ ਕਰਨ ਦਾ ਫ਼ੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ। ਇਹ ਮੂਲ ਰੂਪ ਵਿੱਚ ਇਸ ਲਈ ਹੈ, ਕਿਉਂਕਿ ਪ੍ਰਵਾਸ ਇੱਕ ਜੋਖ਼ਮ ਭਰਿਆ ਕਦਮ ਹੈ, ਜਿਸ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਕਈਆਂ ਨੂੰ ਚੰਗੇ ਅਵਸਰ ਵੀ ਪ੍ਰਦਾਨ ਕਰਦਾ ਹੈ। ਪੰਜਾਬ ਦੇ ਬਹੁਤ ਜ਼ਿਆਦਾ ਨੌਜਵਾਨ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਪ੍ਰਵਾਸ ਦੀ ਪ੍ਰਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾਲੇ ਅਵਸਰਾਂ ਦਾ ਲਾਭ ਲੈਣ ਲਈ ਵਿਦੇਸ਼ਾਂ ਨੂੰ ਜਾਣ ਲਈ ਕਾਹਲੇ ਪਏ ਹੋਏ ਹਨ। ਪ੍ਰਵਾਸ ਕਰਨ ਵੇਲੇ ਬਹੁ-ਗਿਣਤੀ ਵਿਅਕਤੀ ਜਿਵੇਂ ਮਾਝੇ ਵਿੱਚ 87.85 ਫ਼ੀਸਦੀ, ਮਾਲਵੇ ਵਿੱਚ 85.25 ਫ਼ੀਸਦੀ ਅਤੇ ਦੁਆਬੇ ਵਿੱਚ 81.53 ਫ਼ੀਸਦੀ 15 ਤੋਂ 30 ਸਾਲ ਦੀ ਉਮਰ ਸਮੂਹ ਨਾਲ ਸੰਬੰਧਿਤ ਸਨ। ਜਨਸੰਖਿਅਕ ਲਾਭਅੰਸ਼ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਫੀਲਡ ਸਰਵੇਖਣ ਦਾ ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜ ਤਾ ਕਰਦਾ ਹੈ ਕਿ ਆਮ ਤੌਰ ਉੱਤੇ ਪ੍ਰਵਾਸ ਅਤੇ ਖ਼ਾਸ ਤੌਰ ਉੱਤੇ ਕੌਮਾਂਤਰੀ ਪ੍ਰਵਾਸ ਇੱਕ ਨੌਜਵਾਨ-ਕੇਂਦਰਿਤ ਵਰਤਾਰਾ ਹੈ। 15 ਤੋਂ 30 ਸਾਲ ਦੀ ਉਮਰ ਸਮੂਹ ਦੇ ਵਿਅਕਤੀਆਂ ਦਾ ਵਿਦੇਸ਼ਾਂ ਵਲ ਪ੍ਰਵਾਸ ਪੰਜਾਬ ਸਮੇਤ ਭਾਰਤ ਨੂੰ ਜਨਸੰਖਿਅਕ ਲਾਭ ਅੰਸ਼ ਦੇ ਹੋ ਰਹੇ ਬਹੁਤ ਵੱਡੇ ਨੁਕਸਾਨ ਨੂੰ ਚਿੱਟੇ ਦਿਨ ਵਾਂਗ ਸਾਹਮਣੇ ਲਿਆਉਂਦਾ ਹੈ।

ਕੌਮਾਂਤਰੀ ਪ੍ਰਵਾਸੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਦੇ ਵੇਰਵੇ ਦੱਸਦੇ ਹਨ ਕਿ ਮਾਂਝੇ ਦੇ ਕੁੱਲ ਪ੍ਰਵਾਸੀ ਪਰਿਵਾਰਾਂ ਵਿਚੋਂ ਇੱਕ-ਤਿਹਾਈ ਤੋਂ ਥੋੜ੍ਹਾ ਵੱਧ (33.43 ਫ਼ੀਸਦੀ) ਪਰਿਵਾਰ ਭੂਮੀਹੀਣ ਸਨ। ਤਕਰੀਬਨ 30 ਫ਼ੀਸਦੀ ਪਰਿਵਾਰਾਂ ਕੋਲ 2.5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 26.8, 3.59, 3.31, ਅਤੇ 2.48 ਫ਼ੀਸਦੀ ਪਰਿਵਾਰਾਂ ਦਾ ਨੰਬਰ ਆਉਂਦਾ ਹੈ, ਜਿਨ੍ਹਾਂ ਕੋਲ ਕ੍ਰਮਵਾਰ 2.51 ਤੋਂ 5 ਏਕੜ, 7.51 ਤੋਂ 10 ਏਕੜ ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ। ਦੁਆਬੇ ਦੇ ਕੁੱਲ ਪਰਿਵਾਰਾਂ ਵਿਚੋਂ ਸਭ ਤੋਂ ਵੱਧ ਪਰਿਵਾਰਾਂ (32.16 ਫ਼ੀਸਦੀ) ਕੋਲ 2.51 ਤੋਂ 5 ਏਕੜ ਤੱਕ ਜ਼ਮੀਨ ਸੀ। ਲਗਭਗ 18 ਫ਼ੀਸਦੀ ਪਰਿਵਾਰਾਂ ਕੋਲ 2.5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 9.48, 7.72 ਅਤੇ 5.57 ਫ਼ੀਸਦੀ ਪ੍ਰਵਾਸੀਆਂ ਦੇ ਪਰਿਵਾਰਾਂ ਕੋਲ ਕ੍ਰਮਵਾਰ 5.01 ਤੋਂ 7.5 ਏਕੜ, 7.51 ਤੋਂ 10 ਏਕੜ, ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ। ਕੁੱਲ ਪਰਿਵਾਰਾਂ ਵਿਚੋਂ 26.3 ਫ਼ੀਸਦੀ ਪ੍ਰਵਾਸੀਆਂ ਦੇ ਪਰਿਵਾਰਾਂ ਕੋਲ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ ਪਰਿਵਾਰਾਂ ਵਿਚੋਂ ਸਭ ਤੋਂ ਵੱਧ ਪਰਿਵਾਰਾਂ (26.87 ਫ਼ੀਸਦੀ) ਕੋਲ 2.51 ਤੋਂ 5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 18.25, 15.25, 14.26 ਅਤੇ 10.05 ਫ਼ੀਸਦੀ ਪ੍ਰਵਾਸੀਆਂ ਦੇ ਪਰਿਵਾਰਾਂ ਕੋਲ ਕ੍ਰਮਵਾਰ 10 ਏਕੜ ਤੋਂ ਵੱਧ, 7.51 ਤੋਂ 10 ਏਕੜ, 2.5 ਏਕੜ ਤੱਕ, 5.01 ਤੋਂ 7.5 ਏਕੜ ਦੇ ਦਾਇਰੇ ਵਿੱਚ ਜ਼ਮੀਨਾਂ ਸਨ। ਇਸ ਖੇਤਰ ਵਿਚੋਂ ਪ੍ਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ 15.32 ਫ਼ੀਸਦੀ ਪਰਿਵਾਰ ਭੂਮੀਹੀਣ ਪਾਏ ਗਏ।

ਪੰਜਾਬ ਦੇ ਤਿੰਨੋ ਭੂਗੋਲਿਕ ਖੇਤਰਾਂ ਵਿੱਚ ਮੰਜ਼ਿਲ ਵਾਲੇ ਦੇਸ਼ਾਂ ਦੀ ਸੂਚੀ ਬਹੁਤ ਲੰਮੀ ਹੈ। ਮਾਝੇ ਵਿਚ ਕੌਮਾਂਤਰੀ ਪ੍ਰਵਾਸੀਆਂ ਦੁਆਰਾ ਸਭ ਤੋਂ ਵੱਧ ਤਰਜੀਹ ਵਾਲੇ ਦੇਸ਼-ਕੈਨੇਡਾ, ਆਸਟ੍ਰੇਲੀਆ, ਬਹਿਰੀਨ, ਕਤਰ, ਯੂ.ਕੇ., ਯੂ.ਐੱਸ.ਏ., ਅਤੇ ਯੂ.ਏ.ਈ. ਸਨ, ਜਿੱਥੇ ਇਸ ਖੇਤਰ ਵਿਚੋਂ ਸਰਵੇਖਣ ਕੀਤੇ ਗਏ ਪਰਿਵਾਰਾਂ ਵਿਚੋਂ ਕ੍ਰਮਵਾਰ 76, 67, 47, 38, 36, 34, ਅਤੇ 28 ਵਿਅਕਤੀਆਂ ਨੇ ਪ੍ਰਵਾਸ ਕੀਤਾ। ਦੁਆਬੇ ਵਿਚੋਂ ਜ਼ਿਆਦਾਤਰ ਪ੍ਰਵਾਸੀਆਂ ਅਰਥਾਤ 3273 ਵਿਅਕਤੀਆਂ ਨੇ ਕੈਨੇਡਾ ਨੂੰ ਮੰਜ਼ਿਲ ਵਾਲੇ ਦੇਸ਼ ਵਜੋਂ ਚੁਣਿਆ, ਜਿਸ ਤੋਂ ਬਾਅਦ 154, 121, 114, 90, 43, 43, 28, 27, ਅਤੇ 24 ਵਿਅਕਤੀ ਕ੍ਰਮਵਾਰ ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਆਸਟ੍ਰੇਲੀਆ, ਨਿਊਜ਼ੀਲੈਂਡ, ਕੁਵੈਤ, ਜਰਮਨੀ, ਅਤੇ ਸਪੇਨ ਗਏ। ਇਸੇ ਤਰ੍ਹਾਂ ਮਾਲਵੇ ਵਿਚੋਂ ਕੌਮਾਂਤਰੀ ਪ੍ਰਵਾਸੀਆਂ ਲਈ ਪਸੰਦੀਦਾ ਦੇਸ਼-ਕੈਨੇਡਾ, ਆਸਟ੍ਰੇਲੀਆ, ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਨਿਊਜ਼ੀਲੈਂਡ, ਮਲੇਸ਼ੀਆ, ਅਤੇ ਫਿਲੀਪੀਨਜ਼ ਸਨ, ਜਿੱਥੇ ਕ੍ਰਮਵਾਰ 719, 171, 108, 72, 67, 40, 37, 34, ਅਤੇ 33 ਵਿਅਕਤੀਆਂ ਨੇ ਪ੍ਰਵਾਸ ਕੀਤਾ।







(ਚਲਦਾ)

**ਅੰਤਰਰਾਸ਼ਟਰੀ ਮਾਂ-ਬੋਲੀ ਦਿਹਾੜੇ 'ਤੇ ਵਿਸ਼ੇਸ਼**

# ਕੈਨੇਡਾ 'ਚ ਜਾਰੀ ਹੈ ਪੰਜਾਬੀ ਬੋਲੀ ਦੇ ਵਿਕਾਸ ਦਾ ਸਫ਼ਰ



ਡਾ. ਗੁਰਵਿੰਦਰ ਸਿੰਘ
001-604-825-1550







ਕੈਨੇਡਾ ਬਹੁ-ਸਭਿਆਚਾਰਕ ਅਤੇ ਬਹੁ-ਭਾਸ਼ਾਈ ਦੇਸ਼ ਹੈ। ਇੱਥੇ 'ਇੱਕ ਰਾਸ਼ਟਰ ਅਤੇ ਇੱਕ ਭਾਸ਼ਾ' ਦਾ ਧਰੁਵੀਕਰਨ ਵਾਲਾ ਫਾਰਮੂਲਾ ਨਹੀਂ ਚੱਲਦਾ। ਕੈਨੇਡਾ ਵਿੱਚ ਚਾਹੇ ਸਰਕਾਰੀ ਤੌਰ 'ਤੇ ਅੰਗਰੇਜ਼ੀ ਅਤੇ ਫਰੈਂਚ, ਦੋ ਭਾਸ਼ਾਵਾਂ ਨੂੰ ਕੰਮਕਾਜ ਲਈ ਪ੍ਰਮੁੱਖਤਾ ਦਿੱਤੀ ਗਈ ਹੈ, ਪਰ ਇੱਥੇ 200 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ 60 ਤੋਂ ਵੱਧ, ਮੂਲ-ਨਿਵਾਸੀਆਂ ਦੀਆਂ ਬੋਲੀਆਂ ਸ਼ਾਮਲ ਹਨ। ਕੈਨੇਡਾ ਵਿਚ ਪੰਜਾਬੀ ਬੋਲੀ ਦੀ ਚੜ੍ਹਦੀ ਕਲਾ ਦੀਆਂ ਮਿਸਾਲਾਂ ਪੰਜਾਬ ਦੀ ਧਰਤੀ 'ਤੇ ਵੀ ਦਿੱਤੀਆਂ ਜਾਂਦੀਆਂ ਹਨ।

ਕੈਨੇਡਾ ਵਸਦੇ ਪੰਜਾਬੀਆਂ ਅੰਦਰ ਮਾਂ-ਬੋਲੀ ਲਈ ਠਾਠਾਂ ਮਾਰਦੇ ਪਿਆਰ ਦੀ ਗੱਲ ਕਰਦਿਆਂ ਆਮ ਹੀ ਕਿਹਾ ਜਾਂਦਾ ਹੈ ਕਿ ਕੈਨੇਡਾ ਵਿਚ 'ਦੂਜਾ ਪੰਜਾਬ' ਵਸਦਾ ਹੈ। ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਸੌ ਸਾਲ ਤੋਂ ਵੱਧ ਸਮੇਂ ਤੋਂ ਇਥੇ ਵਸੇ ਪੰਜਾਬੀਆਂ ਨੇ ਆਪਣੀ ਬੋਲੀ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੈ। ਇਥੋਂ ਦੇ ਕਈ ਸ਼ਹਿਰਾਂ 'ਚ ਪੰਜਾਬ ਤੋਂ ਘੁੰਮਣ ਆਇਆ ਪੰਜਾਬੀ ਜਦੋਂ ਘਰੋਂ ਬਾਹਰ ਨਿਕਲਦਾ ਹੈ, ਤਾਂ ਉਸ ਨੂੰ ਭੁਲੇਖਾ ਪੈਣ ਲੱਗ ਪੈਂਦਾ ਹੈ ਕਿ ਉਹ ਸ਼ਾਇਦ ਪੰਜਾਬ ਦੇ ਕਿਸੇ ਸ਼ਹਿਰ 'ਚ ਘੁੰਮ ਰਿਹਾ ਹੋਵੇ। ਪੰਜਾਬੀ ਵਿਚ ਲੱਗੇ ਸਾਈਨ ਬੋਰਡ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਕੈਨੇਡਾ ਵਿੱਚ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਦੀ ਚੜ੍ਹਤ ਹੈ।

ਮਾਂ-ਬੋਲੀ ਪੰਜਾਬੀ ਨਾਲੋਂ ਟੁੱਟੇ ਪੰਜਾਬੀ, ਆਪਣੀ ਬੋਲੀ ਨਾਲ ਕੈਨੇਡਾ ਆ ਕੇ ਕਿਵੇਂ ਜੁੜਦੇ ਹਨ, ਇਸ ਦੀ ਮਿਸਾਲ ਉੱਘੇ ਸਾਹਿਤਕਾਰ ਰਾਜਿੰਦਰ ਸਿੰਘ ਬੇਦੀ ਦੇ ਪੋਤਰੇ ਤੇ ਫ਼ਿਲਮ ਨਿਰਮਾਤਾ ਨਰਿੰਦਰ ਬੇਦੀ ਦੇ ਪੁੱਤਰ, ਫਿਲਮ ਅਦਾਕਾਰ ਅਤੇ ਨਿਰਮਾਤਾ ਰਜਤ ਬੇਦੀ ਨੇ ਸਾਂਝੀ ਕੀਤੀ। ਉਸਨੇ ਕਿਹਾ ਕਿ ਬੰਬਈ ਵਿਚ ਰਹਿੰਦਿਆਂ ਉਹ ਪੰਜਾਬੀ ਨਹੀਂ ਸੀ ਬੋਲਦਾ, ਪਰ ਜਦੋਂ ਉਹ ਕੈਨੇਡਾ ਆਇਆ, ਤਾਂ ਇਥੇ ਆ ਕੇ ਨਾ ਸਿਰਫ਼ ਪੰਜਾਬੀ ਬੋਲਣ ਹੀ ਲੱਗਿਆ, ਸਗੋਂ ਪੰਜਾਬੀ ਫਿਲਮਾਂ ਵੱਲ ਵੀ ਉਤਸ਼ਾਹਤ ਹੋ ਗਿਆ। ਰਜਤ ਬੇਦੀ ਨੇ ਕਿਹਾ ਕਿ ਉਸ ਨੂੰ ਅਤੇ ਉਸ ਵਰਗੇ ਅਨੇਕਾਂ ਹੋਰਨਾਂ ਨੂੰ ਕੈਨੇਡਾ ਨੇ ਪੰਜਾਬ ਨਾਲ ਜੁੜਿਆ ਹੈ।

ਕੈਨੇਡਾ ਦੀਆਂ ਵੱਖ-ਵੱਖ ਸਮੇਂ ਦੀਆਂ ਮਰਦਮਸ਼ੁਮਾਰੀਆਂ ਦੇ ਅੰਕੜੇ ਇਥੇ ਪੰਜਾਬੀ ਦੀ ਤਰੱਕੀ ਦੀ ਗਵਾਹੀ ਭਰਦੇ ਹਨ। ਇਨ੍ਹਾਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕੈਨੇਡਾ ਦੀ ਕੁੱਲ ਗਿਣਤੀ ਦੇ ਹਿਸਾਬ ਨਾਲ 0.43 ਫ਼ੀਸਦੀ ਤੋਂ 2 ਫ਼ੀਸਦੀ ਦੇ ਨੇੜੇ ਜਾ ਪਹੁੰਚੀ ਹੈ। ਕੈਨੇਡਾ ਦੀ ਮੌਜੂਦਾ ਸਮੇਂ ਆਬਾਦੀ 3 ਕਰੋੜ 86 ਲੱਖ ਤੱਕ ਪਹੁੰਚ ਚੁੱਕੀ ਹੈ। ਜੇਕਰ ਕੈਨੇਡਾ 'ਚ ਪੰਜਾਬੀਆਂ ਵਲੋਂ ਆਪਣੀ ਮਾਂ-ਬੋਲੀ ਪੰਜਾਬੀ ਲਿਖਵਾਉਣ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇਹ 1991 ਵਿੱਚ 113,220 (0.43 ਫ਼ੀਸਦੀ), 1996 ਵਿੱਚ 201, 780 (0.70 ਫ਼ੀਸਦੀ), 2001 ਵਿੱਚ 271, 220 (0.90 ਫ਼ੀਸਦੀ), 2006 ਵਿੱਚ 367, 505 (1.18 ਫ਼ੀਸਦੀ), 2011 ਵਿੱਚ 459, 990 (1.30 ਫ਼ੀਸਦੀ) 2016 ਵਿੱਚ 543, 495 (1.7 ਫ਼ੀਸਦੀ) ਅਤੇ 2021 ਵਿੱਚ 763, 785 (2 ਫੀਸਦੀ) ਤੱਕ ਪਹੁੰਚ ਚੁੱਕੀ ਹੈ, ਜਦਕਿ ਅਗਲੀ ਮਰਦਮਸ਼ੁਮਾਰੀ 2026 ਵਿੱਚ ਹੋਵੇਗੀ।

ਮਰਦਮ ਸ਼ੁਮਾਰੀ ਦੇ ਇਕ ਹੋਰ ਵਰਗ ਅਨੁਸਾਰ ਘਰਾਂ ਵਿੱਚ ਬਹੁਤਾ ਸਮਾਂ ਪੰਜਾਬੀ ਬੋਲਣ ਵਾਲਿਆਂ ਦੀ 2021 ਦੀ ਮਰਦਮਸ਼ੁਮਾਰੀ ਦੌਰਾਨ ਗਿਣਤੀ 827,150 ਹੈ, ਜਦ ਕਿ ਕੈਨੇਡਾ ਦੀਆਂ ਨਾਨ-ਆਫੀਸ਼ੀਅਲ ਬੋਲੀਆਂ ਤੋਂ ਇਲਾਵਾ ਪੰਜਾਬੀ ਬੋਲੀ ਦੀ ਜਾਣਕਾਰੀ ਰੱਖਣ ਵਾਲਿਆਂ ਦੀ ਸੰਖਿਆ 942, 170 ( 2016 ਤੋਂ 41 ਗੁਣਾ ਵੱਧ) ਹੈ। 2021 ਦੀ ਮਰਦਮਸ਼ੁਮਾਰੀ ਅਨੁਸਾਰ ਕੈਨੇਡਾ ਵਿਚ ਪੰਜਾਬੀ ਬੋਲਣ ਵਾਲਿਆਂ ਵਿੱਚ ਪਹਿਲੇ ਨੰਬਰ 'ਤੇ ਉਨਟੈਰੀਉ ਪ੍ਰੋਵਿੰਸ (397, 865), ਦੂਜੇ 'ਤੇ ਬ੍ਰਿਟਿਸ਼ ਕਲੰਬੀਆ (315,000) ਅਤੇ ਤੀਜੀ ਨੰਬਰ 'ਤੇ ਐਲਬਰਟਾ (126,365) ਆਉਂਦਾ ਹੈ।




ਇਹ ਆਮ ਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਕੈਨੇਡਾ 'ਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਤੀਜੀ ਬੋਲੀ ਹੈ। ਅਸੀਂ ਬਹੁਤ ਖੁਸ਼ ਹੁੰਦੇ ਹਾਂ ਕਿ ਪੰਜਾਬੀ ਕੈਨੇਡਾ ਵਿੱਚ ਸਭ ਤੋਂ ਵੱਧ, ਤੇਜ਼ੀ ਨਾਲ ਵਧ ਰਹੀ ਹੈ। ਇਹ ਜਾਣ ਕੇ ਅੱਜ ਪੰਜਾਬੀਆਂ ਨੂੰ ਹੈਰਾਨੀ ਹੋਵੇਗੀ ਕਿ ਪਹਿਲਾਂ ਪੰਜਾਬੀ ਦਾ ਸਥਾਨ ਤੀਜਾ ਹੁੰਦਾ ਸੀ, ਪਰ ਹੁਣ ਇਹ ਨਹੀਂ ਰਿਹਾ, ਜਿਸ ਦੀ ਸਹੀ ਤਸਵੀਰ ਪੰਜਾਬੀਆਂ ਤੱਕ ਪਹੁੰਚਾਉਣੀ ਜ਼ਰੂਰੀ ਹੈ। ਇਹ ਕੌੜੀ ਸਚਾਈ ਹੈ ਕਿ ਕੈਨੇਡਾ 'ਚ ਪੰਜਾਬੀ ਬੋਲੀ ਤੀਜੇ ਸਥਾਨ ਤੋਂ ਖਿਸਕ ਕੇ ਪੰਜਵੇਂ ਸਥਾਨ 'ਤੇ ਪਹੁੰਚ ਗਈ ਹੈ।

ਬੋਲੀ ਆਧਾਰਿਤ ਅੰਕੜਿਆਂ ਅਨੁਸਾਰ ਸੰਨ 2011 ਦੀ ਜਨਗਣਨਾ ਅਨੁਸਾਰ ਅੰਗਰੇਜ਼ੀ ਤੇ ਫਰੈਂਚ ਤੋਂ ਮਗਰੋਂ, ਇਮੀਗਰੇਂਟ ਭਾਈਚਾਰਿਆਂ ਦੀਆਂ ਮਾਂ-ਬੋਲੀਆਂ ਦੀ ਸੂਚੀ 'ਚ ਪੰਜਾਬੀ ਪਹਿਲੇ ਥਾਂ 'ਤੇ ਸੀ, ਭਾਵ ਕੁੱਲ ਮਿਲਾ ਕੇ ਤੀਜੇ ਸਥਾਨ 'ਤੇ ਸੀ। ਸੰਨ 2011 ਦੇ ਅੰਕੜਿਆਂ ਮੁਤਾਬਿਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 459, 990 ਸੀ, ਜਦ ਕਿ ਚੀਨੀ ਭਾਈਚਾਰੇ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ 'ਚ ਕੈਂਟਨੀਜ਼ ਬੋਲਣ ਵਾਲੇ 388, 935 ਅਤੇ ਮੈਂਡਰੀਨ ਬੋਲਣ ਵਾਲੇ 255,160 ਸਨ। ਪੰਜ ਸਾਲਾਂ ਮਗਰੋਂ 2016 ਦੇ ਅੰਕੜਿਆਂ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 18.2 ਫ਼ੀਸਦੀ ਵਧਣ ਨਾਲ ਇਹ ਸੰਖਿਆ 543, 495 ਹੋ ਗਈ ਤੇ ਮਹਿਜ 85,505 ਹੋਰ ਪੰਜਾਬੀਆਂ ਨੇ, ਪੰਜ ਸਾਲਾਂ 'ਚ ਮਾਂ-ਬੋਲੀ ਪੰਜਾਬੀ ਲਿਖਵਾਈ। ਦੂਜੇ ਪਾਸੇ ਮੈਂਡਰੀਨ ਬੋਲਣ ਵਾਲੇ 610,835 ਅਤੇ ਕੈਂਟਨੀਜ਼ ਬੋਲਣ ਵਾਲੇ 594,030 ਦੀ ਗਿਣਤੀ ਤੱਕ ਪਹੁੰਚ ਗਏ। ਇੰਜ ਪੰਜਾਬੀ ਬੋਲਣ ਵਾਲੇ ਤੀਜੇ ਥਾਂ ਤੋਂ ਪੰਜਵੇਂ 'ਤੇ ਆ ਡਿਗੇ, ਜਦ ਕਿ ਤੀਜੀ ਤੇ ਚੌਥੀ ਥਾਂ ਮੈਂਡਰੀਨ ਤੇ ਕੈਂਟਨੀਜ਼ ਨੇ ਲੈ ਲਈ। 21 ਮਈ 2021 ਦੀ ਮਰਦਮਸ਼ੁਮਾਰੀ ਦੀ ਗੱਲ ਕਰਦੇ ਹਾਂ, ਤਾਂ ਅੰਕੜਿਆਂ ਦੇ ਹਿਸਾਬ ਨਾਲ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 942,170 ਪੰਜਵੇਂ ਸਥਾਨ 'ਤੇ ਹੈ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਸ ਵਰਗ ਵਿਚ ਅੰਗਰੇਜ਼ੀ ਅਤੇ ਫਰੈਂਚ ਤੋਂ ਮਗਰੋਂ, ਤੀਜੇ ਨੰਬਰ 'ਤੇ ਸਪੈਨਿਸ਼ (1,171,450) ਅਤੇ ਚੌਥੇ ਨੰਬਰ 'ਤੇ ਮੈਂਡਰੀਨ ਚੀਨੀ ਬੋਲੀ (987, 300 ) ਹੈ।

ਅਸੀਂ ਕਹਿ ਸਕਦੇ ਹਾਂ ਕਿ ਜਿੱਥੇ ਕੈਨੇਡਾ ਵਿੱਚ ਪੰਜਾਬੀ ਬੋਲੀ ਦੀਆਂ ਵੱਡੀਆਂ ਪ੍ਰਾਪਤੀਆਂ ਹਨ, ਉਥੇ ਅਜੇ ਵੀ ਕਈ ਤਰ੍ਹਾਂ ਦੀਆਂ ਚੁਣੌਤੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਮਰਦਮਸ਼ੁਮਾਰੀ ਸਮੇਂ ਪੰਜਾਬੀਆਂ ਵਲੋਂ ਮਾਂ-ਬੋਲੀ ਲਿਖਵਾਉਣ ਲਈ ਉਤਸ਼ਾਹ ਅਜੇ ਵੀ ਓਨਾ ਨਹੀਂ, ਜਿੰਨਾ ਹੋਣਾ ਚਾਹੀਦਾ ਹੈ। ਕੈਨੇਡਾ ਵਿਚ ਘੱਟੋ-ਘੱਟ 5 ਲੱਖ ਤੋਂ ਵੱਧ ਗਿਣਤੀ ਵਿੱਚ ਅਜਿਹੇ ਹੋਰ ਪੰਜਾਬੀ ਵੀ ਵਸਦੇ ਹਨ, ਜਿਹੜੇ ਮਰਦਮਸ਼ੁਮਾਰੀ ਦੌਰਾਨ ਆਪਣੀ ਮਾਂ-ਬੋਲੀ ਪੰਜਾਬੀ ਨਹੀਂ ਲਿਖਵਾਉਂਦੇ ਜਾਂ ਮਰਦਮਸ਼ੁਮਾਰੀ ਵਿੱਚ ਮਾਂ- ਬੋਲੀ ਵਾਲੇ ਖਾਨੇ ਭਰਦੇ ਹੀ ਨਹੀਂ। ਇਥੇ ਦੱਸਣਯੋਗ ਹੈ ਕਿ ਕੈਨੇਡਾ ਵਿੱਚ ਆਏ ਸੈਲਾਨੀ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਵਰਕ ਪਰਮਿਟ ਵਾਲੇ ਪੰਜਾਬੀ ਵੀ ਮਰਦਮ ਸ਼ੁਮਾਰੀ ਵਿਚ ਅਪਣੇ ਫ਼ਾਰਮਾਂ ਵਿਚ ਮਾਂ ਬੋਲੀ ਪੰਜਾਬੀ ਲਿਖ ਸਕਦੇ ਹਨ।

ਕੈਨੇਡਾ ਦੇ ਪੰਜਾਬੀ ਮੀਡੀਏ ਵਲੋਂ ਵਾਰ-ਵਾਰ ਪ੍ਰਚਾਰਨ ਦੇ ਬਾਵਜੂਦ, ਬਹੁਤ ਸਾਰੇ ਪੰਜਾਬੀ ਕਾਗਜ਼ਾਂ 'ਚ ਆਪਣੀ ਮਾਂ-ਬੋਲੀ ਲਿਖਵਾਉਣ ਤੋਂ ਹੀ ਘੇਸਲ ਮਾਰ ਜਾਂਦੇ ਹਨ। ਜੇ ਰੁਝਾਨ ਇਹੀ ਰਿਹਾ ਤਾਂ 2026 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਬੋਲੀ ਦਾ ਪੰਜਵਾਂ ਸਥਾਨ ਵੀ ਖੁੱਸਣ ਵਿੱਚ ਦੇਰ ਨਹੀਂ ਲੱਗਣੀ।

ਦੂਜੀ ਗੱਲ ਇਹ ਹੈ ਕਿ ਪੰਜਾਬੀ ਕੈਨੇਡਾ 'ਚ ਅਜੇ ਵੀ ਵਿਦੇਸ਼ੀ ਭਾਸ਼ਾ ਹੀ ਹੈ, ਕੈਨੇਡੀਅਨ ਭਾਸ਼ਾ ਵਜੋਂ ਮਾਨਤਾ ਹਾਸਲ ਨਹੀਂ ਕਰ ਸਕੀ। ਇਹ ਗੱਲ ਜ਼ਿਕਰਯੋਗ ਹੈ ਕਿ ਕੈਨੇਡਾ ਵਿੱਚ ਦੋ ਮੁੱਖ ਭਾਸ਼ਾਵਾਂ ਅੰਗਰੇਜ਼ੀ ਤੇ ਫਰੈਂਚ ਦਫ਼ਤਰੀ ਰੂਪ 'ਚ ਸਰਕਾਰੀ ਭਾਸ਼ਾਵਾਂ ਹਨ, ਪਰ ਇਥੇ ਰਾਸ਼ਟਰੀ ਭਾਸ਼ਾ ਦੇ ਨਾਂਅ 'ਤੇ ਝਗੜੇ ਖੜ੍ਹੇ ਕਰਨ ਵਾਲਾ ਅਜਿਹਾ ਕੋਈ ਰੇੜਕਾ ਨਹੀਂ, ਜਿਵੇਂ ਕਿ ਭਾਰਤ 'ਚ ਹਿੰਦੀ ਨੂੰ ਲੈ ਕੇ 'ਇਕ ਭਾਸ਼ਾ ਤੇ ਇਕ ਰਾਸ਼ਟਰ' ਆਦਿ ਦੇ ਬੇਤੁਕੇ ਨਾਅਰੇ ਲਾਏ ਜਾਂਦੇ ਹਨ।

ਇਥੇ ਚੁਣੌਤੀ ਇਹ ਹੈ ਕਿ ਇਮੀਗਰਾਂਟ ਭਾਈਚਾਰੇ ਦੀ ਬੋਲੀ ਹੋਣ ਕਾਰਨ ਪੰਜਾਬੀ ਅਜੇ ਵੀ ਸੰਘਰਸ਼ ਦੇ ਦੌਰ 'ਚੋਂ ਗੁਜ਼ਰ ਰਹੀ ਹੈ। ਅੱਜ ਕੈਨੇਡਾ 'ਚ ਵਸਦੇ ਪੰਜਾਬੀ ਜੇਕਰ ਆਪਣੀ ਨਾਗਰਿਕਤਾ ਕਾਰਨ 'ਕੈਨੇਡੀਅਨ' ਹਨ ਤਾਂ ਫਿਰ ਉਨ੍ਹਾਂ ਦੀ ਬੋਲੀ ਵਿਦੇਸ਼ੀ ਕਿਵੇਂ ਹੋਈ? ਜੇਕਰ ਪਾਰਲੀਮੈਂਟ 'ਚ ਪੰਜਾਬੀਆਂ ਦੀ ਗਿਣਤੀ ਡੇਢ ਦਰਜਨ ਹੈ ਤੇ ਕਈ ਸੂਬਿਆਂ ਵਿੱਚ ਵੀ ਪੰਜਾਬੀ ਸਿਆਸਤਦਾਨਾਂ ਦਾ ਬੋਲਬਾਲਾ ਹੈ, ਫਿਰ ਉਹ ਆਪਣੀ ਮਾਂ-ਬੋਲੀ ਲਈ ਦ੍ਰਿੜ੍ਹ ਇਰਾਦਾ ਕਿਉਂ ਨਹੀਂ ਰੱਖਦੇ? ਯਕੀਨਨ ਤੌਰ 'ਤੇ ਜੇਕਰ ਸਾਡੇ ਰਾਜਸੀ ਲੀਡਰ ਪ੍ਰਣ ਕਰਨ ਕਿ ਉਨ੍ਹਾਂ ਪੰਜਾਬੀ ਨੂੰ ਕੈਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣੀ ਹੈ ਤੇ ਵਿਦੇਸ਼ੀ ਬੋਲੀ ਨਹੀਂ ਰਹਿਣ ਦੇਣਾ, ਤਾਂ ਪੰਜਾਬੀ ਵੀ ਕੈਨੇਡਾ 'ਚ ਬੇਗਾਨੀ ਨਹੀਂ ਰਹੇਗੀ ਤੇ ਉਹ ਕੈਨੇਡਾ ਦੀ ਬੋਲੀ ਵਜੋਂ ਮਾਨਤਾ ਹਾਸਲ ਕਰ ਲਵੇਗੀ।

ਤੀਜੀ ਗੱਲ, ਪੰਜਾਬੀ ਮਾਪਿਆਂ 'ਤੇ ਆਉਂਦੀ ਹੈ। ਜੇਕਰ ਬੀ.ਸੀ. ਸੂਬੇ ਦੀ ਹੀ ਗੱਲ ਕਰੀਏ ਤਾਂ ਇਥੋਂ ਦੇ ਸਾਬਕਾ ਵਿੱਦਿਆ ਮੰਤਰੀ ਮਨਮੋਹਣ ਸਿੰਘ ਮੋਅ ਸਹੋਤਾ ਦੇ ਉੱਦਮ ਨਾਲ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲ ਗਿਆ ਸੀ ਤੇ ਪੰਜਾਬੀ ਸਕੂਲਾਂ 'ਚ ਪੜ੍ਹਾਉਣ ਦਾ ਰਾਹ ਪੱਧਰਾ ਹੋ ਗਿਆ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪੜ੍ਹਾਉਣ ਵਾਲੇ ਸਕੂਲ, ਅਕੈਡਮੀਆਂ ਤੇ ਹੋਰ ਅਦਾਰੇ ਆਪੋ-ਆਪਣੇ ਉਪਰਾਲੇ ਕਰ ਰਹੇ ਹਨ ਪਰ ਪਬਲਿਕ ਸਕੂਲਾਂ 'ਚ ਪੰਜਾਬੀ ਪੜ੍ਹਾਈ ਜਾਣ ਲਈ ਬੱਚਿਆਂ ਦਾ ਨਾਂ ਖ਼ਾਸ ਤੌਰ 'ਤੇ ਦਾਖ਼ਲ ਕਰਨ ਦੀ ਲੋੜ ਹੁੰਦੀ ਹੈ।

ਕੈਨੇਡਾ 'ਚ ਪੰਜਾਬੀ ਬੋਲੀ ਲਈ ਸਭ ਤੋਂ ਵੱਧ ਚਿੰਤਾ ਦੀ ਗੱਲ ਅੱਜ ਇਹ ਹੈ ਕਿ ਇਥੇ ਪੰਜਾਬੀ ਨੂੰ ਗਿਣੇ-ਮਿਥੇ ਢੰਗ ਨਾਲ ਖੂੰਜੇ ਲਾਉਣ ਦੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ। ਪੰਜਾਬੀ ਬੋਲੀ ਦੇ ਨਾਂ 'ਤੇ ਪੰਜਾਬੀ ਸੂਬਾ ਬਣਨ ਵੇਲੇ ਜਿਸ ਤਰ੍ਹਾਂ ਦੇ ਹਾਲਾਤ ਤੇ ਫ਼ਿਰਕੂ ਵਿਚਾਰ ਪੰਜਾਬ ਵਿਚ ਜ਼ੋਰ ਫੜ ਰਹੇ ਸਨ, ਅੱਜ ਉਹੀ ਸਥਿਤੀ ਕੈਨੇਡਾ ਵਿੱਚ ਬਣਦੀ ਜਾ ਰਹੀ ਹੈ।

ਕੈਨੇਡਾ 'ਚ ਜੇਕਰ ਸੰਘਣੀ ਪੰਜਾਬੀ ਵਸੋਂ ਵਾਲੇ ਇਲਾਕਿਆਂ ਦੀ ਗੱਲ ਕਰੀਏ ਤਾਂ ਇੱਥੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਸਿੱਖ, ਹਿੰਦੂ, ਮੁਸਲਮਾਨ ਭਾਵ ਵੱਖ-ਵੱਖ ਧਰਮਾਂ, ਰੰਗਾਂ, ਨਸਲਾਂ ਤੇ ਫ਼ਿਰਕਿਆਂ ਦੇ ਲੋਕ ਵਸਦੇ ਹਨ। ਇਥੋਂ ਤੱਕ ਕਿ 'ਭਾਰਤੀ ਪੰਜਾਬੀ' ਤੇ 'ਪਾਕਿਸਤਾਨੀ ਪੰਜਾਬੀ' ਵਾਲਾ ਫ਼ਰਕ ਵੀ ਇੱਥੇ ਨਜ਼ਰ ਨਹੀਂ ਆਉਂਦਾ, ਬਲਕਿ ਸਾਰੇ 'ਕੈਨੇਡੀਅਨ ਪੰਜਾਬੀ' ਹੀ ਅਖਵਾਉਂਦੇ ਹਨ। ਉਂਜ ਵੀ ਅਸੀਂ ਅਕਸਰ ਆਖਦੇ ਹਾਂ ਕਿ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਭਾਰਤੀ ਪੰਜਾਬ ਨਾਲੋਂ ਕਿਤੇ ਵੱਧ ਹੈ। ਕੈਨੇਡਾ ਵਿਚ ਪੰਜਾਬੀ ਆਬਾਦੀ ਵਾਲੇ ਸ਼ਹਿਰਾਂ 'ਚ ਵਸਣ ਵਾਲੇ ਲਹਿੰਦੇ ਪੰਜਾਬ ਦੇ ਪੰਜਾਬੀ ਜ਼ਿਆਦਾਤਰ ਲਾਹੌਰ ਦੇ ਨੇੜੇ-ਤੇੜੇ ਦੇ ਹੀ ਹਨ। ਉਨ੍ਹਾਂ 'ਚੋਂ ਵਧੇਰੇ ਬੋਲਦੇ ਵੀ ਪੰਜਾਬੀ ਹੀ ਹਨ, ਪਰ ਸਭ ਤੋਂ ਵੱਧ ਦੁਖਦਾਈ ਗੱਲ ਇਹ ਹੈ ਕਿ ਕੈਨੇਡਾ ਦੀ ਮਰਦਮਸ਼ੁਮਾਰੀ ਵਿਚ ਜਦੋਂ ਉਨ੍ਹਾਂ ਮਾਂ-ਬੋਲੀ ਲਿਖਾਉਣੀ ਹੁੰਦੀ ਹੈ, ਤਾਂ ਇੱਕਾ-ਦੁੱਕਾ ਨੂੰ ਛੱਡ ਕੇ ਕੋਈ ਵੀ ਮਾਂ-ਬੋਲੀ ਪੰਜਾਬੀ ਨਹੀਂ ਲਿਖਦਾ, ਬਲਕਿ ਉਰਦੂ ਹੀ ਲਿਖਵਾਉਂਦੇ ਹਨ।

ਹੁਣ ਗੱਲ ਕਰੀਏ ਭਾਰਤੀ ਪੰਜਾਬ ਦੇ ਕੈਨੇਡਾ ਵਸਦੇ ਭਾਈਚਾਰਿਆਂ ਦੀ। ਇਥੇ ਜ਼ਿਕਰਯੋਗ ਹੈ ਕਿ ਕੈਨੇਡਾ ਦੇ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰਾਂ 'ਚ ਪੰਜਾਬ ਦੇ ਪਿੰਡਾਂ-ਸ਼ਹਿਰਾਂ ਨਾਲ ਸਬੰਧਿਤ ਸਿੱਖ ਤੇ ਹਿੰਦੂ ਹੀ ਵਧੇਰੇ ਹਨ, ਜਦਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਤੋਂ ਆਏ ਪ੍ਰਵਾਸੀ ਭਾਰਤੀ ਭਾਈਚਾਰੇ 'ਚੋਂ ਵੀ ਕੇਰਲਾ, ਤਾਮਿਲ, ਗੁਜਰਾਤੀ, ਬੰਗਾਲੀ ਆਦਿ ਵਸਦੇ ਹਨ, ਜਿਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ ਹਨ ਤੇ ਉਹ ਕੈਨੇਡਾ ਤੇ ਭਾਰਤ ਅੰਦਰ ਵੀ ਉਨ੍ਹਾਂ ਭਾਸ਼ਾਵਾਂ ਨੂੰ ਹੀ

(ਬਾਕੀ ਸਫ਼ਾ 30 'ਤੇ)

# ਚਾਈਨਾ ਡੋਰ ਨਾਲ ਕਿਤੇ ਕੱਟੀ ਨਾ ਜਾਵੇ ਜ਼ਿੰਦਗੀ ਦੀ ਡੋਰ



## ਪੰਛੀਆਂ ਦੇ ਨਾਲ ਮਨੁੱਖ ਲਈ ਵੀ ਹਾਨੀਕਾਰਕ ਹੈ ਚਾਈਨਾ ਡੋਰ

ਭਾਵੇਂ ਕਿ ਬਸੰਤ ਪੰਚਮੀ ਦਾ ਤਿਉਹਾਰ ਲੰਘ ਚੁੱਕਿਆ ਹੈ, ਪਰ ਫਿਰ ਵੀ ਪੰਜਾਬ ਦੇ ਵੱਖ- ਵੱਖ ਇਲਾਕਿਆਂ ਵਿੱਚ ਬੱਚਿਆਂ ਅਤੇ ਨੌਜਵਾਨਾਂ ਵੱਲੋਂ ਪਤੰਗਬਾਜੀ ਕੀਤੀ ਜਾ ਰਹੀ ਹੈ, ਪਰ ਦੁੱਖ ਦੀ ਗੱਲ ਇਹ ਹੈ ਕਿ ਪਤੰਗਬਾਜੀ ਦੇ ਸ਼ੌਕੀਨ ਅਕਸਰ ਪਤੰਗ ਉਡਾਉਣ ਲਈ ਚਾਈਨਾ ਡੋਰ ਦੀ ਵਰਤੋ ਕਰਦੇ ਹਨ। ਇਹ ਚਾਈਨਾ ਡੋਰ ਪੰਛੀਆਂ ਦੇ ਨਾਲ- ਨਾਲ ਮਨੁੱਖ ਲਈ ਵੀ ਹਾਨੀਕਾਰਕ ਹੈ। ਭਾਵੇਂ ਪੰਜਾਬ ਵਿੱਚ ਚਾਈਨਾ ਡੋਰ ਦੀ ਵਿਕਰੀ ’ਤੇ ਪਾਬੰਦੀ ਲੱਗੀ ਹੋਈ ਹੈ ਪਰ ਫਿਰ ਵੀ ਕਿਸੇ ਨਾ ਕਿਸੇ ਤਰੀਕੇ ਚਾਈਨਾ ਡੋਰ ਪਤੰਗਬਾਜੀ ਦੇ ਸ਼ੌਕੀਨਾਂ ਕੋਲ ਪਹੁੰਚ ਰਹੀ ਹੈ। ਹਰ ਦਿਨ ਹੀ ਚਾਈਨਾ ਡੋਰ ਕਾਰਨ ਕਿਸੇ ਪੰਛੀ ਜਾਂ ਇਨਸਾਨ ਦਾ ਨੁਕਸਾਨ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ।

ਬੀਤੇ ਦਿਨ ਜਲੰਧਰ ਦੇ ਆਦਮਪੁਰ ਸਥਿਤ ਦਾਣਾ ਮੰਡੀ ਵਿੱਚ ਡਾਕਖ਼ਾਨੇ ਨੇੜੇ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਇੱਕ 13 ਸਾਲ ਦੇ ਬੱਚੇ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਵੀ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਜਿਨ੍ਹਾਂ ਵਿੱਚ ਕਈ ਵਿਅਕਤੀ ਖਾਸ ਕਰਕੇ ਬੱਚੇ ਪ੍ਰਭਾਵਿਤ ਹੋ ਚੁੱਕੇ ਹਨ। ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਚਾਈਨਾ ਡੋਰ ਪੰਛੀਆਂ ਦੇ ਨਾਲ ਮਨੁੱਖਾਂ ਲਈ ਵੀ ਖਤਰਨਾਕ ਹੈ।



ਅੱਜ-ਕੱਲ੍ਹ ਬਜ਼ਾਰ ’ਚ ਚੀਨ ’ਚ ਬਣੇ ਪਤੰਗ ਅਤੇ ਡੋਰ ਕਾਫ਼ੀ ਵਿਕ ਰਹੇ ਹਨ। ਪਰ ਜਿਹੜੀ ਡੋਰ ਆਕਰਸ਼ਕ ਅਤੇ ਮਜ਼ਬੂਤ ਦਿਖਾਈ ਦਿੰਦੀ ਹੈ, ਉਹ ਮਨੁੱਖ ਨੂੰ ਹੀ ਬੁਰੀ ਤਰ੍ਹਾਂ ਜ਼ਖਮੀ ਕਰ ਸਕਦੀ ਹੈ। ਦਰਅਸਲ,ਕੁਝ ਲੋਕ ਆਪਣੀ ਪਤੰਗ ਨੂੰ ਕੱਟਣ ਤੋਂ ਬਚਾਉਣ ਲਈ ਚਾਈਨਾ ਡੋਰ ਦੀ ਵਰਤੋਂ ਕਰਦੇ ਹਨ, ਪਰ ਇਹ ਚਾਈਨਾ ਡੋਰ ਨਾ ਸਿਰਫ਼ ਅਸਮਾਨ ਵਿੱਚ ਉੱਡਦੇ ਪੰਛੀਆਂ ਨੂੰ ਜ਼ਖਮੀ ਕਰਦੀ ਹੈ, ਬਲਕਿ ਮਾਮੂਲੀ ਜਿਹੀ ਟੱਕਰ ਦੀ ਸਥਿਤੀ ਵਿੱਚ ਤੁਹਾਡੇ ਨਾਜ਼ਕ ਹੱਥਾਂ ਨੂੰ ਵੀ ਜ਼ਖਮੀ ਕਰ ਦਿੰਦੀ ਹੈ। ਇਸ ਤੋਂ ਇਲਾਵਾ ਅਕਸਰ ਰਾਹਗੀਰ ਅਤੇ ਹੋਰ ਲੋਕ ਵੀ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਜ਼ਖ਼ਮੀ ਹੋ ਜਾਂਦੇ ਹਨ। ਇਸ ਤਰਾਂ ਮਜ਼ਬੂਤ ਚਾਈਨਾ ਡੋਰ ਕਈ ਵਾਰ ਮਨੁੱਖ ਦੀ ਜ਼ਿੰਦਗੀ ਦੀ ਡੋਰ ਨੂੰ ਹੀ ਕੱਟ ਦਿੰਦੀ ਹੈ। ਚਾਈਨਾ ਡੋਰ ਤੋਂ ਬਚਣ ਲਈ ਕੁਝ ਸਾਵਧਾਨੀਆਂ ਰੱਖਣੀਆਂ ਜ਼ਰੂਰੀ ਹਨ। ਬਾਜ਼ਾਰ ਤੋਂ ਚਾਈਨਾ ਡੋਰ ਦੀ ਬਜਾਏ ਸਾਧਾਰਨ ਡੋਰ ਖ਼ਰੀਦਣੀ ਚਾਹੀਦੀ ਹੈ। ਇਹ ਬਿਲਕੁਲ ਵੀ ਖ਼ਤਰਨਾਕ ਨਹੀਂ ਹੈ ਅਤੇ ਨਾ ਹੀ ਇਹ ਕਿਸੇ ਜਾਨਵਰ ਜਾਂ ਪੰਛੀ ਨੂੰ ਜ਼ਖ਼ਮੀ ਕਰ ਸਕਦੀ ਹੈ।

ਜੇਕਰ ਚਾਈਨਾ ਡੋਰ ਗਲਤੀ ਨਾਲ ਘਰ ਵਿੱਚ ਦਾਖਲ ਹੋ ਗਈ ਹੈ, ਤਾਂ ਇਸ ਨੂੰ ਬੱਚਿਆਂ ਅਤੇ ਹੋਰ ਲੋਕਾਂ ਤੋਂ ਦੂਰ ਰੱਖੋ ਅਤੇ ਉਹਨਾਂ ਨੂੰ ਚਾਈਨਾ ਡੋਰ ਦੇ ਨੁਕਸਾਨ ਅਤੇ ਖ਼ਤਰੇ ਤੋਂ ਜਾਣੂ ਕਰਵਾਓ। ਪਤੰਗ ਉਡਾਉਂਦੇ ਸਮੇਂ ਖਾਸ ਧਿਆਨ ਰੱਖੋ। ਇੱਥੋਂ ਤੱਕ ਕਿ ਆਮ ਧਾਗੇ ਵਿੱਚ ਵੀ ਅਕਸਰ ਕੱਚ ਦਾ ਮਿਸ਼ਰਣ ਹੁੰਦਾ ਹੈ। ਇਹ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ।



ਜੇਕਰ ਬੱਚੇ ਇਕੱਠੇ ਪਤੰਗ ਉਡਾ ਰਹੇ ਹਨ ਤਾਂ ਬਜ਼ੁਰਗਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਬੱਚੇ ਕਿਸ ਤਰ੍ਹਾਂ ਦੀ ਡੋਰ ਦੀ ਵਰਤੋਂ ਕਰ ਰਹੇ ਹਨ। ਉੱਥੇ ਮੌਜੂਦ ਰਹੋ ਅਤੇ ਬੱਚਿਆਂ ’ਤੇ ਨਜ਼ਰ ਰੱਖੋ। ਜੇਕਰ ਪਤੰਗ ਕਿਤੇ ਉਲਝ ਜਾਂਦੀ ਹੈ ਜਾਂ ਟਕਰਾ ਜਾਂਦੀ ਹੈ ਤਾਂ ਉਸ ਨੂੰ ਖਿੱਚਣ ਦੀ ਕੋਸ਼ਿਸ਼ ਨਾ ਕਰੋ। ਇਸ ਨਾਲ ਸਵਾਲ ਵਿਚਲੀ ਵਸਤੂ ਨੂੰ ਨੁਕਸਾਨ ਹੋ ਸਕਦਾ ਹੈ, ਨਾਲ ਹੀ ਤੁਹਾਡੇ ਹੱਥ ਨੂੰ ਸੱਟ ਲੱਗ ਸਕਦੀ ਹੈ। ਕਿਸੇ ਸੁਰੱਖਿਅਤ ਥਾਂ ’ਤੇ ਖੜ੍ਹੇ ਹੋ ਕੇ ਪਤੰਗ ਉਡਾਓ ਅਤੇ ਇਸ ਗੱਲ ਦਾ ਖਾਸ ਖਿਆਲ ਰੱਖੋ ਕਿ ਪਤੰਗ ਕਿਸੇ ਨੂੰ ਹੱਥ ਨਾ ਲਵੇ। ਇਸ ਨਾਲ ਆਸਪਾਸ ਦੇ ਲੋਕ ਵੀ ਸੁਰੱਖਿਅਤ ਰਹਿਣਗੇ।ਬੱਚਿਆਂ ਨੂੰ ਚਾਈਨਾ ਡੋਰ ਤੋਂ ਦੂਰ ਰੱਖੋ ਅਤੇ ਇਸ ਨੂੰ ਨਾ ਖਰੀਦੋ।ਬਸੰਤ ਦੇ ਦਿਨਾਂ ਵਿੱਚ ਦੋ ਪਹੀਆ ਵਾਹਣਾਂ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰੋ।ਪਤੰਗਬਾਜੀ ਦੇ ਮੌਸਮ ਦੌਰਾਨ ਬੱਚਿਆਂ ਨੂੰ ਦੋ ਪਹੀਆ ਵਾਹਣਾਂ ਦੇ ਅੱਗੇ ਨਾ ਖੜ੍ਹਨ ਦਿਓ।ਜੇਕਰ ਮਜਬੂਰੀ ਵਿੱਚ ਬਾਹਰ ਜਾਣਾ ਪਵੇ ਤਾਂ ਦੋ ਪਹੀਆ ਵਾਹਨ ਦੀ ਸਪੀਡ ਬਹੁਤ ਘੱਟ ਰੱਖੋ। ਚਿਹਰੇ ਅਤੇ ਗਰਦਨ ਨੂੰ ਕੱਪੜੇ ਨਾਲ ਢੱਕ ਕੇ ਰੱਖੋ।ਓਵਰ ਬ੍ਰਿਜ ਆਦਿ ਤੋਂ ਲੰਘਣ ਸਮੇਂ ਵਧੇਰੇ ਸਾਵਧਾਨ ਰਹੋ।ਅਚਾਨਕ ਡੋਰ ਵਿੱਚ ਫਸ ਜਾਣ ’ਤੇ ਘਬਰਾਓ ਨਾ।

ਚਾਈਨਾ ਡੋਰ ਮਨੁੱਖਾਂ ਦੇ ਨਾਲ-ਨਾਲ ਪੰਛੀਆਂ ਆਦਿ ਲਈ ਵੀ ਘਾਤਕ ਸਿੱਧ ਹੋ ਰਹੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ’ਚ ਹੀ ਇਸ ਡੋਰ ਕਾਰਨ ਕਈ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ ਕਈ ਲੋਕ ਗੰਭੀਰ ਜ਼ਖਮੀ ਹੋ ਚੁੱਕੇ ਹਨ। ਇੰਨਾ ਹੀ ਨਹੀਂ ਇਸ ਡੋਰ ਵਿੱਚ ਫਸ ਕੇ ਸੈਂਕੜੇ ਪੰਛੀ ਆਪਣੀ ਜਾਨ ਗੁਆ ?ਚੁੱਕੇ ਹਨ, ਜਦੋਂ ਕਿ ਇਹ ਡੋਰ ਲਗਾਤਾਰ ਤਬਾਹੀ ਮਚਾ ਰਹੀ ਹੈ। ਇਹ ਡੋਰ ਸੜਕਾਂ ’ਤੇ ਘੁੰਮਦੇ ਲੋਕਾਂ ਖਾਸ ਕਰਕੇ ਦੋ ਪਹੀਆ ਵਾਹਨ ਚਾਲਕਾਂ ਲਈ ਬਹੁਤ ਖਤਰਨਾਕ ਸਾਬਤ ਹੋ ਰਹੀ ਹੈ। ਇਸ ਕਾਰਨ ਲੋਕ ਗੰਭੀਰ ਜ਼ਖਮੀ ਹੋ ਜਾਂਦੇ ਹਨ। ਅਜਿਹੇ ਵਿੱਚ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਸ ਮਾਰੂ ਧਾਗੇ ਤੋਂ ਦੂਰ ਰੱਖਣ ਤਾਂ ਜੋ ਉਨ੍ਹਾਂ ਦੇ ਬੱਚਿਆਂ ਦੇ ਨਾਲ-ਨਾਲ ਹੋਰ ਲੋਕ ਵੀ ਸੁਰੱਖਿਅਤ ਰਹਿ ਸਕਣ। ਇਹ ਮਸਲਾ ਹਰ ਕਿਸੇ ਦੇ ਬੱਚਿਆਂ ਅਤੇ ਆਮ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ, ਇਸ ਲਈ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਜੇਕਰ ਹਰ ਵਿਅਕਤੀ ਇਸ ਸਤਰ ਦੀ ਵਰਤੋਂ ਬੰਦ ਕਰਨਾ ਆਪਣਾ ਫਰਜ਼ ਸਮਝੇ, ਤਾਂ ਹੀ ਅਸੀਂ ਇਸ ਖਤਰਨਾਕ ਡੋਰ ਤੋਂ ਛੁਟਕਾਰਾ ਪਾ ਸਕਾਂਗੇ।

**DIAMOND TRANSPORTATION**

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਅਨੁਰਾਗ ਤੇ ਵੈਰਾਗ ਦੇ ਸੁਮੇਲ ਗੁਰੂ ਰਵਿਦਾਸ ਜੀ



ਸੰਤ ਸਤਵਿੰਦਰ ਹੀਰਾ

ਸ੍ਰੀ ਗੁਰੂ ਰਵਿਦਾਸ ਜੀ ਨੇ 1377 ਈਸਵੀ ਭਾਵ 1433 ਸੰਮਤ ਬਿਕਰਮੀ ਮਾਘ ਪੂਰਣਿਮਾ ਦਿਨ ਐਤਵਾਰ ਨੂੰ ਅਵਤਾਰ ਧਾਰਿਆ। ਆਪ ਜੀ ਦੇ ਪਿਤਾ ਜੀ ਦਾ ਨਾਂ ਸ੍ਰੀ ਸੰਤੋਖ ਦਾਸ ਉਰਫ਼ ਰਘੂ (ਰਾਘਵ) ਸੀ ਤੇ ਮਾਤਾ ਜੀ ਦਾ ਨਾਂ ਸ੍ਰੀਮਤੀ ਕਰਮਾ ਉਰਫ਼ ਕਲਸਾਂ ਦੇਵੀ ਸੀ। ਉੱਚ ਕੋਟੀ ਦੇ ਵਿਦਵਾਨਾਂ ਦੀ ਅਣਥੱਕ ਖੋਜ ਤੇ ਸੁੱਘੜ ਵਿਚਾਰਧਾਰਾ ਤੋਂ ਜਾਣਕਾਰੀ ਮਿਲਦੀ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਕਾਂਸ਼ੀ, ਬਨਾਰਸ, ਉੱਤਰ ਪ੍ਰਦੇਸ਼ ਵਿਚ ਹੋਇਆ। ਆਪ ਜੀ ਦਾ ਜਨਮ ਚਮਾਰ ਜਾਤੀ ਦੇ ਜੱਸਲ ਗੋਤਰ ਵਿੱਚ ਹੋਇਆ। ਉਸ ਸਮੇਂ ਵੱਖ-ਵੱਖ ਰਿਆਸਤਾਂ ਤੇ ਭਿੰਨ-ਭਿੰਨ ਲਿਪੀਆਂ ਹੋਣ ਕਰਕੇ ਸ੍ਰੀ ਗੁਰੂ ਰਵਿਦਾਸ ਜੀ ਨੂੰ ਕਈ ਵੱਖੋ- ਵੱਖਰੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਪੰਜਾਬ ਤੇ ਹਰਿਆਣਾ ਵਿੱਚ ਗੁਰੂ ਰਵਿਦਾਸ ਜੀ, ਬੰਗਾਲ ਵਿੱਚ ਰਏਦਾਸ ਜਾਂ ਰੋਈਦਾਸ, ਗੁਜਰਾਤ ਵਿੱਚ ਰੋਹੀਦਾਸ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਰਾਜਸਥਾਨ 'ਚ ਰੈਦਾਸ, ਬੀਕਾਨੇਰ (ਰਾਜਸਥਾਨ) ਵਿੱਚ ਰਹਦਾਸ ਨਾਂ ਪ੍ਰਚਲਿਤ ਹਨ।

ਗੁਰੂ ਰਵਿਦਾਸ ਜੀ ਪਿਤਾ ਪੁਰਖੀ ਪੇਸ਼ੇ ਤੋਂ ਕਿਰਤ ਕਮਾਈ ਕਰਦੇ ਸਨ। ਸਾਰੀ ਕਮਾਈ ਸੰਗਤ, ਪੰਗਤ ਤੇ ਲੰਗਰ ਦੀ ਸੇਵਾ ਉੱਪਰ ਲਾ ਦਿੰਦੇ ਸਨ। ਇਸੇ ਕਰਕੇ ਪਿਤਾ ਜੀ ਨੇ ਆਪ ਜੀ ਦੀ ਸ਼ਾਦੀ ਕਰ ਕੇ ਅਲੱਗ ਕਰ ਦਿੱਤਾ ਤੇ ਘਰ ਦੇ ਪਿੱਛੇ ਛੋਟੀ ਜਿਹੀ ਝੌਂਪੜੀ ਬਣਾ ਦਿੱਤਾ, ਜੋ ਬਾਅਦ 'ਚ ਆਸ਼ਰਮ ਬਣ ਗਿਆ। ਆਪ ਜੀ ਦੀ ਸੁਪਤਨੀ ਦਾ ਨਾਂ ਲੋਨਾ ਸੀ ਜੋ ਮਿਰਜ਼ਾਪੁਰ ਤੋਂ ਸੀ। ਉਹ ਸ੍ਰੀ ਗੁਰੂ ਰਵਿਦਾਸ ਜੀ ਦੇ ਹਰ ਕੰਮਕਾਜ, ਵਰਤੋਂ ਵਿਹਾਰ 'ਚ ਉੱਚਤਾ-ਸੁਚੱਜਤਾ, ਸਬਰ-ਸੰਤੋਖ, ਸਤਿ ਤੇ ਕਰਮਸ਼ੀਲਤਾ ਨਾਲ ਹੱਥ ਵਟਾਉਂਦੇ ਸਨ ਤੇ ਸਵੈਮਾਣਤਾ ਤੇ ਇਕਸਾਰਤਾ ਦੇ ਸੁਭਾਅ ਦੀ ਆਦਿ ਧਰਮ ਨਿਪੁੰਨ ਸ਼ਖ਼ਸੀਅਤ ਸਨ।

### ਮਨੁੱਖਤਾ ਲਈ ਸਮਰਪਿਤ ਕੀਤਾ ਪੂਰਾ ਜੀਵਨ

ਜੋਤੀ ਸਵਰੂਪ ਸਤਿਗੁਰੂ ਰਵਿਦਾਸ ਜੀ ਬਚਪਨ ਤੋਂ ਹੀ ਸਹਿਣਸ਼ੀਲ, ਰੱਬੀ ਰਜ਼ਾ 'ਚ ਰਹਿਣ ਵਾਲੇ, ਦੁੱਖ-ਸੁੱਖ ਤੋਂ ਨਿਰਲੇਪ, ਮਾਇਆ ਤਿਆਗੀ, ਨਿਰਭੈ, ਨਿਰਵੈਰ, ਕੋਮਲ ਤੇ ਵਿਮਲ ਹਿਰਦੇ ਵਾਲੇ, ਮਧੂ ਵਚਨ ਬੋਲ ਕੇ ਹਰ ਸ਼ਖ਼ਸੀਅਤ ਨੂੰ ਮੋਹ ਲੈਣ ਵਾਲੇ, ਚੇਤੰਨ ਚਿੰਤਕ, ਬ੍ਰਹਮ ਸਰੂਪ ਸਨ। ਆਪ ਸਤਿ, ਸੰਤੋਖ, ਵਿਚਾਰ ਨਾਲ ਜੁੜੇ, ਪ੍ਰੇਮਾ ਭਗਤੀ ਤੇ ਮਾਇਆ ਤਿਆਗ ਦੀ ਪ੍ਰਤੱਖ ਮੂਰਤ ਸਨ। ਉਹ ਨਿਰਗੁਣ, ਨਿਰਾਕਾਰ ਬ੍ਰਹਮ ਦੇ ਉਪਾਸਕ, ਸਮੁੱਚੀ ਮਾਨਵਤਾ ਦੇ ਉਪਦੇਸ਼ਕ, ਸੰਤ ਸ਼੍ਰੋਮਣੀ ਮਹਾਂ ਮਾਨਵ ਸਨ ਤੇ ਅਨਿਆਂ ਦੇ ਸਾਹਮਣੇ ਕਦੇ ਵੀ ਨਹੀਂ ਸਨ ਝੁਕਦੇ। ਆਪ ਜੀ ਨੇ ਆਪਣਾ ਸੰਪੂਰਨ ਜੀਵਨ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਕਰ ਦਿੱਤਾ। ਆਪ ਜੀ ਦਾ ਜੀਵਨ ਅੰਮ੍ਰਿਤ ਦੀ ਤਰ੍ਹਾਂ ਪਵਿੱਤਰ ਹੈ। ਆਪ ਜੀ ਕੋਲ ਅਜਿਹੀ ਰੂਹਾਨੀ ਖਿੱਚ ਸੀ ਕਿ ਕਾਂਸ਼ੀ ਦੇ ਬ੍ਰਾਹਮਣ ਤਾਂ ਕੀ ਸਗੋਂ ਛੱਤਰਪਤੀ ਸ਼ਹਿਨਸ਼ਾਹ ਵੀ ਆਪ ਜੀ ਦੇ ਚਰਨੀਂ ਸ਼ਰਨੀਂ ਲੱਗਦੇ ਸਨ ਤੇ ਸ਼ਾਹੀ ਖ਼ਾਨਦਾਨ ਦੀਆਂ ਰਾਜਕੁਮਾਰੀਆਂ ਅਤੇ ਮਹਾਰਾਣੀਆਂ ਜਿਵੇਂ ਕਿ ਰਾਣੀ ਝਾਲਾਂ ਜੀ ਤੇ ਰਾਜ ਕੁਮਾਰੀ ਮੀਰਾ ਜੀ ਵੀ ਸਤਿਗੁਰੂ ਰਵਿਦਾਸ ਜੀ ਨੂੰ ਆਪਣਾ ਗੁਰੂ ਮੰਨਦੀਆਂ ਸਨ। ਆਪ ਸਤਿਸੰਗ ਵਿੱਚ ਅਜਿਹਾ ਮਦਹੋਸ਼ ਗੁਰਬਾਣੀ ਜਾਮ ਪਿਲਾਉਂਦੇ ਕਿ ਜੋ ਵੀ ਪੀ ਲੈਂਦਾ, ਡੋਲ ਜਾਂਦਾ ਅਤੇ ਸਰੂਰ ਵਿੱਚ ਹੋਰ ਜਾਮ ਪਿਆਲੀ ਲਈ ਭਟਕਦਾ ਗੇੜੇ ਘੱਤਦਾ ਰਹਿੰਦਾ।

### ਦਿਲਾਂ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ ਬਾਣੀ

ਸ੍ਰੀ ਗੁਰੂ ਰਵਿਦਾਸ ਜੀ ਦੀਆਂ ਰਚਨਾਵਾਂ ਰਸ ਤੇ ਅਲੰਕਾਰ ਭਰਪੂਰ ਹਨ, ਉਪਦੇਸ਼ ਤੇ ਸੰਦੇਸ਼ ਪ੍ਰਧਾਨ ਹਨ, ਨਿੱਜੀ ਸੁਭਾਵਿਕ, ਸਵੈਪ੍ਰਕਾਸ਼, ਆਦਰਸ਼ਵਾਦੀ ਰਹੱਸਮਈ ਅਨੁਭਵਾਂ 'ਤੇ ਆਧਾਰਿਤ ਹਨ। ਇਹ ਕਿਸੇ ਵੀ ਗ੍ਰੰਥ, ਵੇਦ, ਉਪਨਿਸ਼ਦ ਜਾਂ ਪੁਰਾਣ ਉੱਤੇ ਆਧਾਰਿਤ ਨਹੀਂ ਹਨ। ਆਪ ਜੀ ਦੇ ਵਿਚਾਰਾਂ 'ਚ ਪ੍ਰਤੱਖ ਮਿਠਾਸ, ਮਾਸੂਮਤਾ, ਆਦਰਸ਼ ਗਿਆਨ, ਭਗਤੀ ਦਾ ਰਚਨਾਤਮਿਕ ਵਿਵੇਚਨ, ਸਰਲਤਾ, ਪ੍ਰਮਾਣਿਕਤਾ, ਸੰਜਮਤਾ, ਮਾਨਵਤਾਵਾਦ ਅਤੇ ਆਦਿ ਧਰਮ ਸਮਭਾਵ ਦਾ ਸੁਮੇਲ ਹੈ। ਆਪ ਜੀ ਦੀ ਬਾਣੀ ਸ਼ੀਤਲ, ਸਰਬ-ਸ਼੍ਰੇਸ਼ਠ ਅਤੇ ਸਰਬ ਉੱਚ ਹੈ। ਆਪ ਜੀ ਦੀ ਪਾਵਨ ਬਾਣੀ ਸੰਗੀਤ ਤੱਤਾਂ ਨਾਲ ਭਰਪੂਰ ਤੇ ਸਰਵੋਤਮ ਸ਼ਬਦਾਵਲੀ ਉਸ ਸਮੇਂ ਦੀ ਪੁਕਾਰ ਅਤੇ ਮੁੱਖ ਲੋੜ ਸੀ।

### ਗ਼ਰੀਬਾਂ ਨਾਲ ਹੁੰਦਾ ਸੀ ਮਾੜਾ ਸਲੂਕ

ਗੁਰੂ ਰਵਿਦਾਸ ਜੀ ਦਾ ਜਨਮ ਭਾਰਤੀ ਮੱਧਕਾਲ ਸਮੇਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲਗਭਗ 91 ਸਾਲ ਪਹਿਲਾਂ ਹੋਇਆ। ਉਸ ਸਮੇਂ ਅਨੁਸੂਚਿਤ ਜਾਤੀਆਂ ਅਨੁਸੂਚਿਤ ਜਨ ਜਾਤੀਆਂ ਤੇ ਪੱਛੜੀਆਂ ਜਾਤੀਆਂ ਨੂੰ ਵਿੱਦਿਆ, ਪੂਜਾ, ਸੰਪਤੀ, ਪੇਸ਼ਾ, ਵਪਾਰ ਦਾ ਅਧਿਕਾਰ ਤਾਂ ਇਕ ਪਾਸੇ ਹਮੇਸ਼ਾ ਬਰਾਬਰਤਾ, ਇਕਸਾਰਤਾ, ਇਕਰੂਪਤਾ, ਭਾਈਚਾਰਕਤਾ, ਧਾਰਮਿਕ ਆਜ਼ਾਦੀ, ਮਨੁੱਖੀ ਅਤੇ ਸੱਭਿਆਚਾਰਕ ਮੁੱਲਾਂ ਦੇ ਅਧਿਕਾਰਾਂ ਦੀ ਜਗ੍ਹਾ ਗਤੀਹੀਣ ਗ਼ੁਲਾਮ ਸਮਝਣਾ, ਪਰਛਾਵੇਂ ਤੋਂ ਦੂਰ ਰੱਖਣਾ, ਨਫ਼ਰਤ ਵਾਲਾ ਸਲੂਕ ਕਰਨਾ ਅਤੇ ਨੀਵਾਂ ਵੇਖਿਆ ਜਾਂਦਾ ਸੀ ਤੇ ਚੌਥੇ ਦਰਜੇ ਦੇ ਸੇਵਕ ਮੰਨਿਆ ਜਾਂਦਾ ਸੀ। ਦੂਜੇ ਪਾਸੇ ਸੱਤਾ ਦਾ ਰੌਲ਼ਾ-ਗੌਲ਼ਾ ਸੀ ਤੇ ਮੁਗ਼ਲ ਸ਼ਹਿਨਸ਼ਾਹ ਅੱਯਾਸ਼ੀ, ਸ਼ਬਾਬ, ਕਬਾਬ ਤੇ ਹਵਸ ਦੇ ਸ਼ੌਕੀਨ ਸਨ। ਉਹ ਤਾਕਤ ਦੇ ਨਸ਼ੇ 'ਚ ਮਨ ਮਰਜ਼ੀ ਦੇ ਮਾਲਕ ਸਨ। ਰਾਜੇ ਤੇ ਸਲਾਹਕਾਰ ਕਰਮ ਕਾਂਡਾਂ, ਊਚ-ਨੀਚ ਤੇ ਜਾਤ-ਪਾਤ 'ਚ ਫਸੇ ਆਪਸ ਵਿਚ ਹੀ ਵੰਡੇ ਗਏ ਸਨ।

### ਤਰਕਸ਼ੀਲ ਵਿਚਾਰਾਂ ਦੇ ਧਾਰਨੀ

ਗੁਰੂ ਰਵਿਦਾਸ ਜੀ ਸਿੱਧੇ-ਸਾਦੇ ਰੂਪ 'ਚ ਵਿਰਾਸਤੀ ਪੇਸ਼ੇ 'ਚ ਮਸਤ, ਉੱਚ ਕੋਟੀ ਦੇ ਸਦਾਚਾਰਕ, ਯਥਾਰਥਕ, ਤਰਕਸ਼ੀਲਤਾ ਦੀ ਤਰਾਜ਼ੂ 'ਤੇ ਤੋਲਣ ਵਾਲੇ, ਨਿਰਗੁਣ ਬ੍ਰਹਮ ਦੇ ਇਕਬਾਲੀ ਸਾਧਕ ਸਨ। ਆਪ ਜੀ ਦੀ ਧਾਰਨਾ ਸੀ ਕਿ ਇਸ ਧਰਤੀ ਉੱਪਰ ਪੈਦਾ ਹੋਇਆ ਹਰ ਪ੍ਰਾਣੀ ਸਦਾਚਾਰਕ ਬੁਨਿਆਦ ਉੱਪਰ ਗਿਆਨ ਤੇ ਕਰਮਯੋਗ ਸਥਿਤੀ ਪਾ ਕੇ ਭਗਵੰਤ ਭਜਨ ਨਾਲ ਅਨਿਨ ਅਵਸਥਾ 'ਚ ਪੁਨੀਤ ਹੋ ਸਕਦਾ ਹੈ। ਕਿਸੇ ਵੀ ਕੁਲ ਜਾਂ ਜਾਤ 'ਚ ਜਨਮ ਲੈਣ ਜਾਂ ਉੱਚਾ ਨਾਂ ਰੱਖਣ ਨਾਲ ਕੋਈ ਵੱਡਾ ਗੁਣਵਾਨ ਜਾਂ ਗੁਣਹੀਨ ਨਹੀਂ ਹੁੰਦਾ :

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥

ਰੱਬ ਕਿਸੇ ਜਾਤੀ, ਧਰਮ, ਕੌਮ ਦੀ ਨਿੱਜੀ ਜਾਇਦਾਦ ਨਹੀਂ ਕਿ ਕੋਈ ਵਿਅਕਤੀ ਪੈਸੇ ਦੇ ਕੇ ਇਸ ਨੂੰ ਖ਼ਰੀਦ ਲਵੇਗਾ ਜਾਂ ਕੋਈ ਵੀ ਵਿਅਕਤੀ ਪੈਸੇ ਲੈ ਕੇ ਇਸ ਨੂੰ ਵੇਚ ਦੇਵੇਗਾ। ਸ੍ਰੀ ਗੁਰੂ ਰਵਿਦਾਸ ਜੀ ਫਰਮਾਨ ਕਰਦੇ ਹਨ ਕਿ ਰੱਬ ਦਾ ਦਰ ਸਭ ਲਈ ਖੁੱਲ੍ਹਾ ਹੈ। ਇੱਥੇ ਰਾਜ ਮਹਿਲ 'ਚ ਜਾਣ ਵਾਂਗ ਰੋਕ-ਟੋਕ ਜਾਂ ਪ੍ਰਵੇਸ਼ ਦੀ ਮਨਾਹੀ ਨਹੀਂ ਹੈ। ਮਨੁੱਖ ਦੀ ਪਛਾਣ ਜਾਤ ਜਾਂ ਕੁਲ ਤੋਂ ਨਹੀਂ ਸਗੋਂ ਕਰਮਗਤ ਸ਼ੁੱਧਤਾ, ਭਰਾਤਾ ਵਿਵੇਕ, ਸ਼ੁੱਧ ਮਾਨਸਿਕਤਾ ਤੇ ਉੱਚੇ ਆਚਰਣ ਤੋਂ ਹੈ। ਆਪ ਜੀ ਨੇ ਕਰਮ ਮਾਰਗ, ਗਿਆਨ ਮਾਰਗ ਤੇ ਪ੍ਰੇਮ ਭਗਤੀ ਮਾਰਗ ਨੂੰ ਪਹਿਲ ਦਿੱਤੀ ਤੇ ਬ੍ਰਾਹਮਣੀ ਮਾਇਆ ਜਾਲ ਦਾ ਖੰਡਨ ਕੀਤਾ ਹੈ। ਆਪ ਜੀ ਦੇ ਪੈਰੋਕਾਰਾਂ ਨੂੰ ਅੱਜ ਵੀ ਬਾਣੇ 'ਚ ਵਿਚਰ ਰਹੇ ਧਾਰਮਿਕ ਆਗੂਆਂ ਨੂੰ ਕਸੌਟੀ 'ਤੇ ਪਰਖਣ ਦੀ ਲੋੜ ਹੈ।

### ਦਿਖਾਇਆ ਰੂਹਾਨੀਅਤ ਦਾ ਮਾਰਗ

ਸਤਿਗੁਰੂ ਰਵਿਦਾਸ ਜੀ ਨੇ ਨਾਮ ਸਿਮਰਨ ਕਰਨ, ਨੇਕ ਕਿਰਤ ਕਰਨ ਤੇ ਵੰਡ ਕੇ ਛਕਣ ਦਾ ਜਾਗ ਹੀ ਨਹੀਂ ਲਾਇਆ ਸਗੋਂ ਸਮੁੱਚੀ ਲੋਕਾਈ ਨੂੰ ਰੂਹਾਨੀਅਤ ਦਾ ਮਾਰਗ ਵੀ ਵਿਖਾਇਆ। ਆਪ ਜੀ ਦਾ ਪਵਿੱਤਰ ਜੀਵਨ ਹੀ ਨਿਰਗੁਣ ਭਗਤੀ, ਨਾਮ ਭਗਤੀ ਜਾਂ ਸਹਿਜ ਪ੍ਰੇਮਾ-ਭਗਤੀ ਅਤੇ ਨੇਕ ਕਿਰਤ, ਸ਼ੁੱਧ ਵਿਵਹਾਰ ਦਾ ਸਰਬੋਤਮ ਸੰਕਲਪ ਹੈ। ਆਪ ਜੀ ਦਾ ਦ੍ਰਿਸ਼ਟੀਕੋਣ ਸਰਬ ਵਿਆਪੀ ਅਤੇ ਸਮੁੱਚੀ ਕਾਇਨਾਤ ਲਈ ਹੈ। ਆਪ ਜੀ ਕੋਈ ਵੱਖਰਾ ਧਰਮ ਨਹੀਂ ਸਨ ਬਣਾਉਣਾ ਚਾਹੁੰਦੇ ਸਗੋਂ ਸਮੁੱਚੀ ਲੋਕਾਈ ਦੀ ਭਲਾਈ ਲਈ ਪਹਿਲਾਂ ਤੋਂ ਚੱਲਦੇ ਆ ਰਹੇ ਆਦਿ ਧਰਮ ਰਾਹੀਂ ਅਖੌਤੀ ਧਰਮਾਂ ਦੇ ਠੇਕੇਦਾਰਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣਾ ਚਾਹੁੰਦੇ ਸਨ।

### ਕਈ ਥਾਵਾਂ ਦੀ ਕੀਤੀ ਯਾਤਰਾ

ਸਤਿਗੁਰੂ ਰਵਿਦਾਸ ਜੀ ਨੇ ਪੰਜਾਬ, ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਤੇਲੰਗਾਨਾ, ਉੱਤਰਾਖੰਡ, ਦਿੱਲੀ, ਕਰਨਾਟਕ, ਆਸਾਮ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਜੰਮੂ ਕਸ਼ਮੀਰ, ਪੁਸ਼ਕਰ, ਪ੍ਰਯਾਗ, ਹਰਿਦੁਆਰ, ਮੁਲਤਾਨਪੁਰੀ, ਚਿਤੌੜ, ਬੀਕਾਨੇਰ, ਪੰਨਘਟ, ਅਮਝਰਾ ਕੁੰਡ, ਟੂਟੋਕੋਰੀਅਨ, ਕੈਲਾਸ਼ ਪਰਬਤ, ਮੈਕਲ ਪਰਬਤ, ਕੁੰਡੀ ਸਾਹਿਬ, ਅਮਰ ਕੰਟਕ, ਸੱਚਖੰਡ ਲੋਹਟਨੀਆਂ, ਡਲਹੌਜ਼ੀ, ਜੰਮੂ ਕਸ਼ਮੀਰ, ਕਲਕੱਤਾ, ਬੰਗਾਲ, ਤੁਗਲਕਾਬਾਦ, ਮਥੁਰਾ, ਵ੍ਰਿੰਦਾਬਨ, ਭਰਤਪੁਰ, ਕੋਠਾ ਸਾਹਿਬ, ਸੱਚਖੰਡ ਡੰਡੇ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ), ਖੁਰਾਲਗੜ੍ਹ (ਜ਼ਿਲ੍ਹਾ ਹੁਸ਼ਿਆਰਪੁਰ) ਆਦਿ ਸਥਾਨਾਂ ਦੀ ਯਾਤਰਾ ਕੀਤੀ, ਸਤਿਸੰਗ ਕੀਤੇ ਅਤੇ ਉਪਦੇਸ਼ ਦਿੱਤੇ। ਆਪ ਜੀ ਦਾ ਮੇਲ ਸੁਲਤਾਨ ਸਿਕੰਦਰ ਲੋਧੀ ਨਾਲ ਦਿੱਲੀ ਤੇ ਲੁਧਿਆਣਾ ਵਿਖੇ ਹੋਇਆ। ਭਾਈ ਬਾਲਾ ਜੀ ਦੀ ਜਨਮ ਸਾਖੀ 'ਚ ਬਿਆਨ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਸਿਰਧਾਰ ਪਰਬਤ 'ਤੇ ਚੜ੍ਹੇ ਤਾਂ ਭਾਈ ਮਰਦਾਨਾ ਜੀ ਡਰ ਕੇ ਪੁੱਛਣ ਲੱਗੇ ਕਿ ਇਸ ਪਰਬਤ 'ਤੇ ਪਹਿਲਾਂ ਵੀ ਕੋਈ ਪੁੱਜਾ ਹੈ ? ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਸ ਪਰਬਤ 'ਤੇ ਕੇਵਲ ਪਵਨ ਆਹਾਰੀ ਹੀ ਆ ਸਕਦੇ ਹਨ ਅਤੇ ਸੰਤ ਰਵਿਦਾਸ ਜੀ ਸਾਥੋਂ ਪਹਿਲਾਂ ਆ ਚੁੱਕੇ ਹਨ :

ਰਵਿਦਾਸ ਧਿਆਏ ਪ੍ਰਭ ਅਨੂਪ ॥
ਗੁਰ ਨਾਨਕ ਦੇਵ ਗੋਵਿੰਦ ਰੂਪ ॥

ਅਜੋਕੇ ਸਮੇਂ 'ਚ ਸ੍ਰੀ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਦੀ ਸਾਰਥਿਕਤਾ ਹੋਰ ਵੀ ਜ਼ਿਆਦਾ ਵਧ ਜਾਂਦੀ ਹੈ। ਆਓ ਸਾਰੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਧਾਰਨ ਕਰੀਏ।

### ਬਰਾਬਰਤਾ ਦਾ ਸੰਦੇਸ਼

ਸ੍ਰੀ ਗੁਰੂ ਰਵਿਦਾਸ ਜੀ ਆਪਣੀ ਸਾਰੀ ਕਿਰਤ ਕਮਾਈ ਸਮੂਹ ਜਨ ਸੰਗਤ, ਪੰਗਤ ਅਤੇ ਲੰਗਰ ਦੀ ਸੇਵਾ ਉੱਪਰ ਲਾ ਕੇ ਆਦਿ ਧਰਮ ਦੇ ਨਿਯਮਾਂ ਨੂੰ ਪ੍ਰਫੁੱਲਿਤ ਕਰਦੇ ਰਹੇ। ਆਪ ਜੀ ਨੇ ਸਰਬ ਸਾਂਝੀਵਾਲਤਾ 'ਚ ਬੈਠ ਕੇ ਲੰਗਰ ਦੀ ਪ੍ਰੰਪਰਾ ਚਲਾਈ ਤੇ ਇਸ ਲਈ ਆਪ ਜੀ ਨੇ ਦੌਲਤਮੰਦਾਂ ਤੋਂ ਧਨ-ਦੌਲਤ ਸਵੀਕਾਰ ਨਹੀਂ ਕੀਤੀ, ਨਾ ਹੀ ਪਾਖੰਡ ਨਾਲ ਹਥਿਆਈ ਅਤੇ ਨਾ ਹੀ ਭੀਖ ਮੰਗੀ। ਆਪ ਜੀ ਨੇ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਪਖੰਡੀ ਬਾਣੇ ਵਾਲਿਆਂ ਦੀ ਨਿੰਦਾ ਕੀਤੀ ਤੇ ਸੰਸਾਰਿਕ ਪ੍ਰਾਣੀ ਨੂੰ ਨੈਤਿਕ ਜੀਵਨ, ਅਧਿਆਤਮਿਕ ਤਾਂਘ ਤੇ ਸੁੱਖ-ਸ਼ਾਂਤੀ ਨਾਲ ਬਰਾਬਰਤਾ ਤੇ ਸਾਂਝੇ ਸੱਭਿਆਚਾਰ 'ਚ ਰਹਿਣ ਦਾ ਉਪਦੇਸ਼ ਦਿੱਤਾ :

ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥

ਆਪ ਜੀ ਨੇ ਕਿਰਤ ਦੀ ਕਦਰ ਕੀਤੀ, ਲੋਕਾਂ ਨੂੰ ਨੇਕ ਨੀਤੀ ਨਾਲ, ਸਦਾਚਾਰ ਨੂੰ ਉੱਚਾ ਰੱਖ ਕੇ ਕਿਰਤ ਕਰਨ ਲਈ ਉਕਸਾਇਆ ਤੇ ਵਿਹਲੜਪੁਣੇ ਦਾ ਵਿਰੋਧ ਕੀਤਾ।

### ਨੈਤਿਕ ਚੇਤਨਾ

ਗੁਰੂ ਰਵਿਦਾਸ ਜੀ ਦੇ ਜੀਵਨ ਦਾ ਆਦਰਸ਼ ਮੱਧਕਾਲੀਨ ਭਾਰਤੀ ਇਤਿਹਾਸ ਦੇ ਯੁੱਗ 'ਚ ਨੈਤਿਕ ਚੇਤਨਾ ਰਾਹੀਂ ਸੱਭਿਆਚਾਰਕ, ਆਰਥਿਕ ਅਸਮਾਨਤਾ, ਸਮਾਜਿਕ ਕੁਰੀਤੀਆਂ ਭਾਵ ਮਨੁੱਖੀ ਵਿਤਕਰਾ, ਧਾਰਮਿਕ ਅਡੰਬਰਾਂ, ਦਾਰਸ਼ਨਿਕ, ਨੈਤਿਕ, ਰਾਜਨੀਤਕ ਕੂਟਨੀਤਕ ਚਾਲਾਂ, ਊਚ -ਨੀਚ ਦੀ ਭਾਵਨਾ ਵਿਰੁੱਧ ਮਧੁਰਤਾ ਤੇ ਨਿਮਰਤਾ ਦੀ ਬਾਣੀ ਰਾਹੀਂ ਵਿਗੜੇ ਹੋਏ ਸਮਾਜ 'ਚ ਆਦਿ ਧਰਮ ਵੱਲੋਂ ਇਨਸਾਨੀਅਤ ਦੇ ਹੱਕਾਂ ਦਾ ਅਹਿਸਾਸ ਜਗਾਉਣਾ ਸੀ। ਆਪ ਜੀ ਨੇ ਅਨੇਕਾਂ ਕਸ਼ਟ ਸਹਾਰਦਿਆਂ ਲਗਭਗ 60,000 ਕਿਲੋਮੀਟਰ ਪੈਦਲ ਚੱਲ ਕੇ ਸਮੁੱਚੀ ਮਨੁੱਖਤਾ ਨੂੰ ਸਤਿ, ਸ਼ੁੱਧ, ਸੁਚੱਜਾ ਤੇ ਉਸਾਰੂ ਜੀਵਨ ਜਿਊਣ ਦੀ ਉੱਤਮ ਸੇਧ ਦਿੱਤੀ।

# ਬਿਪਰਨਵਾਦ ਵਿਰੁੱਧ ਸੰਘਰਸ਼ ਕਰਨ ਵਾਲੇ ਰਹਿਬਰ ਭਗਤ ਰਵਿਦਾਸ ਜੀ

ਗਿਆਨੀ ਅਮਰੀਕ ਸਿੰਘ ਜੀ
98156-63344

ਸੰਸਾਰ ਅੰਦਰ ਜੀਵਨ ਦੇ ਚਾਰ ਪ੍ਰਮੁੱਖ ਪੱਖ ਹਨ- ਪਹਿਲਾ ਸਮਾਜਿਕ; ਦੂਜਾ ਆਰਥਿਕ; ਤੀਜਾ ਰਾਜਨੀਤਕ; ਚੌਥਾ ਧਾਰਮਿਕ। ਇਹਨਾਂ ਚਾਰਾਂ ਪੱਖਾਂ ਵਿੱਚੋਂ ਜਿਹੜਾ ਕਿਸੇ ਇੱਕ ਪੱਖ ਕਰਕੇ ਵੀ ਆਪਣੇ ਆਪ ਨੂੰ ਆਮ ਪਰੰਪਰਾਵਾਂ ਤੋਂ ਉੱਚਾ ਚੁੱਕ ਲੈਂਦਾ ਹੈ, ਅਜਿਹੇ ਲੋਕਾਂ ਨੂੰ ਹੀ ਇਤਿਹਾਸ ਆਪਣੀ ਬੁੱਕਲ ਵਿੱਚ ਥਾਂ ਦਿੰਦਾ ਹੈ। ਭਗਤ ਰਵਿਦਾਸ ਜੀ ਦਾ ਜੀਵਨ ਧਾਰਮਿਕ ਪੱਖ ਤੋਂ ਇੰਨੀ ਉੱਚੀ ਬੁਲੰਦੀ ਨੂੰ ਛੂਹ ਗਿਆ ਕਿ ਰੱਬ ਨੂੰ ਵੀ ਪ੍ਰੇਮ ਬੰਧਨ ਵਿੱਚ ਬੰਨ੍ਹ ਲਿਆ। ਸਾਚੀ ਪ੍ਰੀਤ ਨੇ ਸਾਰੇ ਭੇਦ ਭਾਵ ਮਿਟਾ ਦਿੱਤੇ, ਉਹਨਾਂ ਦੀ ਰਸਨਾ ਤੋਂ ਉਚਾਰੇ ਚਾਲ੍ਹੀ ਸ਼ਬਦ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿੱਚ ਸ਼ਾਮਿਲ ਹੋ ਕੇ "ਬਾਣੀ ਗੁਰੂ, ਗੁਰੂ ਹੈ ਬਾਣੀ ॥" ਦਾ ਦਰਜਾ ਪ੍ਰਾਪਤ ਕਰ ਗਏ ਹਨ।

ਇਤਿਹਾਸ ਪੱਖੋਂ ਭਾਵੇਂ ਬਹੁਤੀ ਸਮੱਗਰੀ ਉਪਲਬਧ ਨਹੀਂ, ਪਰ ਫਿਰ ਵੀ ਕੁਝ ਕੁ ਇਤਿਹਾਸਕ ਅੱਖਰਾਂ ਵਿੱਚੋਂ ਅਤੇ ਉਹਨਾਂ ਦੇ ਆਪਣੇ ਉਚਾਰੇ ਅੰਮ੍ਰਿਤਮਈ ਬੋਲਾਂ ਵਿੱਚੋਂ ਜੋ ਕੁਝ ਪ੍ਰਾਪਤ ਹੁੰਦਾ ਹੈ, ਉਸ ਅਨੁਸਾਰ ਆਪ ਜੀ ਦਾ ਪ੍ਰਕਾਸ਼ ਅਸਥਾਨ ਬਨਾਰਸ ਦਾ ਇਲਾਕਾ ਹੈ। ਕਾਰੋਬਾਰ ਚਮੜੇ ਦਾ ਹੋਣ ਕਰਕੇ ਜਾਤੀ ਚਮਾਰ ਸੀ। ਅਕਸਰ ਰੱਬੀ ਰੂਹਾਂ ਵਾਂਗ ਇਹਨਾਂ ਨੇ ਵੀ ਗਰੀਬੀ ਦੇ ਪੰਘੂੜੇ ਵਿੱਚ ਹੀ ਰੱਬੀ ਮੌਜ ਨੂੰ ਮਾਣਿਆ। ਸਮੇਂ ਦੇ ਅਖੌਤੀ ਧਰਮੀਆਂ ਨੇ ਧਰਮ ਨੂੰ ਆਪਣੀ ਹੀ ਵਿਰਾਸਤ ਸਮਝਣ ਕਰਕੇ ਬਹੁਤ ਹੀ ਵਿਰੋਧਤਾ ਕੀਤੀ। ਜਾਤੀ ਹੰਕਾਰੀ ਵੀ ਆਪ ਜੀ ਦੀ ਹੋਂਦ ਨੂੰ ਖਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਰਹੇ, ਪਰ ਜਿਨ੍ਹਾਂ ਦੀਆਂ ਪ੍ਰੀਤਾਂ ਹੀ "ਨੀਚਹ ਊਚ ਕਰੈ ਮੇਰਾ ਗੋਬਿੰਦੁ..॥" ਨਾਲ ਪੈ ਗਈਆਂ ਹੋਣ, ਫਿਰ ਉਨ੍ਹਾਂ ਦੀ ਪ੍ਰਤਿਭਾ ਨੂੰ ਮਿਟਾਉਣ ਵਾਲੇ ਤਾਂ ਮਿੱਟ ਜਾਂਦੇ ਹਨ, ਪਰ ਉਹ ਸਦਾ ਲਈ ਅਮਿੱਟ ਹੋ ਜਾਂਦੇ ਹਨ।

ਮਾਤਾ ਪਿਤਾ ਨੇ ਆਪਣੇ ਫ਼ਰਜ਼ਾਂ ਦੀ ਪੂਰਤੀ ਕਰਦਿਆਂ ਆਪ ਜੀ ਦੀ ਸ਼ਾਦੀ ਕਰ ਦਿੱਤੀ। ਇਸ ਜ਼ਿੰਮੇਵਾਰੀ ਦਾ ਭਾਰ ਬਾਖ਼ੂਬੀ ਉਠਾਉਂਦਿਆਂ ਹੋਇਆਂ ਵੀ ਆਪਣੇ ਸੁਨਹਿਰੀ ਸਿਧਾਂਤਾਂ ਵਿੱਚ ਕੋਈ ਤਬਦੀਲੀ ਨਾ ਕੀਤੀ। ਮਾਇਆ ਦੀ ਦੁਨੀਆਂ ਨੇ ਕਈ ਕੌਤਕ ਦਰਸਾਏ, ਪਰ ਆਖਿਰ ਦਾਸੀ ਬਣ ਕੇ ਹੀ ਰਹਿਣਾ ਪਿਆ ਭਾਵ ਮਾਇਆ ਵੀ ਕੁਝ ਨਾ ਕਰ ਸਕੀ।

ਜਿੱਥੇ ਹੰਕਾਰੀ, ਕੱਟੜ ਲੋਕ ਆਪ ਜੀ ਦੀ ਵਿਰੋਧਤਾ ਵਿੱਚ ਹੀ ਲੱਗੇ ਰਹੇ ਅਤੇ ਨੇੜੇ ਰਹਿ ਕੇ ਵੀ ਖਾਲੀ ਰਹਿ ਗਏ, ਉੱਥੇ ਦੂਜੇ ਪਾਸੇ ਦੂਰੋਂ ਦੂਰੋਂ ਰਾਜੇ ਰਾਣੀਆਂ ਵੀ ਆਪ ਜੀ ਦੇ ਦਰ ਤੋਂ ਸੱਚੀ ਸਿੱਖਿਆ ਪ੍ਰਾਪਤ ਕਰਕੇ ਆਪ ਜੀ ਦੇ ਸੇਵਕ ਬਣ ਕੇ ਜੀਵਨ ਦੀਆਂ ਸਿਖਰਾਂ ਨੂੰ ਛੂਹ ਗਏ। ਇਨ੍ਹਾਂ ਵਿੱਚੋਂ ਰਾਣਾ ਸਾਂਗਾ ਦੀ ਪਤਨੀ, ਜੋ ਚਿਤੌੜ ਦੇ ਇਲਾਕੇ ਦਾ ਮੁਖੀਆ ਸੀ, ਕੁਝ ਪੰਡਿਤਾਂ ਨਾਲ ਤੀਰਥ ਯਾਤਰਾ ਕਰਦੀ ਹੋਈ ਜਦੋਂ ਨਿਰਾਸ਼ਤਾ ਵਿੱਚ ਹੀ ਭਟਕ ਰਹੀ ਸੀ ਤਾਂ ਉਸ ਦੀ ਤਸੱਲੀ ਰਵਿਦਾਸ ਜੀ ਮਹਾਰਾਜ ਕੋਲ ਆ ਕੇ ਹੀ ਹੋਈ, ਗੁਰੂ ਧਾਰਨ ਕਰਕੇ ਜਦੋਂ ਉਹ ਵਾਪਸ ਮੁੜੀ ਤਾਂ ਜਿਹੜੇ ਉੱਚ ਜਾਤੀਏ ਲੋਕ ਤੀਰਥਾਂ ਦੀ ਯਾਤਰਾ ਦੇ ਨਾਂ 'ਤੇ ਮਨੁੱਖਤਾ ਨੂੰ ਲੁੱਟ ਰਹੇ ਸਨ, ਉਹ ਕਿਵੇਂ ਬਰਦਾਸ਼ਤ ਕਰਦੇ। ਉਨ੍ਹਾਂ ਦੀ ਸ਼ਿਕਾਇਤ 'ਤੇ ਜਦੋਂ ਦੋਨਾਂ ਧਿਰਾਂ ਨੂੰ ਬੁਲਾ ਕੇ ਸੱਚ ਦਾ ਨਿਤਾਰਾ ਕੀਤਾ ਤਾਂ ਰਾਣੀ ਦੇ ਗੁਰੂ ਦਾ ਦਰਸਾਇਆ ਸੱਚ, ਕੂੜ ਦੇ ਪਾਜ ਖੋਲ੍ਹਦਾ ਹੋਇਆ ਜਿੱਤ ਪ੍ਰਾਪਤ ਕਰ ਗਿਆ: "ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ; ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥" (ਭਗਤ ਰਵਿਦਾਸ/੧੨੯੩)

16 ਰਾਗਾਂ ਵਿੱਚ ਆਏ ਚਾਲ੍ਹੀ ਸ਼ਬਦਾਂ ਵਿੱਚੋਂ ਇਨ੍ਹਾਂ ਦੀ ਜਿਹੜੀ ਸ਼ਖ਼ਸੀਅਤ ਉਭਰ ਕੇ ਸਾਹਮਣੇ ਆਉਂਦੀ ਹੈ, ਉਸ ਅਨੁਸਾਰ ਆਪ ਜੀ ਇਕ ਨਿਰਗੁਣ (ਅਦ੍ਰਿਸ਼ ਸ਼ਕਤੀ ਦੀ) ਭਗਤੀ ਭਾਵ ਦੇ ਰਾਹ ਨੂੰ ਅਪਣਾ ਕੇ ਸੱਚੀ ਪ੍ਰੀਤ ਦਾ ਸਦਕਾ ਹਰੇਕ ਫਰਕ ਮਿਟਾ ਕੇ ਪਰਮੇਸ਼ਰ ਰੂਪ ਹੋ ਗਏ ਹਨ। ਅਨੇਕਾਂ ਭੁੱਲੇ-ਭਟਕਿਆਂ ਨੂੰ ਸਗੋਂ ਵਕਤੀ ਰਮਜ਼ਾਂ ਨਾਲ ਸਮਝਾਉਂਦੇ ਰਹੇ ਕਿ ਗੰਗਾ ਆਦਿਕ ਦੇ ਇਸ਼ਨਾਨ, ਠਾਕੁਰਾਂ ਦੀ ਪੂਜਾ ਦਾ ਪਾਖੰਡ, ਝੂਠੀਆਂ ਆਰਤੀਆਂ ਦੇ ਢਕੌਂਸਲੇ ਇਹ ਸਭ ਕੁਝ ਰੱਬ ਤੋਂ ਦੂਰ ਤਾਂ ਕਰ ਸਕਦਾ ਹੈ, ਪਰ ਨੇੜਤਾ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਸੰਸਾਰਿਕ ਵਿੱਦਿਆ ਪ੍ਰਾਪਤੀ ਦਾ ਸੰਕੇਤ ਭਾਵੇਂ ਕਿਧਰੋਂ ਵੀ ਪ੍ਰਾਪਤ ਨਹੀਂ ਹੁੰਦਾ, ਪਰ ਫਿਰ ਵੀ ਆਪ ਜੀ ਵੱਲੋਂ ਉਚਾਰੇ ਅੰਮ੍ਰਿਤ ਬਚਨਾਂ ਵਿੱਚ ਪੰਡਿਤਾਈ ਵਾਲੀਆਂ ਗੁੰਝਲਾਂ ਦੀ ਥਾਂ ਸਾਦਗੀ ਭਰਪੂਰ ਹੈ, ਪਰ ਹਰ ਬਚਨ ਪਾਰਬ੍ਰਹਮ ਦੇ ਰਹੱਸ ਦਾ ਭੇਦ ਖੋਲ੍ਹ ਕੇ ਆਤਮਾ ਨੂੰ ਪ੍ਰਮਾਤਮਾ ਦੇ ਮਿਲਾਪ ਲਈ ਚਾਅ ਪੈਦਾ ਕਰਦਾ ਹੈ।

ਕਬੀਰ ਸਾਹਿਬ ਜੀ ਦੇ ਸਲੋਕ ਬਾਣੀ ਵਿੱਚ ਅੰਕਿਤ ਹਨ। ਕਬੀਰ ਸਾਹਿਬ ਜੀ ਦੀ ਬਾਣੀ ਵਿੱਚ ਇਕ ਅਦਭੁੱਤ ਗੱਲ ਹੈ ਕਿ ਕਬੀਰ ਸਾਹਿਬ ਨੇ 212 ਅਤੇ 213 ਨੰਬਰ ਸਲੋਕਾਂ ਵਿੱਚ ਭਗਤ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਵਾਰਤਾ ਦਾ ਜ਼ਿਕਰ ਕੀਤਾ ਹੈ, ਜਦ ਕਿ ਭਗਤ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਆਪਣੀ ਬਾਣੀ ਵੀ ਸ਼ਾਮਿਲ ਹੈ, ਪਰ "ਨਾਮਾ ਮਾਇਆ ਮੋਹਿਆ..॥" ਵਾਲੇ ਤੇ "ਹਾਥ ਪਾਉ ਕਰਿ ਕਾਮੁ ਸਭੁ..॥" ਵਾਲੇ ਦੋ ਸਲੋਕ ਭਗਤ ਕਬੀਰ ਸਾਹਿਬ ਜੀ ਦੀ ਰਚਨਾ ਹਨ, ਪਰ ਇਸ ਵਿੱਚ ਵਾਰਤਾ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਹੈ। ਇਸੇ ਤਰ੍ਹਾਂ 242 ਨੰਬਰ ਸਲੋਕ ਭਾਵ ਸਮਾਪਤੀ ਦੇ ਇਕ ਸਲੋਕ ਤੋਂ ਪਹਿਲਾਂ, ਜੋ ਸਲੋਕ ਦਰਜ ਹੈ, ਉਹ ਹੈ:

"ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥" (ਭਗਤ ਕਬੀਰ/੧੩੭੭)

ਇਹ ਸਲੋਕ ਰਵਿਦਾਸ ਜੀ ਮਹਾਰਾਜ ਦਾ ਨਹੀਂ ਬਲਕਿ ਯਾਦ ਰੱਖਣਯੋਗ ਗੱਲ ਹੈ ਕਿ ਇਹ ਸਲੋਕ ਭਗਤ ਕਬੀਰ ਸਾਹਿਬ ਜੀ ਦਾ ਹੈ ਪਰ ਵੀਚਾਰ ਰਵਿਦਾਸ ਮਹਾਰਾਜ ਜੀ ਦਾ ਪ੍ਰਗਟ ਕਰ ਰਹੇ ਹਨ।

ਵਿਦਵਾਨਾਂ ਦੀ ਬਹੁਮਤਿ ਅਨੁਸਾਰ ਭਗਤ ਰਵਿਦਾਸ ਜੀ ਦਾ ਜਨਮ 1377 ਈ: ਦਾ ਹੈ ਅਤੇ 1491 ਈ: ਵਿੱਚ ਜੋਤੀ ਜੋਤਿ ਸਮਾਉਣ ਕਰਕੇ ਸਰੀਰਕ ਜੀਵਨ ਯਾਤਰਾ ਦਾ ਕੁਲ ਸਮਾਂ ਲਗਪਗ 115 ਸਾਲ ਦੇ ਨੇੜੇ ਜਾ ਪਹੁੰਚਦਾ ਹੈ। ਇਹ ਸਰੀਰਕ ਜਾਮੇ ਦੀ ਗੱਲ ਹੈ, ਪਰ 1604 ਈ: ਨੂੰ ਆਪ ਜੀ ਦੇ ਇਨ੍ਹਾਂ 40 ਸ਼ਬਦਾਂ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਕਰਕੇ ਸਦੀਵ ਕਾਲ ਲਈ ਅਮਰ ਕਰ ਦਿੱਤਾ।

# ਖ਼ੁਸ਼ੀ ਲੱਭਣੀ ਹੈ ਤਾਂ ਬਣੋ ਫੁੱਲਾਂ ਵਰਗੇ



ਅਜੀਤ ਸਿੰਘ ਚੰਦਨ
97818-05861

ਪਿਆਰ ਉਹ ਸ਼ਕਤੀ ਹੈ ਜੋ ਕਮਜ਼ੋਰ, ਬਲਹੀਨ ਅਤੇ ਹਾਰੇ-ਹੁੱਟੇ ਇਨਸਾਨ ਵਿੱਚ ਵੀ ਜੋਤਾਂ ਜਗਾ ਦਿੰਦਾ ਹੈ। ਬੁਝੇ ਹੋਏ ਮਨ ਵਿੱਚ ਫਿਰ ਤੋਂ ਕੋਲੇ ਭਖਣ ਲਾ ਸਕਦਾ ਹੈ ਤੇ ਮਨ ਫਿਰ ਰੌਸ਼ਨ ਹੋ ਜਾਂਦਾ ਹੈ। ਇੱਕ ਖਾਲੀ ਬੀਆਬਾਨ ਵਰਗੇ ਦਿਨ ਵਿੱਚ ਵੀ ਚਿਰਾਗ਼ ਬਲ ਪੈਂਦੇ ਹਨ। ਪਿਆਰ-ਸ਼ਕਤੀ ਨਾਲ ਤਾਂ ਫਰਹਾਦ ਨੇ ਨਹਿਰ ਕੱਢ ਵਿਖਾਈ ਸੀ। ਫਿਰ ਅੱਜ ਦਾ ਕੋਈ ਫਰਹਾਦ ਕਿਵੇਂ ਆਪਣੀ ਸ਼ੀਰੀ ਲਈ ਉੱਚ ਪਾਏ ਦੀ ਡਿਗਰੀ ਪ੍ਰਾਪਤ ਨਾ ਕਰੇ।

ਪਿਆਰ ਦੀ ਸ਼ਕਤੀ ਸਭ ਸ਼ਕਤੀਆਂ ਤੋਂ ਵੱਧ ਤਾਕਤਵਰ ਹੈ। ਇਸੇ ਲਈ ਕਈ ਇਨਸਾਨ ਜੋ ਜ਼ਿੰਦਗੀ ਖ਼ਤਮ ਕਰਨ ਬਾਰੇ ਸੋਚਦੇ ਹਨ, ਪਿਆਰ ਦੀ ਓਟ ਵਿੱਚ ਆ ਕੇ ਭੈੜੇ ਕਾਰਜ ਤਿਆਗ ਦਿੰਦੇ ਹਨ। ਖ਼ੁਦਕੁਸ਼ੀ ਦੇ ਕਿਨਾਰੇ ਲੱਗੇ ਇਨਸਾਨ ਵੀ ਪਿਆਰ ਕਰਕੇ ਪ੍ਰਫੁੱਲਤ ਹੁੰਦੇ ਵੇਖੇ ਗਏ ਹਨ। ਜ਼ਿੰਦਗੀ ਵਿੱਚ ਕੋਈ ਅਜਿਹਾ ਮੁਕਾਮ ਨਹੀਂ ਆਉਂਦਾ ਜਿੱਥੇ ਪਿਆਰ ਨਾ ਵਧਦਾ ਹੋਵੇ। ਬਲਕਿ ਬੁਢਾਪੇ ਵਿੱਚ ਵੀ ਇਹ ਪਿਆਰ ਸ਼ਕਤੀ ਨਿਰਬਲ ਸਰੀਰ ਵਿੱਚ ਜਾਨ ਭਰ ਦਿੰਦੀ ਹੈ।

ਇੱਕ ਪਿਆਰ ਭਰੀ ਤੱਕਣੀ ਬਿਮਾਰ ਨੂੰ ਤੰਦਰੁਸਤ ਕਰ ਸਕਦੀ ਹੈ। ਔਝਲ ਰਾਹ ਪਿਆ ਇਨਸਾਨ ਵੀ ਜੇ ਪਿਆਰ ਦੀ ਓਟ ਵਿੱਚ ਆ ਜਾਵੇ ਤਾਂ ਉਹ ਸਭ ਬੁਰਾਈਆਂ ਤਿਆਗ ਕੇ ਚੰਗਾ ਖ਼ੁਸ਼ ਰਹਿਣ ਵਾਲਾ ਇਨਸਾਨ ਬਣ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਕਿਸੇ ਛੜੇ ਛੜਾਂਗ ਬੰਦੇ ਨੂੰ ਕੋਈ ਔਰਤ ਅਪਣਾ ਲਵੇ ਤਾਂ ਉਹ ਕੋਮਲ ਚਿੱਤ, ਸੁਹਿਰਦ ਤੇ ਵਧੀਆ ਇਨਸਾਨ ਬਣ ਜਾਂਦਾ ਹੈ।

ਜ਼ਿੰਦਗੀ ਵਿੱਚ ਸੁਹਜ, ਸਲੀਕਾ ਤੇ ਮਟਕ ਭਰਨ ਲਈ ਪਿਆਰ ਜ਼ਰੂਰੀ ਹੈ। ਜੇ ਇਹ ਪਿਆਰ ਸ਼ਕਤੀ ਜ਼ਿੰਦਗੀ ਦੀ ਗੱਡੀ ਅੱਗੇ ਜੋੜ ਲਈ ਜਾਵੇ ਤਾਂ ਇਹ ਜ਼ਿੰਦਗੀ ਦੀ ਗਤੀ ਨੂੰ ਅੱਗੇ ਹੀ ਅੱਗੇ ਤੋਰੀ ਜਾਵੇਗੀ। ਜਿਵੇਂ ਤਾਰਿਆਂ ਨਾਲ ਜੜੀ ਹਨੇਰੀ ਰਾਤ ਖ਼ੂਬਸੂਰਤ ਲੱਗਦੀ ਹੈ, ਇੰਜ ਹੀ ਪਿਆਰ ਦੇ ਚਿਰਾਗ ਜਿਨ੍ਹਾਂ ਰਾਹਾਂ ਵਿੱਚ ਜਗ ਪੈਣ ਉਹ ਰੌਣਕਾਂ ਨਾਲ ਭਰ ਜਾਂਦੇ ਹਨ। ਜਿਨ੍ਹਾਂ ਦਿਲਾਂ ਵਿੱਚ ਪਿਆਰ ਦੇ ਚਸ਼ਮੇ ਫੁੱਟ ਪੈਣ ਉਹ ਹਮੇਸ਼ਾਂ ਲਈ ਰੌਸ਼ਨ ਹੋ ਜਾਂਦੇ ਹਨ।



ਇਨਸਾਨ ਸਾਰੀ ਉਮਰ ਪਿਆਰ ਲਈ ਤਾਂਘਦਾ ਹੈ। ਇਸ ਦੀ ਭਾਲ ਵਿੱਚ ਹਰ ਥਾਂ ਭਟਕਦਾ ਫਿਰਦਾ ਹੈ ਪਰ ਖ਼ੁਸ਼ੀ ਨਹੀਂ ਮਿਲਦੀ, ਸਗੋਂ ਕਈ ਵਾਰ ਤਾਂ ਖ਼ੁਸ਼ੀ ਦੀ ਥਾਂ ਗ਼ਮ ਤੇ ਦੁਖ ਮਿਲਦੇ ਹਨ। ਪਰ ਖ਼ੁਸ਼ੀ ਦੀ ਤਾਂਘ ਤਾਂ ਹਰ ਵਕਤ ਇਨਸਾਨ ਦੇ ਦਿਲ ਵਿੱਚ ਬਰਕਰਾਰ ਰਹਿੰਦੀ ਹੈ। ਕੌਣ ਹੈ ਜੋ ਫਰਹਾਦ ਵਾਂਗ ਖ਼ੁਸ਼ੀਆਂ ਲਈ ਨਹਿਰ ਪੁੱਟਣ ਲਈ ਤਿਆਰ ਨਹੀਂ ਜਾਂ ਪਰਬਤ, ਪਹਾੜ ਲੰਘ ?ਕੇ ਜ਼ਿੰਦਗੀ ਦੇ ਰੂ-ਬ-ਰੂ ਨਹੀਂ ਹੋਣਾ ਚਾਹੁੰਦਾ।

ਜ਼ਿੰਦਗੀ ਮ੍ਰਿਗ-ਤ੍ਰਿਸ਼ਨਾ ਬਣਦੀ ਜਾ ਰਹੀ ਹੈ, ਸੋਨੇ ਦਾ ਮਿਰਗ ਬਣ ਕੇ ਜ਼ਿੰਦਗੀ ਇਨਸਾਨ ਨੂੰ ਲੁਭਾਉਂਦੀ ਹੈ ਪਰ ਉਸ ਦੇ ਹੱਥ ਨਹੀਂ ਆਉਂਦੀ। ਫਿਰ ਵੀ ਇਨਸਾਨ ਨੂੰ ਆਪਣੇ ਸੁਪਨੇ ਸਾਕਾਰ ਕਰਨ ਲਈ ਮਿਹਨਤ, ਮੁਸ਼ੱਕਤ ਤਾਂ ਕਰਨੀ ਹੀ ਪੈਂਦੀ ਹੈ। ਜਿਸ ਨੇ ਮਿਹਨਤ, ਮੁਸ਼ੱਕਤ ਕਰਕੇ ਸਹੀ ਰਾਹ ਅਪਣਾ ਲਿਆ ਹੈ ਉਸ ਨੂੰ ਵਿਹਲ ਹੀ ਕਿੱਥੇ ਹੈ? ਕਿ ਉਹ ਆਪਣੇ ਮਖਮਲੀ ਰਾਹਾਂ ਦੇ ਸੁਪਨੇ ਲਵੇ ਜਾਂ ਕੋਮਲ ਤਾਂਘ ਦੀ ਉਡੀਕ ਕਰੇ। ਉਹ ਤਾਂ ਸਿਰ ਸੁੱਟ ਕੇ ਮਿਹਨਤ ਵਿੱਚ ਲੱਗਾ ਰਹਿੰਦਾ ਹੈ। ਸਿਆਣੇ ਕਹਿੰਦੇ ਹਨ ਕਿ ਜਿਸ ਨੇ ਪਾਣੀ ਪੀਣ ਲਈ ਖੂਹ ਪੁੱਟ ਲਿਆ ਹੈ, ਉਹ ਕਦੇ ਪਿਆਸਾ ਨਹੀਂ ਰਹਿ ਸਕਦਾ। ਉਸ ਲਈ ਹਰ ਕੰਮ ਕਰਨਾ ਆਸਾਨ ਤੇ ਖ਼ੁਸ਼ੀਆਂ ਭਰਿਆ ਹੋ ਨਿੱਬੜਦਾ ਹੈ। ਜ਼ਿੰਦਗੀ ਦਾ ਕਿਹੜਾ ਪਲ ਹੈ ਜੋ ਖ਼ੁਸ਼ੀਆਂ ਤੋਂ ਖਾਲੀ ਹੈ। ਕੀ ਜਦੋਂ ਕਿਸਾਨ ਮਿੱਟੀ ਪੋਲੀ ਕਰਕੇ ਕਣਕ ਬੀਜਦਾ ਹੈ, ਉਹ ਖ਼ੁਸ਼ੀ ਦਾ ਪਲ ਨਹੀਂ ਹੁੰਦਾ ਜਾਂ ਕੋਈ ਕਲਾਕਾਰ ਕਲਾ ਵਿੱਚ ਲੀਨ ਹੋਇਆ ਸੁੰਦਰ ਕਲਾਕ੍ਰਿਤੀ ਨੂੰ ਜਨਮ ਦਿੰਦਾ ਹੈ, ਉਹ ਖ਼ੁਸ਼ੀ ਦਾ ਪਲ ਨਹੀਂ। ਜਿਹੜੀ ਮਾਂ ਸੁੰਦਰ ਤੇ ਗੋਭਲੇ ਜਿਹੇ ਬੱਚੇ ਨੂੰ ਜਨਮ ਦਿੰਦੀ ਹੈ। ਉਹ ਖ਼ੁਸ਼ੀ ਦਾ ਪਲ ਨਹੀਂ। ਉਸ ਵਕਤ ਤਾਂ ਮਾਂ ਆਪਣੇ ਚੰਨ ਜਿਹੇ ਬਾਲ ਨੂੰ ਵੇਖ ਕੇ ਖ਼ੁਸ਼ੀ ਵਿੱਚ ਖੀਵੀ ਹੋਈ, ਪੂਰੇ ਸੰਸਾਰ ਨੂੰ ਭੁੱਲ ਜਾਂਦੀ ਹੈ। ਪੁੱਤਰ ਨੂੰ ਜਨਮ ਦੇ ਕੇ ਮਾਂ ਦਾ ਹਿਰਦਾ ਸਭ ਬਹਿਸ਼ਤਾ ਪ੍ਰਾਪਤ ਕਰ ਲੈਂਦਾ ਹੈ। ਉਸ ਲਈ ਧਰਤੀ ਅਸਮਾਨ ਇੱਕ ਹੋਏ ਪ੍ਰਤੀਤ ਹੁੰਦੇ ਹਨ।

ਸਿਆਣੇ ਕਹਿੰਦੇ ਹਨ ਜੇ ਖ਼ੁਸ਼ੀ ਲੱਭਣੀ ਹੈ ਤਾਂ ਫੁੱਲਾਂ ਵਰਗੇ ਬਣੋ। ਫੁੱਲਾਂ ਦੀ ਸੰਗਤ ਵਿੱਚ ਰਹੋ ਤੇ ਧਰਤੀ ਦੀ ਕੁੱਖ ਪੋਲੀ ਕਰਕੇ, ਤੁਸੀਂ ਵੀ ਆਪਣੇ ਹੱਥੀਂ ਫੁੱਲ ਉਗਾਉਣੇ ਸਿੱਖ ਲਵੋ। ਨਰਮ-ਨਰਮ ਧਰਤੀ ਵਿੱਚੋਂ ਜਦੋਂ ਕੋਂਪਲ ਫੁੱਟਦੇ ਹਨ ਤਾਂ ਇਹ ਖ਼ੁਸ਼ੀ ਦੇ ਦੁਆਰ 'ਤੇ ਇੱਕ ਪੋਲੀ ਜਿਹੀ ਦਸਤਕ ਹੁੰਦੀ ਹੈ। ਇਨ੍ਹਾਂ ਕੋਂਪਲਾਂ ਨੇ ਫੁੱਟ ਕੇ, ਇੱਕ ਦਿਨ ਬਾਗ਼ ਦੀ ਨੁਹਾਰ ਬਦਲਣੀ ਹੈ। ਇਨ੍ਹਾਂ ਕੋਪਲਾਂ ਵਿੱਚੋਂ ਖਿੜ ਕੇ ਹਜ਼ਾਰਾਂ ਫੁੱਲਾਂ ਨੇ ਖਿੜ ਕੇ ਕਿੰਨੀਆਂ ਅੱਖਾਂ ਦੀ ਸੁੰਦਰਤਾ ਨੂੰ ਜਨਮ ਦੇਣਾ ਹੈ ਤੇ ਕਿੰਨੇ ਚਿਹਰਿਆਂ ਵਿੱਚ ਰੁਸ਼ਨਾਈ ਭਰਨੀ ਹੈ।

ਖ਼ੁਸ਼ੀ ਜੇ ਮੁੱਲ ਵਿਕਦੀ ਹੁੰਦੀ ਤਾਂ ਅਮੀਰ ਇਨਸਾਨ ਇਸ ਨੂੰ ਖ਼ਰੀਦਣ ਲਈ ਸਭ ਤੋਂ ਪਹਿਲਾਂ ਖ਼ੁਸ਼ੀ ਦੇ ਸਟੋਰਾਂ 'ਤੇ ਪਹੁੰਚ ਜਾਵੇ ਪਰ ਅਜਿਹਾ ਨਹੀਂ ਹੈ। ਅਮੀਰ ਇਨਸਾਨ ਏ.ਸੀ., ਕਾਰਾਂ, ਮਹਿੰਗਾ ਫਰਨੀਚਰ, ਮਹਿੰਗੇ ਕੱਪੜੇ ਤਾਂ ਖ਼ਰੀਦ ਸਕਦੇ ਹਨ ਪਰ ਖ਼ੁਸ਼ੀ ਨਹੀਂ। ਇਨਸਾਨ ਦੀ ਕਿੰਨੀ ਵੱਡੀ ਭੁੱਲ ਹੈ ਕਿ ਖ਼ੁਸ਼ੀ ਨੂੰ ਵਸਤਾਂ ਵਿੱਚੋਂ ਭਾਲਦਾ ਹੈ। ਇਸੇ ਲਈ ਵੱਧ ਤੋਂ ਵੱਧ ਧਨ ਇਕੱਠਾ ਕਰਨ ਵਿੱਚ ਲੱਗਾ ਹੋਇਆ ਹੈ। ਸਿਆਣੇ ਕਹਿੰਦੇ ਹਨ ਕਿ ਜੇ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਹਨ ਤਾਂ ਪਹਿਲਾਂ ਆਪਣਾ ਹਿਰਦਾ ਸ਼ੁੱਧ ਕਰ ਲਵੋ ਕਿਉਂਕਿ ਮੈਲੇ ਹਿਰਦੇ ਵਿੱਚ ਖ਼ੁਸ਼ੀਆਂ ਨਹੀਂ ਸਮਾ ਸਕਦੀਆਂ। ਇੰਜ ਹੀ ਖ਼ੁਸ਼ੀ ਵੀ ਮੈਲੇ ਮਨ ਵਿੱਚ ਤ੍ਰੇੜੀ ਜਾਂਦੀ ਹੈ।

ਜਿੰਨਾ ਵੱਡਾ ਆਪਣਾ ਪੱਲੂ ਵੱਡਾ ਕਰੀ ਜਾਵੋਗੇ, ਓਨੀਆਂ ਹੀ ਵੱਧ ਖ਼ੁਸ਼ੀਆਂ ਇਸ ਵਿੱਚ ਸਮਾਈ ਜਾਣਗੀਆਂ। ਹਾਂ, ਇਹ ਨਾ ਭੁੱਲਣਾ ਜੇ ਤੁਸੀਂ ਖ਼ੁਸ਼ੀ ਪ੍ਰਾਪਤ ਕਰਨੀ ਹੈ ਤਾਂ ਇਸ ਦਾ ਕੁਝ ਨਾ ਕੁਝ ਮੁੱਲ ਵੀ ਤੁਹਾਨੂੰ ਤਾਰਨਾ ਪਵੇਗਾ। ਫੁੱਲ ਪ੍ਰਾਪਤ ਕਰਨ ਲਈ ਕੰਡਿਆਂ ਦੀ ਪੀੜ ਸਹਿਣੀ ਪੈਂਦੀ ਹੈ। ਬੱਚੇ ਨੂੰ ਜਨਮ ਦੇਣ ਲਈ ਮਾਂ ਨੂੰ ਕਿੰਨੀ ਵੱਡੀ ਪੀੜ ਸਹਿਣੀ ਪੈਂਦੀ ਹੈ। ਸਗੋਂ ਖ਼ੁਸ਼ੀਆਂ ਹਾਸਲ ਕਰਨ ਲਈ ਆਪਾ ਵਾਰਨਾ ਪੈਂਦਾ ਹੈ। ਪ੍ਰੇਮਿਕਾ ਦਾ ਦਿਲ ਜਿੱਤਣ ਲਈ ਜ਼ਿੰਦਗੀ ਸਮਰਪਣ ਕਰਨੀ ਪੈਂਦੀ ਹੈ। ਕਈ ਵਾਰੀ ਪੂਰੇ ਪਿਆਰ ਦੀ ਕੀਮਤ ਜ਼ਿੰਦਗੀ ਦੀ ਕੀਮਤ ਤੋਂ ਵੱਧ ਆਂਕੀ ਜਾਂਦੀ ਹੈ।

ਕਈ ਵਾਰ ਰਾਹ ਜਾਂਦਿਆਂ ਵੀ ਖ਼ੁਸ਼ੀਆਂ ਮਿਲ ਜਾਂਦੀਆਂ ਹਨ। ਜਿਵੇਂ ਸਫ਼ਰ 'ਤੇ ਤੁਰੇ ਯਾਤਰੀ ਨੂੰ ਵਗਦੇ ਪਾਣੀਆਂ ਦੇ ਸੰਗੀਤ ਵਿੱਚੋਂ ਖ਼ੁਸ਼ੀ ਮਿਲ ਜਾਂਦੀ ਹੈ। ਸਵੇਰੇ ਸੁਗੰਧ ਸਮੀਰ ਪਹਿਲੇ ਉੱਠੇ ਯਾਤਰੀ ਦਾ ਸੁਆਗਤ ਕਰਦੀ ਹੈ। ਬਾਗ਼ਾਂ, ਫੁੱਲਾਂ, ਤਿੱਤਲੀਆਂ, ਰੰਗਾਂ, ਸੁਗੰਧਾਂ ਤੇ ਕੁੱਲ ਪ੍ਰਕਿਰਤੀ ਦੀ ਸੁੰਦਰਤਾ ਖ਼ੁਸ਼ੀਆਂ ਵੰਡ ਰਹੀ ਹੈ। ਉੱਡਦੇ ਪੰਛੀ ਤੇ ਚਹਿਕਦੇ ਪਰਿੰਦੇ ਸਾਨੂੰ ਖ਼ੁਸ਼ ਕਰਨ ਲਈ ਕੰਮ ਕਰ ਰਹੇ ਹਨ। ਝਰਨੇ, ਆਬਸ਼ਾਰਾਂ ਤੇ ਬਹਾਰਾਂ ਸਭ ਖ਼ੁਸ਼ੀ ਦੀ ਦਾਅਵਤ ਹਨ। ਆਪਣੇ ਫੁਰਸਤ ਦੇ ਪਲਾਂ ਵਿੱਚ ਇਨ੍ਹਾਂ ਖ਼ੁਸ਼ੀਆਂ ਦੇ ਸੋਮਿਆਂ ਵੱਲ ਧਿਆਨ ਧਰੋ ਤੇ ਖ਼ੁਸ਼ੀਆਂ ਆਪਣੀ ਝੋਲੀ ਵਿੱਚ ਭਰ ਲਵੋ। ਕੁਦਰਤ ਦੇ ਆਬੇ-ਹਯਾਤ ਵਿੱਚੋਂ ਮਾਮੂਲੀ ਦਸਕਤ ਦੇਣ 'ਤੇ ਹੀ ਖ਼ੁਸ਼ੀ ਮਿਲ ਸਕਦੀ ਹੈ।



# ਖੇਤੀ ਉਤਪਾਦਾਂ ਦੇ ਸਫ਼ਲ ਵਪਾਰ ਲਈ ਗੁਣਵੱਤਾ ਮਾਪਦੰਡ

ਡਾ. ਮਨਮੀਤ ਮਾਨਵ

'ਉੱਚ ਮਿਆਰ , ਸਫ਼ਲ ਵਪਾਰ' ਅੱਜ ਮੁਕਾਬਲੇ ਦੇ ਬਾਜ਼ਾਰ ਵਿੱਚ ਗੁਣਵੱਤਾ ਹਰ ਕਿਸਮ ਦੇ ਉਤਪਾਦਾਂ ਖ਼ਾਸ ਕਰ ਕੇ ਖੇਤੀਬਾੜੀ ਭੋਜਨ ਉਤਪਾਦਾਂ ਲਈ ਇੱਕ ਵਿਲੱਖਣ ਅਤੇ ਮਹੱਤਵਪੂਰਨ ਪਹਿਲੂ ਬਣ ਗਈ ਹੈ। ਮਿਲਾਵਟ ਦੇ ਵਧ ਰਹੇ ਰੁਝਾਨ ਅਤੇ ਉਸ ਦੇ ਸਿਹਤ ਤੇ ਮਾੜੇ ਪ੍ਰਭਾਵਾਂ ਕਾਰਨ ਖ਼ਪਤਕਾਰਾਂ ਵਿੱਚ ਭੋਜਨ ਪਦਾਰਥਾਂ ਦੀ ਸ਼ੁੱਧਤਾ ਅਤੇ ਗੁਣਵੱਤਾ ਨੂੰ ਲੈ ਕੇ ਜਾਗਰੂਕਤਾ ਬਹੁਤ ਵਧੀ ਹੈ। ਹੁਣ ਲੋਕ 'ਭੋਜਨ ਸੁਰੱਖਿਆ' ਲਈ ਨਹੀਂ ਬਲਕਿ 'ਪੋਸ਼ਣ ਸੁਰੱਖਿਆ' ਲਈ ਜ਼ਿਆਦਾ ਸੁਚੇਤ ਹਨ। ਖ਼ਾਸ ਕਰ ਕੇ ਕਰੋਨਾ ਮਹਾਮਾਰੀ ਤੋਂ ਬਾਅਦ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਸਿਹਤਮੰਦ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਸ਼ੁੱਧ ਖਾਧ ਪਦਾਰਥਾਂ ਦੀ ਗਾਹਕਾਂ ਵਿੱਚ ਮੰਗ ਬਹੁਤ ਵਧੀ ਹੈ। ਕੁਦਰਤੀ ਭੌਤਿਕ ਅਤੇ ਰਸਾਇਣਕ ਗੁਣਾਂ ਨੂੰ ਘੱਟ ਤੋਂ ਘੱਟ ਬਦਲ ਕੇ, ਇੱਕਸਾਰ ਗੁਣਵੱਤਾ ਪ੍ਰਦਾਨ ਕਰਨ ਵਾਲੇ ਭੋਜਨ ਪਦਾਰਥ ਖ਼ਪਤਕਾਰਾਂ ਦੀ ਪਹਿਲੀ ਪਸੰਦ ਬਣ ਚੁੱਕੇ ਹਨ ਤਾਂ ਜੋ ਉਹ ਖਾਣ ਵਾਲੀਆਂ ਵਸਤੂਆਂ ਵਿੱਚੋਂ ਉਸ ਦੀ ਅਸਲੀ ਗੰਧ, ਸਵਾਦ, ਰੰਗ ਅਤੇ ਬਣਤਰ ਨੂੰ ਮਹਿਸੂਸ ਕਰ ਸਕਣ ਜੋ ਕਈ ਸਾਲਾਂ ਪਹਿਲਾਂ ਅਨੁਭਵ ਕਰਦੇ ਸਨ। ਇਸ ਤੋਂ ਇਲਾਵਾ ਵਧ ਰਹੀ ਕੀਟਨਾਸ਼ਕਾਂ/ ਦਵਾਈਆਂ ਦੀ ਵਰਤੋਂ ਕਾਰਨ ਖ਼ਪਤਕਾਰ ਉਤਪਾਦਾਂ ਤੋਂ ਆਪਣੀ ਸਿਹਤ ਦੀ ਸੁਰੱਖਿਆ ਦਾ ਭਰੋਸਾ ਵੀ ਚਾਹੁੰਦਾ ਹੈ।

ਗੁਣਵੱਤਾ ਨਿਰਧਾਰਤ ਕਰਨ ਵਾਲੇ ਕਾਰਕ: ਖੇਤ ਤੋਂ ਰਸੋਈ ਤੱਕ ਪਹੁੰਚਣ ਲਈ ਭੋਜਨ ਪਦਾਰਥਾਂ ਨੂੰ ਬਹੁਤ ਸਾਰੇ ਪੜਾਵਾਂ ਵਿੱਚੋਂ ਲੰਘਣਾ ਪੈਂਦਾ ਹੈ ਅਤੇ ਹਰ ਪੜਾਅ ਦੀ ਗਤੀਵਿਧੀ ਉਸ ਦੀ ਗੁਣਵੱਤਾ ਨੂੰ ਨਿਰਧਾਰਤ ਕਰਦੀ ਹੈ। ਇਹ ਕਾਰਕ ਹਨ:

ਕਾਸ਼ਤ ਵਿਧੀ: ਖੇਤੀਬਾੜੀ ਅਤੇ ਸਹਾਇਕ ਧੰਦਿਆਂ ਦੀ ਕਾਸ਼ਤ ਕਰਨ ਦੀ ਪ੍ਰਕਿਰਿਆ ਤੋਂ ਹੀ ਉਨ੍ਹਾਂ ਦੇ ਅੰਤਿਮ ਉਤਪਾਦ ਦੀ ਗੁਣਵੱਤਾ ਤੈਅ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਵੇਂ ਕਿ ਸ਼ਹਿਦ ਦੀ ਗੁਣਵੱਤਾ ਮਧੂ ਮੱਖੀ ਪਾਲਣ ਦਾ ਤਰੀਕਾ, ਬਕਸਿਆਂ ਦੀ ਸਾਫ਼-ਸਫ਼ਾਈ, ਬਨਸਪਤੀ ਸਰੋਤ (ਫਲੋਰਾ), ਛੱਤੇ ਤੋਂ ਸ਼ਹਿਦ ਕੱਢਣ ਦੇ ਢੁੱਕਵੇਂ ਸਮੇਂ 'ਤੇ ਨਿਰਭਰ ਕਰਦਾ ਹੈ। ਫ਼ਸਲਾਂ ਦੀ ਕਾਸ਼ਤ ਵੇਲੇ ਬੀਜ ਦੀ ਗੁਣਵੱਤਾ, ਮਿੱਟੀ ਦੀ ਸਿਹਤ, ਰੇਆਂ-ਸਪਰੇਆਂ ਦੀ ਵਰਤੋਂ, ਸਿੰਜਾਈ ਦੀ ਮਾਤਰਾ, ਕਟਾਈ ਦਾ ਸਮਾਂ ਆਦਿ ਖੇਤੀ-ਉਤਪਾਦਾਂ ਦੇ ਮਿਆਰ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤਰ੍ਹਾਂ ਹੀ ਡੇਅਰੀ ਅਤੇ ਪੋਲਟਰੀ ਫਾਰਮਿੰਗ ਦੇ ਵਿਗਿਆਨਕ ਤਕਨੀਕੀ ਅਭਿਆਸ ਨਾਲ ਉੱਚ ਮਿਆਰ ਦੇ ਉਤਪਾਦ (ਘਿਓ, ਦੁੱਧ, ਮੀਟ, ਆਂਡੇ) ਤਿਆਰ ਹੁੰਦੇ ਹਨ।ਪ੍ਰਾਸੈਸਿੰਗ ਤਕਨੀਕ: ਉਪਜ ਤੋਂ ਉਤਪਾਦ ਬਣਾਉਣ ਦੀ ਪ੍ਰਾਸੈਸਿੰਗ ਤਕਨੀਕ ਵੀ ਉਸ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੀ ਹੈ। ਕਿਸੇ ਵੀ ਉਪਜ (ਖੇਤੀ/ ਸ਼ਹਿਦ/ ਪਸ਼ੂ ਉਤਪਾਦ) ਦੀ ਪ੍ਰਾਸੈਸਿੰਗ ਲਈ ਸਾਫ਼ ਸਫ਼ਾਈ ਦਾ ਧਿਆਨ ਰੱਖਣਾ ਅਤੀ ਲਾਜ਼ਮੀ ਹੈ। ਪ੍ਰਾਸੈਸਿੰਗ ਲਈ ਵਰਤੇ ਜਾਣ ਵਾਲੇ ਉਪਕਰਨ, ਬਰਤਨ, ਸੰਦ, ਜਗ੍ਹਾ ਬਹੁਤ ਸਾਫ਼, ਸੁੱਕੇ, ਨਮੀ ਰਹਿਤ ਅਤੇ ਕਿਸੇ ਵੀ ਤਰ੍ਹਾਂ ਦੀ ਗੰਦਗੀ ਰਹਿਤ ਹੋਣੇ ਚਾਹੀਦੇ ਹਨ। ਪ੍ਰਾਸੈਸਿੰਗ ਕਰਨ ਵਾਲੇ ਕਾਮਿਆਂ ਦੇ ਹੱਥ, ਸਰੀਰ, ਕੱਪੜੇ ਸਭ ਸਾਫ਼-ਸੁਥਰੇ ਹੋਣੇ ਚਾਹੀਦੇ ਹਨ। ਹਰ ਉਤਪਾਦ ਦੀ ਪ੍ਰਾਸੈਸਿੰਗ ਲਈ ਢੁੱਕਵਾਂ ਤਕਨੀਕੀ ਅਭਿਆਸ ਉਸ ਦੀ ਗੁਣਵੱਤਾ ਵਧਾਉਂਦਾ ਹੈ। ਜਿਵੇਂ ਕਿ ਸ਼ਹਿਦ ਦੀ ਫਿਲਟ੍ਰੇਸ਼ਨ ਤਕਨੀਕ ਵੇਲੇ ਤਾਪਮਾਨ ਸੀਮਾ (65੍ਰ3 ਤੋਂ ਘੱਟ); ਸਰ੍ਹੋਂ ਦੇ ਤੇਲ ਕੱਢਣ ਵੇਲੇ ਸਰ੍ਹੋਂ ਵਿੱਚ ਘੱਟ ਨਮੀ ਦੀ ਮਾਤਰਾ, ਘੱਟ ਤਾਪਮਾਨ ਸੀਮਾ; ਮਸਾਲਿਆਂ, ਆਟਾ ਵੇਸਣ ਆਦਿ ਨੂੰ ਪੀਸਣ ਵੇਲੇ ਉਸ ਦੇ ਕੁਦਰਤੀ ਗੁਣਾਂ ਨੂੰ ਬਰਕਰਾਰ ਰੱਖਣ ਲਈ ਢੁੱਕਵੀਂ ਤਕਨੀਕ ਆਦਿ ਇਨ੍ਹਾਂ ਉਤਪਾਦਾਂ ਦੀ ਗੁਣਵੱਤਾ ਅਤੇ ਪੌਸ਼ਟਿਕਤਾ ਨੂੰ ਸੁਰੱਖਿਅਤ ਰੱਖਦੇ ਹਨ।



ਪੈਕਿੰਗ ਸਮੱਗਰੀ: ਪੈਕਿੰਗ ਸਮੱਗਰੀ ਦੀ ਗੁਣਵੱਤਾ ਵੀ ਉਤਪਾਦ ਦੀ ਗੁਣਵੱਤਾ ਤੇ ਵਿਕਰੀ ਨੂੰ ਤੈਅ ਕਰਨ ਵਾਲਾ ਸਭ ਤੋਂ ਮਹੱਤਵਪੂਰਨ ਮਾਪਦੰਡ ਹੈ। ਬਹੁਤ ਘੱਟ ਘਣਤਾ ਵਾਲੇ ਪਲਾਸਟਿਕ, ਪਾਲੀਥੀਨ, ਸਟਾਇਰੋਫੋਮ ਵੱਧ ਤਾਪਮਾਨ ਜਾਂ ਗਰਮੀ ਵਿੱਚ ਜ਼ਹਿਰੀਲੇ ਪਦਾਰਥ ਛੱਡ ਸਕਦੇ ਹਨ। ਇਸ ਲਈ ਭੋਜਨ ਪਦਾਰਥਾਂ ਦੇ ਸਿੱਧੇ ਸੰਪਰਕ ਵਿੱਚ ਆਉਣ ਵਾਲੀ ਪੈਕਿੰਗ ਸਮੱਗਰੀ ਸਰਕਾਰ ਵੱਲੋਂ ਪ੍ਰਮਾਣਿਤ ਮਾਪਦੰਡਾਂ ਅਨੁਸਾਰ ਫੂਡ ਗ੍ਰੇਡ (ਉੱਚ ਮਿਆਰ ਅਤੇ ਗੁਣਵੱਤਾ) ਦੀ ਹੋਣੀ ਚਾਹੀਦੀ ਹੈ ਤਾਂ ਜੋ ਭੋਜਨ ਪਦਾਰਥਾਂ ਦੇ ਅਸਲੀ ਅਤੇ ਕੁਦਰਤੀ ਗੁਣਾਂ ਨੂੰ ਸੰਭਾਲ ਕੇ ਸਿਹਤ ਲਈ ਸੁਰੱਖਿਆਦਾਇਕ ਰੱਖਿਆ ਜਾ ਸਕੇ।

ਭੰਡਾਰਨ ਹਾਲਾਤ: ਭੋਜਨ ਉਤਪਾਦਾਂ ਨੂੰ ਢੁੱਕਵੇਂ ਤਾਪਮਾਨ, ਘੱਟ ਨਮੀ, ਸੰਤੁਲਿਤ ਹਵਾ ਦੀ ਮਾਤਰਾ, ਚੂਹੇ/ ਕੀੜੇ ਮਕੌੜੇ/ ਸੂਖਮ ਜੀਵਾਣੂਆਂ ਰਹਿਤ ਸਾਫ਼-ਸੁਥਰੇ ਸੁੱਕੇ ਸਟੋਰੇਜ ਰੂਮ/ ਸਾਈਲੋਜ/ ਕੰਟੇਨਰਾਂ ਵਿੱਚ ਰੱਖਣਾ ਚਾਹੀਦਾ ਹੈ ਤਾਂ ਜੋ ਉਤਪਾਦਾਂ ਦੀ ਪੌਸ਼ਟਿਕਤਾ, ਸੁਰੱਖਿਅਤਾ ਅਤੇ ਤਾਜ਼ਗੀ ਨੂੰ ਲੰਮੇ ਸਮੇਂ ਤੱਕ ਬਣਾਈ ਰੱਖਿਆ ਜਾਵੇ।

ਸੋ ਉਪਜ ਦੀ ਕਾਸ਼ਤ, ਕਟਾਈ, ਪ੍ਰਾਸੈਸਿੰਗ, ਪੈਕਿੰਗ, ਸਟੋਰੇਜ ਅਤੇ ਵੰਡ ਆਦਿ ਹਰ ਪ੍ਰਕਿਰਿਆ ਵਿੱਚ ਖੇਤੀ ਭੋਜਨ ਪਦਾਰਥਾਂ ਦੀ ਸਿਹਤ ਲਈ ਸੁਰੱਖਿਆ, ਸ਼ੁੱਧਤਾ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣਾ ਲਾਜ਼ਮੀ ਹੈ।

ਗੁਣਵੱਤਾ ਮਾਪਦੰਡ/ ਗੁਣਵੱਤਾ ਦੇ ਮਿਆਰ: ਕਿਸੇ ਭੋਜਨ ਪਦਾਰਥ ਦੀ ਗੁਣਵੱਤਾ ਉਸ ਦੀਆਂ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਦਾ ਮਿਸ਼ਰਨ ਹੈ। ਗੁਣਵੱਤਾ ਨੂੰ ਨਿਯੰਤਰਤ ਕਰਨ ਲਈ ਉਤਪਾਦ ਦੇ ਸੰਵੇਦੀ, ਭੌਤਿਕ ਅਤੇ ਰਸਾਇਣਕ ਗੁਣਾਂ ਦੇ ਮਾਪਦੰਡਾਂ ਨੂੰ ਸਮਝਣਾ ਅਤੇ ਅਪਣਾਉਣਾ ਅਤਿ ਜ਼ਰੂਰੀ ਹੈ।

ਸੰਵੇਦੀ ਗੁਣ: ਕਿਸੇ ਭੋਜਨ ਪਦਾਰਥਾਂ ਦੇ ਸੰਵੇਦੀ ਗੁਣ ਉਹ ਵਿਸ਼ੇਸਤਾਵਾਂ ਹਨ ਜਿਨ੍ਹਾਂ ਨੂੰ ਅਸੀਂ ਸਰੀਰਕ ਗਿਆਨ ਇੰਦਰੀਆਂ ਦੀਆਂ ਪ੍ਰਤੀਕਿਰਿਆਵਾਂ (ਦੇਖਣਾ, ਸੁੰਘਣਾ, ਚੱਖਣਾ, ਸੁਣਨਾ ਅਤੇ ਛੂਹਣਾ) ਨਾਲ ਅਨੁਭਵ ਕਰਦੇ ਹਾਂ। ਇਹ ਗੁਣ ਰੰਗ, ਸਵਾਦ, ਗੰਧ, ਦਿੱਖ, ਬਣਤਰ ਹਨ ਜੋ ਉਸ ਪ੍ਰੋਡਕਟ ਦੀ ਗੁਣਵੱਤਾ ਦਾ ਪਹਿਲਾ ਪ੍ਰਭਾਵ ਪਾਉਂਦੇ ਹਨ।

ਰੰਗ: ਕਿਸੇ ਵੀ ਉਤਪਾਦ ਦਾ ਰੰਗ ਕੁਦਰਤੀ ਹੋਣਾ ਚਾਹੀਦਾ ਹੈ। ਗ਼ੈਰ-ਕੁਦਰਤੀ ਤਿੱਖਾ ਰੰਗ ਜਿਵੇਂ ਕਿ ਦਾਲਾਂ ਦਾ ਤਿੱਖਾ ਪੀਲਾ ਰੰਗ ਮੈਟਾਨਿਲ ਯੈਲੋ ਰਸਾਇਣ ਦਾ ਹੋ ਸਕਦਾ ਹੈ। ਸਬਜ਼ੀਆਂ ਅਤੇ ਫਲਾਂ ਦਾ ਨਕਲੀ ਲੱਗਣ ਵਾਲਾ ਗੂੜ੍ਹਾ ਹਰਾ ਅਤੇ ਲਾਲ ਰੰਗ ਮੈਲਾਕਾਈਟ ਅਤੇ ਰੋਡਾਮਾਈਨ ਬੀ ਰਸਾਇਣ ਕਰ ਕੇ ਹੋ ਸਕਦਾ ਹੈ ਜੋ ਕਿ ਸਿਹਤ 'ਤੇ ਖ਼ਤਰਨਾਕ ਪ੍ਰਭਾਵ ਪਾਉਂਦੇ ਹਨ।ਸਵਾਦ: ਉਤਪਾਦ ਦਾ ਮਿੱਠਾ, ਕੌੜਾ, ਖੱਟਾ, ਨਮਕੀਨ ਸਵਾਦ ਉਸ ਦੀ ਗੁਣਵੱਤਾ ਅਤੇ ਤਾਜ਼ਗੀ ਨੂੰ ਪ੍ਰਭਾਵਿਤ ਕਰਦਾ ਹੈ। ਸ਼ਹਿਦ ਵਿੱਚ ਕੁੜੱਤਣ ਵੱਧ ਤਾਪਮਾਨ ਤੇ ਗਰਮ ਕਰਨ ਨਾਲ ਜਾਂ ਫਿਰ ਪੁਰਾਣਾ ਹੋਣ ਕਰ ਕੇ ਹੋ ਸਕਦੀ ਹੈ। ਡੇਅਰੀ ਉਤਪਾਦਾਂ ਵਿੱਚ ਖਟਾਸ ਵੀ ਉਸ ਦੀ ਮਿਆਦ ਖ਼ਤਮ ਹੋਣ ਨੂੰ ਦਰਸਾਉਂਦੀ ਹੈ।

ਖ਼ੁਸ਼ਬੋ: ਮਸਾਲਿਆਂ ਦੀ ਚੰਗੀ ਸੁਗੰਧ ਉਸ ਵਿੱਚ ਜ਼ਰੂਰੀ ਤੇਲਾਂ ਦੀ ਮੌਜੂਦਗੀ ਦਰਸਾਉਂਦੀ ਹੈ। ਸਰ੍ਹੋਂ ਦੇ ਤੇਲ ਦੀ ਤਿੱਖੀ ਗੰਧ ਉਸ ਦੀ ਸ਼ੁੱਧਤਾ ਨੂੰ ਜ਼ਾਹਿਰ ਕਰਦੀ ਹੈ। ਖਮੀਰਨ ਵਾਲੀ ਗੰਧ ਉਤਪਾਦ ਵਿੱਚ ਯੀਸਟ ਸੈਲ ਦੇ ਵਧਣ ਕਾਰਨ ਹੋ ਸਕਦੀ ਹੈ ਅਤੇ ਸਮੋਕੀ ਗੰਧ ਉਤਪਾਦ ਦੇ ਪ੍ਰਾਸੈਸਿੰਗ ਵੇਲੇ ਤੇਜ਼ ਗਰਮ ਕਰਨ ਨਾਲ ਆਉਂਦੀਹੈ। ਸੋ ਭੋਜਨ ਉਤਪਾਦਾਂ ਦੀ ਗੰਧ ਹਮੇਸ਼ਾਂ ਮਨ ਨੂੰ ਚੰਗੀ ਲੱਗਣ ਵਾਲੀ ਹੋਵੇ। ਅਣਵਾਂਛਿਤ ਗੰਧ ਉਸ ਉਤਪਾਦ ਦੀ ਤਾਜ਼ਗੀ ਅਤੇ ਸੁਰੱਖਿਅਤਾ ਨੂੰ ਖ਼ਤਮ ਕਰ ਦਿੰਦੀ ਹੈ।

ਦਿੱਖ: ਕੋਈ ਵੀ ਭੋਜਨ ਉਤਪਾਦ ਦੀ ਦਿੱਖ ਉਸ ਦੀ ਗੁਣਵੱਤਾ ਦਾ ਪਹਿਲਾ ਮਾਪਦੰਡ ਹੈ ਜਿਸ ਲਈ ਉਹ ਅਣਲੋੜੀਂਦੀਆਂ ਪਦਾਰਥਾਂ ਜਿਵੇਂ ਕਿ ਅਜੈਵਿਕ ਅਸ਼ੁੱਧੀਆਂ, ਜੈਵਿਕ ਅਸ਼ੁੱਧੀਆਂ, ਕੀੜੇ ਮਕੌੜਿਆਂ, ਉੱਲੀ ਤੋਂ ਰਹਿਤ ਹੋਵੇ। ਅਨਾਜ ਤੇ ਦਾਲਾਂ ਵਿੱਚ ਟੁੱਟੇ ਸੁੰਗੜੇ, ਖ਼ਰਾਬ ਤੇ ਬਦਰੰਗੇ, ਕੀੜੇ ਖਾਧੇ ਦਾਣੇ ਨਹੀਂ ਦਿਖਣੇ ਚਾਹੀਦੇ। ਦੇਸੀ ਘਿਓ ਦੀ ਦਾਣੇਦਾਰ ਦਿੱਖ, ਸਰ੍ਹੋਂ ਦੇ ਤੇਲ ਦੀ ਪਾਰਦਰਸ਼ੀ ਦਿੱਖ, ਸ਼ਹਿਦ ਦਾ ਸੰਘਣਾਪਣ ਉਸ ਦੀ ਵਧੀਆ ਗੁਣਵੱਤਾ ਨੂੰ ਪ੍ਰਗਟਾਉਂਦਾ ਹੈ ਭੌਤਿਕ ਗੁਣ: ਖੇਤੀ ਜਿਣਸਾਂ/ ਉਤਪਾਦਾਂ ਦਾ ਭਾਰ, ਬਣਤਰ, ਆਕਾਰ, ਘਣਤਾ, ਨਮੀ ਦੀ ਮਾਤਰਾ ਇਨ੍ਹਾਂ ਦੀ ਗੁਣਵੱਤਾ ਨਿਰਧਾਰਤ ਕਰਨ ਵਾਲੇ ਭੌਤਿਕ ਗੁਣ ਹਨ। ਜਿਵੇਂ ਕਿ ਫ਼ਲ ਸਬਜ਼ੀਆਂ ਦਾ ਸੰਤੁਲਿਤ ਆਕਾਰ ਅਤੇ ਢੁੱਕਵਾਂ ਸਾਈਜ਼ ਖ਼ਪਤਕਾਰਾਂ ਨੂੰ ਆਕਰਸ਼ਿਤ ਕਰਦਾ ਹੈ। ਚੌਲਾਂ ਦੀ ਲੰਬੀ ਬਣਤਰ, ਸ਼ਹਿਦ ਅਤੇ ਦੁੱਧ ਦਾ ਉਚਿੱਤ ਸੰਘਣਾਪਣ, ਦੇਸੀ ਘਿਓ ਦੀ ਦਾਣੇਦਾਰ ਬਣਾਵਟ ਵੀ ਉਸ ਦੀ ਉੱਤਮਤਾ ਨੂੰ ਦਰਸਾਉਂਦਾ ਹੈ। ਪੀਸੇ ਅਤੇ ਸਾਬਤ ਮਸਾਲਿਆਂ, ਗੁੜ-ਸ਼ੱਕਰ ਵਿੱਚ ਘੱਟ ਨਮੀ ਦੀ ਮਾਤਰਾ ਇਨ੍ਹਾਂ ਦੀ ਮਿਆਦ ਅਤੇ ਮਿਆਰ ਵਧਾਉਂਦੀ ਹੈ। ਖੇਤੀ ਜਿਣਸਾਂ ਜਿਵੇਂ ਕਿ ਸਾਬਤ ਅਨਾਜ, ਸਾਬਤ ਦਾਲਾਂ, ਤੇਲਬੀਜ ਜਿਣਸਾਂ ਦਾ ਸਹੀ ਮਾਪ (ਲੰਬਾਈ ਮੋਟਾਈ), ਢੁੱਕਵਾਂ ਆਕਾਰ (ਸੁੰਗੜੇ ਨਾ ਹੋਣ) ਉੱਚਿਤ ਪਰਿਪੱਕਤਾ ਅਤੇ ਦਾਣਿਆਂ ਦੀ ਇਕਸਾਰਤਾ ਇਨ੍ਹਾਂ ਦੀ ਉੱਚ ਮਿਆਰੀ ਮਾਪਦੰਡ ਹਨ।

ਰਸਾਇਣਕ ਗੁਣ: ਖੇਤੀ ਜਿਣਸਾਂ/ ਉਤਪਾਦਾਂ ਦੀਆਂ ਮਹੱਤਵਪੂਰਨ ਰਸਾਇਣਕ ਵਿਸ਼ੇਸ਼ਤਾਵਾਂ ਉਨ੍ਹਾਂ ਦੀ ਉੱਤਮਤਾ ਦੀ ਡਿਗਰੀ ਹਨ। ਇਹ ਗੁਣ ਬਿਨਾਂ ਬਦਲੇ ਜੇ ਉਤਪਾਦ ਖੇਤ ਤੋਂ ਰਸੋਈ ਤੱਕ ਪਹੁੰਚਦਾ ਹੈ ਤਾਂ ਇਹ ਉੱਚ ਗੁਣਵੱਤਾ ਦਾ ਹੋਵੇਗਾ ਕਿਉਂਕਿ ਇਹ ਉਹ ਗੁਣ ਹਨ ਜੋ ਉਸ ਦੀ ਸ਼ੁੱਧਤਾ ਤਾਜ਼ਗੀ, ਪੌਸ਼ਟਿਕਤਾ, ਗੰਧ, ਸੁਆਦ ਨੂੰ ਉਪਯੁਕਤ ਬਣਾਉਂਦਾ ਹੈ ਪਰ ਇਹ ਗੁਣ ਕਿਸੇ ਵੀ ਪ੍ਰਕਿਰਿਆ ਜਿਵੇਂ ਕਿ ਪ੍ਰਾਸੈਸਿੰਗ, ਪੈਕਿੰਗ, ਸਟੋਰੇਜ ਵੇਲੇ ਬਦਲਣੇ ਨਹੀਂ ਚਾਹੀਦੇ ਅਤੇ ਨਿਰਧਾਰਤ ਮਾਪਦੰਡਾਂ ਅਨੁਸਾਰ ਹੀ ਹੋਣੇ ਚਾਹੀਦੇ ਹਨ। ਜਿਵੇਂ ਕਿ ਕੁਦਰਤੀ ਪੱਕੇ ਸ਼ਹਿਦ ਵਿੱਚ ਸੁਕਰੋਜ਼, ਗੁਲੂਕੋਜ਼ ਅਤੇ ਫਰਕਟੋਜ਼ ਦਾ ਢੁੱਕਵਾਂ ਅਨੁਪਾਤ; ਉੱਚਿਤ ਤਰੀਕੇ ਨਾਲ ਪ੍ਰਾਸੈਸ ਕੀਤੇ ਦੇਸੀ ਘਿਓ ਵਿੱਚ ਸਹੀ ਫੈਟੀ ਐਸਿਡ ਦੀ ਮਾਤਰਾ; ਸ਼ੁੱਧ ਸਰ੍ਹੋਂ ਦੇ ਤੇਲ ਦਾ ਕੁਦਰਤੀ ਇਸੈਂਸ਼ਲ ਆਇਲ, ਘੱਟ ਐਸਿਡਿਕ ਮੁੱਲ, ਮਸਾਲਿਆਂ ਦੀ ਸੁਗੰਧ ਲਈ ਸਹੀ ਮਾਤਰਾ ਵਿੱਚ ਵੋਲਾਟਾਈਲ ਆਇਲ; ਦਾਲਾਂ, ਆਟਾ, ਵੇਸਣ ਦੀ ਸਹੀ ਪ੍ਰੋਟੀਨ ਮਾਤਰਾ, ਇਸ ਤੋਂ ਇਲਾਵਾ ਖੇਤੀ ਜਿਣਸਾਂ ਵਿੱਚ ਮੌਜੂਦ ਵਿਟਾਮਿਨਜ਼, ਮਿਨਰਲ, ਐਨਜ਼ਾਈਮ ਨੂੰ ਪ੍ਰਾਸੈਸਿੰਗ ਦੌਰਾਨ ਘੱਟ ਤੋਂ ਘੱਟ ਨਸ਼ਟ ਕੀਤੇ ਬਿਨਾਂ ਤਿਆਰ ਉਤਪਾਦ ਉੱਚ ਮਿਆਰ ਦੇ ਹੋਣਗੇ।



## 21 ਫਰਵਰੀ ’ਤੇ ਵਿਸ਼ੇਸ਼

# ਜੈਤੋ ਦਾ ਜੇਤੂ ਮੋਰਚਾ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਕੁਰਬਾਨੀ, ਮਨੁੱਖ ਅਣਖ ਵਾਸਤੇ ਦਿੱਤੀ ਹੈ। ਮਨੁੱਖਤਾ ਵਿਰੋਧੀ ਹਕੂਮਤ ਦੇ ਜ਼ੁਲਮ ਅਤੇ ਅਨਿਆਂ ਦੀ ਹਮੇਸ਼ਾ ਵਿਰੋਧਤਾ ਕੀਤੀ ਹੈ। ਸਮੇਂ ਦੇ ਜਾਲਮ ਹੁਕਮਰਾਨਾਂ ਦੇ ਅਣਮਨੁੱਖੀ ਤਸੀਹੇ ਆਪਣੇ ਤਨ ’ਤੇ ਹੰਢਾਏ। ਦੁਸ਼ਮਣਾਂ ਨੇ ਹਮੇਸ਼ਾ ਸਿੱਖਾਂ ਨੂੰ ਖਤਮ ਕਰਨ ਦੇ ਯਤਨ ਕੀਤੇ, ਪਰ ਸਿੱਖਾਂ ਨੇ ਹਰ ਜ਼ੁਲਮ ਅਤੇ ਤਸ਼ੱਦਦ ਦੇ ਥੰਮ ਹਿਲਾ ਦਿੱਤੇ। ਦੁਸ਼ਮਣ ਵੀ ਇਹ ਸੋਚਣ ਲਈ ਮਜ਼ਬੂਰ ਹੋ ਜਾਂਦੇ ਕਿ ਇਨ੍ਹਾਂ ਵਿਚ ਕਿਹੜੀ ਸ਼ਕਤੀ ਹੈ ਜੋ ਹਸ ਹਸ ਕੇ ਜ਼ੁਲਮ ਸਹਾਰਦੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਜੀ ਨੇ ਬੜੀ ਸ਼ਰਧਾ ਭਾਵਨਾ ਨਾਲ ਗੁਰਧਾਮਾਂ ਦੇ ਨਾਂ ਬੜੀ ਸੰਪਤੀ ਲਗਵਾਈ। ਉਨ੍ਹਾਂ ਦੀ ਖ਼ੂਬਸੂਰਤ ਦਿੱਖ ਬਣਾਈ। ਪਰ ਅੰਦਰੂਨੀ ਤੌਰ ’ਤੇ ਠਾਕੁਰਦੁਆਰਾ ਮਰਯਾਦਾ ਹੀ ਪ੍ਰਚਲਤ ਰਹੀ।

ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਧਾਮਾਂ ਤੇ ਮਹੰਤਾਂ ਦੇ ਕਬਜਾ ਕਰਵਾ ਕੇ ਸਿੱਖੀ ਤਾਕਤ ਨੂੰ ਠੇਸ ਪਹੁੰਚਾਉਣ ਦੀ ਸਾਜਿਸ਼ ਰਚੀ ਹੋਈ ਸੀ। ਸੰਨ 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹੇਠ, ਹਕੂਮਤ ਦੀ ਸ਼ਹਿ ’ਤੇ ਗੁਰਧਾਮਾਂ ਤੇ ਕਬਜਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਪਾਸੋਂ ਗੁਰਧਾਮ ਅਜਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਮੋਰਚਾ ਗੁਰੂ ਕਾ ਬਾਗ ਫਤਿਹ ਹੋਣ ਤੋਂ ਬਾਅਦ ਇਹ ਆਸ ਬੱਝੀ ਕਿ ਗੁਰਦੁਆਰਿਆਂ ਦਾ ਸੁਧਾਰ ਹੋ ਸਕੇਗਾ। ਭਾਵੇਂ ਇੱਥੇ ਤੱਕ ਪਹੁੰਚਦਿਆਂ ਕਈ ਮੋਰਚੇ ਲਾਉਣੇ ਪਏ ਅਤੇ ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। ਜੈਤੋ ਦਾ ਮੋਰਚਾ ਵੀ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਮੋਰਚੇ ਦਾ ਪਿਛੋਕੜ ਹੈ ਕਿ : 28 ਸਾਲਾਂ ਦੇ ਮਹਾਰਾਜਾ ਰਿਪੂਦਮਨ ਸਿੰਘ ਨਾਭਾ ਇਕ ਅਜ਼ਾਦ ਖਿਆਲਾਂ ਦੇ ਸਿਰੜੀ ਸਨ। ਉਹ ਅੰਗਰੇਜ਼ੀ ਹਕੂਮਤ ਦੇ ਜੀਹਜ਼ੂਰੀਆ ਨਹੀਂ ਸਨ। ਉਹ ਗੁਰਦੁਆਰਾ ਸੁਧਾਰ ਲਹਿਰ ਦੀ ਹਮਾਇਤ ਕਰਦੇ ਸਨ। ਉਨ੍ਹਾਂ ਨੇ ਗੁਰਦੁਆਰਾ ਰਕਾਬ ਗੰਜ ਦੇ ਮਸਲੇ ਵਿਚ ਵੀ ਸਿੱਖ ਪੰਥ ਦਾ ਸਾਥ ਦਿੱਤਾ ਸੀ। ਉਹ ਇਕ ਸਿੱਖ ਕੌਮ ਪ੍ਰਸਤ ਨੌਜਵਾਨ ਸਨ। ਉਹ ਸਮਾਜਿਕ ਅਤੇ ਰਾਜਨੀਤਕ ਗਤੀਵਿਧੀਆਂ ਵਿਚ ਸੇਵਾ ਭਾਵਨਾ ਰੱਖਦੇ ਸਨ। ਉਹ ਸਿੱਖ ਧਰਮ ਦੀਆਂ ਰਵਾਇਤਾਂ ਦੀ ਕਦਰ ਕਰਦੇ ਸਨ। ਸਿੱਖਾਂ ਵਿਰੁਧ ਅੰਗਰੇਜ਼ ਸਰਕਾਰ ਦੇ ਗਲਤ ਫੈਸਲਿਆਂ ਦੀ ਵਿਰੋਧਤਾ ਕਰਦੇ ਸਨ। ਜਦੋ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਦਿਵਸ ਅਤੇ ਅਰਦਾਸ ਦਿਵਸ ਮਨਾਉਣ ਲਈ ਸੰਗਤਾਂ ਨੇ ਕਾਲੀਆਂ ਦਸਤਾਰਾਂ ਸਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਤਾਂ ਮਹਾਰਾਜਾ ਰਿਪੂਦਮਨ ਸਿੰਘ ਨਾਭਾ ਨੇ ਇਸ ਦਾ ਸਵਾਗਤ ਕੀਤਾ। ਸਰਕਾਰ ਨੇ ਮਹਾਰਾਜਾ ਨੂੰ ਬਾਗੀ ਕਰਾਰ ਦੇ ਦਿੱਤਾ। ਉਨ੍ਹਾਂ ਦਾ ਸਿੱਖ ਪੰਥ ਵਿਚ ਵਧਦਾ ਸਨਮਾਨ ਹਕੂਮਤ ਲਈ ਖਤਰਾ ਜਾਪਦਾ ਸੀ। ਅੰਗਰੇਜ਼ ਅਫ਼ਸਰ ਮਹਾਰਾਜਾ ਨੂੰ ਹੱਥ ਪਾਉਣ ਦਾ ਮੌਕਾ ਲੱਭ ਰਹੇ ਸਨ।

ਪਟਿਆਲਾ ਅਤੇ ਨਾਭਾ ਦੇ ਮਹਾਰਾਜਿਆਂ ਦੇ ਝਗੜੇ ਨੇ ਹਕੂਮਤ ਨੂੰ ਮੌਕਾ ਦੇ ਦਿੱਤਾ। ਦੋਹਾਂ ਵਿਚਕਾਰ ਰਾਜਸੀ ਅਤੇ ਨਿੱਜੀ ਝਗੜਾ ਸੀ। ਝਗੜੇ ਦੀ ਪੜਤਾਲ ਅਲਾਹਾਬਾਦ ਹਾਈ ਕੋਰਟ ਦੇ ਜੱਜ ਨੇ ਕੀਤੀ। ਉਸ ਨੇ ਨਾਭਾ ਦੇ ਮਹਾਰਾਜਾ ਵਿਰੁਧ ਫੈਸਲਾ ਦਿੱਤਾ। ਮਹਾਰਾਜਾ ਰਿਪੂਦਮਨ ਸਿੰਘ ਜੀ ਨੂੰ ਹਾਲਾਤ ਅਨੁਸਾਰ ਗੱਦੀ ਛੱਡਣੀ ਪਈ। ਅੰਗਰੇਜ਼ ਸਰਕਾਰ ਨੇ ਮਹਾਰਾਜਾ ਨਾਭਾ ਨੂੰ 9 ਜੁਲਾਈ 1923 ਨੂੰ ਗੱਦੀ ਤੋਂ ਲਾਂਭੇ ਕਰਕੇ ਤਿੰਨ ਲੱਖ ਰੁਪਏ ਸਾਲਾਨਾ ਖਰਚ ਨੀਯਤ ਕਰਕੇ ਡੇਹਰਾਦੂਨ ਭੇਜ ਦਿੱਤਾ।

ਮਹਾਰਾਜਾ ਨਾਭਾ ਰਿਪੂਦਮਨ ਸਿੰਘ ਜੀ ਦੀ ਬਹਾਲੀ ਲਈ ਸਿੱਖਾਂ ਵਲੋਂ ਸ਼੍ਰੋਮਣੀ ਕਮੇਟੀ ’ਤੇ ਜ਼ੋਰ ਪਾਇਆ ਜਾਣ ਲੱਗਾ। ਅੰਗਰੇਜ਼ ਸਰਕਾਰ ਦਾ ਦਾਅਵਾ ਸੀ ਕਿ ਜੱਜ ਨੇ ਪੂਰੀ ਪੜਤਾਲ ਤੋਂ ਬਾਅਦ ਫੈਸਲਾ ਮਹਾਰਾਜਾ ਨਾਭਾ ਦੇ ਵਿਰੁਧ ਦਿੱਤਾ ਸੀ। ਅਗਸਤ 5-6, 1923 ਨੂੰ ਮਹਾਰਾਜਾ ਨਾਭਾ ਨਾਲ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ ਕਿ ਮਹਾਰਾਜਾ ਨਾਭਾ ਨਾਲ ਹੋਈ ਬੇਇਨਸਾਫ਼ੀ ਦੂਰ ਕਰਨ ਲਈ ਪੰਥ ਨੂੰ ਅਪੀਲ ਕੀਤੀ ਕਿ 9 ਸਤੰਬਰ 1923 ਨੂੰ ‘ਨਾਭਾ-ਦਿਨ’ ਮਨਾਇਆ ਜਾਵੇ। ਮਹਾਰਾਜਾ ਦੇ ਹੱਕ ਵਿਚ ਮਤੇ ਪਾਸ ਕੀਤੇ ਜਾਣ ਅਤੇ ਅਰਦਾਸ ਕੀਤੀ ਜਾਵੇ। ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ ਫੈਸਲੇ ਦੀ ਪ੍ਰੋੜਤਾ ਕੀਤੀ। ‘ਨਾਭਾ-ਦਿਨ’ ਬੜੇ ਜੋਸ਼ ਨਾਲ ਮਨਾਇਆ ਗਿਆ।

ਜੈਤੋ ਦੇ ਇਲਾਕੇ ਦੀ ਸੰਗਤ ਨੇ ਫੈਸਲਾ ਕੀਤਾ ਕਿ 25,26 ਅਤੇ 27 ਅਗਸਤ, 1923 ਨੂੰ ਗੁਰਦੁਆਰਾ ਗੰਗਸਰ ਵਿਚ ਦੀਵਾਨ ਸਜਾਏ ਜਾਣ ਤੇ ਪਾਠ ਕੀਤਾ ਜਾਵੇ। ਪੁਲਿਸ ਨੇ ਦੀਵਾਨ ਵਿਚ ਵਿਘਨ ਪਾਇਆ। ਉਸ ਵੇਲੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੰਗਤਾਂ ਨੇ ਅਨੁਭਵ ਕੀਤਾ ਕਿ ਇਹ ਸਿੱਖ ਧਰਮ ਦੀ ਬੇਅਦਬੀ ਹੈ ਅਤੇ ਅੰਗਰੇਜ਼ ਸਰਕਾਰ ਦਾ ਸਿੱਖਾਂ ਦੇ ਧਾਰਮਿਕ ਕਾਰਜਾਂ ਵਿਚ ਸਿੱਧਾ ਦਖ਼ਲ ਹੈ। ਸੰਗਤ ਦਾ ਫੈਸਲਾ ਸੀ ਕਿ ਜਦ ਤੱਕ ਸਰਕਾਰ ਇਸ ਸਖਤੀ ਦਾ ਪਸ਼ਚਾਤਾਪ ਨਾ ਕਰੇ, ਦੀਵਾਨ ਸਜਾਏ ਜਾਣ ਤੇ ਪਾਠ ਜਾਰੀ ਰੱਖੇ ਜਾਣ।

ਧਾਰਮਿਕ ਹੱਕਾਂ ਦੀ ਬਹਾਲੀ ਵਿਚ 1 ਸਤੰਬਰ, 1923 ਨੂੰ ਸ਼੍ਰੋਮਣੀ ਕਮੇਟੀ ਨੇ 25 ਸਿੰਘਾਂ ਦਾ ਜਥਾ ਭੇਜਿਆ ਕਿ ਧਾਰਮਿਕ ਦੀਵਾਨ ਅਤੇ ਪਾਠ ਅਰੰਭੇ ਜਾਣ। ਨਾਭਾ ਦੇ ਮੁੱਖ ਹਕੂਮਤ ਦੇ ਪ੍ਰਬੰਧਕਾਂ ਨੇ ਅਖੰਡ ਪਾਠ ਕਰ ਰਹੇ ਸਿੰਘਾਂ ਤੇ ਸੰਗਤ ਸੇਵਾਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਇਸ ਹਕੂਮਤ ਦੀ ਸਖਤੀ ਹੇਠ 14 ਸਤੰਬਰ, 1923 ਨੂੰ ਮੋਰਚਾ ਲੱਗ ਗਿਆ। ਸ਼੍ਰੋਮਣੀ ਕਮੇਟੀ ਨੇ 15 ਸਤੰਬਰ 1923 ਤੋਂ ਅਕਾਲ ਤਖਤ ਸਾਹਿਬ ਤੋਂ 25 ਸਿੰਘਾਂ ਦੇ ਜਥੇ ਵਿਰੋਧ ਵਿਚ ਭੇਜਣੇ ਸ਼ੁਰੂ ਕੀਤੇ ਕਿ ਖੰਡਤ ਪਾਠ ਦਾ ਪਰਾਸਚਿਤ ਕੀਤਾ ਜਾਏ ਅਤੇ ਪਾਠ ਸੰਪੂਰਨ ਕੀਤਾ ਜਾਵੇ। ਰਿਆਸਤੀ ਹਾਕਮ ਜਥਿਆਂ ਨੂੰ ਫੜਦੇ ਅਤੇ ਉਨ੍ਹਾਂ ਨੂੰ ਟਰੱਕਾਂ ਲਾਰੀਆਂ ਵਿਚ ਸੁੱਟ ਸੁੱਟ ਕੇ ਦੂਰ ਜਾ ਕੇ ਛੱਡ ਆਉਂਦੇ। ਉਹ ਭੁੱਖਣ ਭਾਣੇ, ਬਗੈਰ ਪੈਸੇ ਤੋਂ ਮੁਸੀਬਤਾਂ ਝਲਦੇ ਮੁੜ ਵਾਪਸ ਆਉਂਦੇ। ਉਨ੍ਹਾਂ ਨੂੰ ਜੇਲ੍ਹਾਂ ਵਿਚ ਨਾ ਡੱਕਿਆ ਜਾਂਦਾ ਕਿ ਉਨ੍ਹਾਂ ਦੇ ਰੱਖਣ ਲਈ ਜਗ੍ਹਾ ਨਹੀਂ ਹੈ। ਇਹ ਸਿਲਸਿਲਾ ਕਈ ਮਹੀਨੇ ਚਲਦਾ ਰਿਹਾ। 12 ਅਕਤੂਬਰ 1923 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਸਭ ਸਬੰਧਤ ਗੁਰਦੁਆਰਾ ਕਮੇਟੀਆਂ ਅਤੇ ਅਕਾਲੀ ਜਥਿਆਂ ਨੂੰ ਕਾਨੂੰਨ ਵਿਰੁਧ ਭਾਵ ਬਾਗੀ ਕਰਾਰ ਦਿੱਤਾ ਗਿਆ। ਅਸਰ ਰਸੂਖ ਵਾਲੇ ਅਕਾਲੀ ਆਗੂਆਂ ਅਤੇ ਸੇਵਾਦਾਰਾਂ ਨੂੰ ਫੜ ਲਿਆ। ਅੰਮ੍ਰਿਤਸਰ ਸ਼ਹਿਰ ਨੂੰ ਫੌਜੀ ਛਾਉਣੀ ਵਿਚ ਬਦਲ ਦਿੱਤਾ। ਸਾਰੇ ਮੁਖੀ, ਆਗੂਆਂ ਨੂੰ ਬਗਾਵਤ, ਸਾਜਿਸ਼ ਅਤੇ ਜੰਗ ਜਿਹੇ ਸਖਤ ਜੁਰਮਾਂ ਹੇਠ ਉਮਰ ਕੈਦ, ਕਾਲੇ ਪਾਣੀ ਅਤੇ ਫਾਂਸੀ ਦੀਆਂ ਸਜਾਵਾਂ ਸੁਣਾ ਦਿੱਤੀਆਂ। ਪਹਿਲਾਂ ਮੁਕੱਦਮਾ ਅੰਮ੍ਰਿਤਸਰ ਚੱਲਿਆ, ਫਿਰ ਲਾਹੌਰ ਕਿਲੇ ਤੋਂ ਮੁਕੱਦਮੇ ਦੀ ਕਾਰਵਾਈ ਚਲਾਈ ਗਈ। ਇਹ ਆਗੂਆਂ ਨੂੰ ਭੈਅਭੀਤ ਕਰਨ ਦੀਆਂ ਕਾਰਵਾਈਆਂ ਸਨ।

ਪੰਜਾਬ ਵਿਚ ਸਿੱਖਾਂ ’ਤੇ ਅਤਿ ਦੀ ਸਖਤੀ ਹੋ ਗਈ। ਪੂਰੇ ਜ਼ੋਰ ਸ਼ੋਰ ਨਾਲ ਗ੍ਰਿਫਤਾਰੀਆਂ ਹੋਈਆਂ, ਅਣਮਨੁੱਖੀ ਵਰਤਾਓ ਹੁੰਦਾ ਰਿਹਾ। ਅਕਾਲੀ ਲਹਿਰ ਹੋਰ ਤੇਜ਼ ਹੁੰਦੀ ਗਈ। ਸ਼੍ਰੋਮਣੀ ਕਮੇਟੀ ਦੇ ਪਹਿਲੇ ਜਥੇ ਦੀ ਗ੍ਰਿਫ਼ਤਾਰੀ ਤੇ ਉਸ ਦਾ ਕੰਮ ਦੂਜੇ ਜਥੇ ਨੇ ਸੰਭਾਲਿਆ। ਇਸ ਦੂਸਰੇ ਜਥੇ ਨੂੰ ਵੀ 7ਜਨਵਰੀ 1924 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਇਕੱਤਰਤਾ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਸਾਰੇ ਮੈਂਬਰਾਂ ਨੂੰ 2-2 ਸਾਲ ਦੀ ਕੈਦ ਅਤੇ 5-5 ਸੌ ਰੁਪਏ ਜੁਰਮਾਨੇ ਦੇ ਸਜਾ ਦਿੱਤੀ ਗਈ। ਹੋਰ ਕਮੇਟੀ ਕਾਇਮ ਹੋ ਗਈ। ਅਕਤੂਬਰ 1924 ਵਿਚ ਸ਼੍ਰੋਮਣੀ ਕਮੇਟੀ ਦੇ ਤੀਜੇ ਜਥੇ ਦੇ ਮੁਖੀ ਆਗੂ ਗ੍ਰਿਫਤਾਰ ਕੀਤੇ ਗਏ।

ਨਾਭਾ, ਫਰੀਦਕੋਟ ਤੇ ਪਟਿਆਲੇ ਵਿਚ ਸਿੰਘਾਂ ਤੇ ਅਤਿ ਦੀ ਸਖਤੀ ਕੀਤੀ ਗਈ। ਨਾਭਾ ਵਿਚ ਪੰਥ ਦੀ ਗੁੱਸੇ ਦੀ ਲਹਿਰ ਵਧਦੀ ਗਈ। ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੋਵੇਂ ਸਾਝੇ ਤੌਰ ’ਤੇ ਮੋਰਚਾ ਚਲਾ ਰਹੇ ਸਨ। ਫੈਸਲਾ ਕੀਤਾ ਕਿ 9 ਫਰਵਰੀ 1924 ਨੂੰ ਬਸੰਤ ਪੰਚਮੀਂ ਵਾਲੇ ਦਿਨ 500 ਚੁਣਵੇਂ ਸਿੰਘਾਂ ਦਾ ਪਹਿਲਾ ‘ਜਥਾ ਸ਼ਹੀਦੀ’ ਅਕਾਲ ਤਖਤ ਸਾਹਿਬ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਕਰਕੇ ਤੁਰਿਆ ਕਿ ਅਖੰਡ ਪਾਠ ਆਰੰਭ ਹੋਣ ।ਇਸ ਤੋਂ ਪਹਿਲਾਂ 25-25 ਅਕਾਲੀਆਂ ਦੇ ਜਥੇ ਭੇਜੇ ਗਏ ਸਨ, ਫਿਰ ਸੌ ਸੌ ਦੇ ਜਥੇ ਵੀ ਭੇਜੇ ਜਾਂਦੇ ਰਹੇ। ਹਕੂਮਤ ਦੀ ਜਥਿਆਂ ਨੂੰ ਖਿਡਾਉਣ ਦੀ ਕੋਸ਼ਿਸ਼ ਸੀ। ਮੋਰਚੇ ਦੀ ਲਹਿਰ ਨੂੰ ਤੇਜ਼ ਕਰਨ ਲਈ 500 ਦੇ ਸ਼ਹੀਦੀ ਜਥੇ ਭੇਜਣ ਦੀ ਵਿਊਂਤ ਬਣੀ ਸੀ। ਜਥੇ ਇਲਾਕੇ ਵਿਚ ਗਸ਼ਤ ਕਰਦੇ, ਸ਼ਬਦ ਪੜ੍ਹਦੇ ਅਤੇ ਨਾਹਰੇ ਲਾਉਂਦੇ, ਸਰਕਾਰ ਦੇ ਅਤਿਆਚਾਰਾਂ ਵਿਰੁਧ ਪਿੰਡਾਂ ਵਿਚ ਜਾਗ੍ਰਿਤੀ ਆਈ। ਲੋਕ ਜਾਨਾਂ ਵਾਰਨ ਲਈ ਤਿਆਰ ਹੋ ਗਏ। ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਬੇਹਿਸਾਬ ਸੀ।

ਇਸ ਜਥੇ ਦੇ ਜਥੇਦਾਰ ਸਰਦਾਰ ਊਧਮ ਸਿੰਘ ਨਾਗੋਕੇ ਨੀਯਤ ਹੋਏ ਸਨ। ਪਰ ਉਨ੍ਹਾਂ ਨੂੰ ਜਥਾ ਤੁਰਨ ਤੋਂ ਇਕ ਦਿਨ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਦੀ ਥਾਂ ਸਰਦਾਰ ਊਧਮ ਸਿੰਘ ਵਰਪਾਲ ਨੂੰ ਜਥੇਦਾਰ ਥਾਪਿਆ ਗਿਆ। ਇਹ ਜਥਾ ਅੰਮ੍ਰਿਤਸਰ ਤੋਂ ਚਲ ਕੇ ਤਰਨ ਤਾਰਨ, ਨੌਸ਼ਹਿਰਾ ਪੰਨੂਆਂ, ਸਰਹਾਲੀ, ਮਰਹਾਣਾ,ਪੱਖੋਂ, ਜ਼ੀਰਾ, ਤਲਵੰਡੀ, ਮੁਦਕੀ, ਲੰਡੇ, ਰੋਡ, ਆਦਿ ਨੂੰ ਹੁੰਦਾ ਹੋਇਆ ਬਰਗਾੜੀ ਰਿਆਸਤ ਫਰੀਦਕੋਟ ਪੁੱਜਾ। ਇਸ ਥਾਂ ਤੋਂ ਜੈਤੋ 6 ਕੁਲ ਮੀਲ ਹੈ। ਇੱਥੇ ਕੁਝ ਦਿਨ ਪੜਾਅ ਕੀਤਾ। ਜੈਤੋ ਪਹੁੰਚਣ ਦੀ ਤਰੀਕ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਦਿਹਾੜਾ 21 ਫਰਵਰੀ, 1923 ਸੀ। ਸ਼ਹੀਦੀ ਜਥਾ ਬਾਅਦ ਦੁਪਹਿਰ ਬਰਗਾੜੀ ਤੋਂ ਜੈਤੋ ਨੂੰ ਤੁਰਿਆ ਅਤੇ ਕਰੀਬ 10000 ਸੰਗਤ ਨਾਲ ਸੀ। ਜਥੇ ਦੀ ਵਹੀਰ ਕੋਈ 6 ਸੌ ਗਜ਼ ਦੀ ਚੌੜਾਈ ਨਾਲ ਅੱਗੇ ਵਧ ਰਹੀ ਸੀ। ਉਨ੍ਹਾ ਕੋਲ ਲਾਠੀਆਂ, ਛਵੀਆਂ, ਭਾਲੇ, ਬੰਦੂਕਾਂ ਸਨ। ਕਾਂਗਰਸ ਦੇ ਨੇਤਾ ਡਾ. ਕਿਚਲੂ ਅਤੇ ਗਿਡਵਾਨੀ ਨਾਲ ਸਨ ਅਤੇ ਅਮਰੀਕੀ ਅਖ਼ਬਾਰ ‘ਨਿਊ ਟਾਈਮਜ਼’ ਦਾ ਪੱਤਰ ਪ੍ਰੇਰਕ ਜਿਮਾਡ ਵੀ ਨਾਲ ਸੀ। ਕਾਂਗਰਸੀ ਨੇਤਾਵਾਂ ਦੀ ਅਫ਼ਸਰਾਂ ਨਾਲ ਗੱਲਬਾਤ ਹੋਈ। ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪਰ ਬਾਅਦ ਵਿਚ ਛੱਡ ਦਿੱਤਾ ਗਿਆ।



ਪੁਲਿਸ ਅਫ਼ਸਰਾਂ ਨੇ ਜਥੇ ਨੂੰ ਖਲੋ ਜਾਣ ਦਾ ਹੁਕਮ ਦਿੱਤਾ ਅਤੇ ਚਿਤਾਵਨੀ ਦਿੱਤੀ ਕਿ ਜੇ ਨਾ ਰੁਕੇ ਤਾਂ ਗੋਲੀ ਚਲਾਉਣ ਦਾ ਹੁਕਮ ਹੈ। ਬਰਗਾੜੀ ਤੋਂ ਜਥਾ ਸ਼ਬਦ ਪੜ੍ਹਦਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਫੇਰ ਰਸਾਲੇ ਦੇ ਸਿਪਾਹੀਆਂ ਨੇ ਬੰਦੂਕਾਂ ਦੇ ਫਾਇਰ ਕੀਤੇ। ਮਸ਼ੀਨਗੰਨ ਵੀ ਚਲਾਈ ਗਈ। ਸਿੰਘ ਫੱਟੜ ਹੋ ਦੇ ਡਿੱਗਣ ਲੱਗੇ ਅਤੇ ਸ਼ਹੀਦ ਹੋਣ ਲੱਗੇ। ਪਰ ਜਥਾ ਸ਼ਾਂਤਮਈ ਅਵਸਥਾ ਵਿਚ ਅੱਗੇ ਵਧਦਾ ਗਿਆ। ਗੋਲੀ ਚਲਦੀ ਗਈ, ਜਥਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਦਾ ਗਿਆ। ਅੰਤ ਜਥਾ ਟਿੱਬੀ ਸਾਹਿਬ ਜਾ ਪੁੱਜਾ। ਬਚ ਗਏ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਥੇਦਾਰ ਅਤੇ ਹਰ ਸਿੰਘਾਂ ਨੂੰ 7-7 ਸਾਲਾਂ ਦੀ ਕੈਦ ਦੀ ਸਜਾ ਹੋਈ, ਦੋ ਸਿੰਘਾਂ ਅਤੇ ਇਕ ਸਿੱਖ ਬੀਬੀ ਨੂੰ ਜਥੇ ਦੀ ਸੇਵਾ ਵਿਚ 10-10 ਸਾਲ ਦੀ ਕੈਦ ਸੁਣਾਈ ਗਈ। ਜਥੇ ਦੇ 444 ਸਿੰਘ ਬਾਵਲ ਜੇਲ੍ਹ ਭੇਜੇ ਗਏ, ਜਿੱਥੇ ਉਨ੍ਹਾਂ ਤੇ ਤਸ਼ੱਦਦ ਹੋਇਆ।

ਇਸ ਕਤਲੇਆਮ ਵਿਚ 40-50 ਸਿੱਖ ਜਖਮੀ ਹੋਏ। ਜਖਮੀਆਂ ਵਿਚ ਹੋਰ ਥਾਂ ਤੇ ਸ਼ਹੀਦ ਹੋ ਗਿਆ ਤੋਂ ਇਲਾਵਾ 22 ਸਿੰਘ ਉੱਥੇ ਹੀ ਸ਼ਹੀਦ ਹੋਏ। ਉਨ੍ਹਾਂ ਦਾ ਸਸਕਾਰ ਕਿਲ੍ਹੇ ਤੇ ਮੰਡੀ ਦੇ ਬਾਹਰਲੇ ਪਾਸੇ ਕੀਤਾ ਗਿਆ। ਕੁਲ 17 ਸਿੰਘਾਂ ਦੇ ਨਾਂ ਪਤੇ ਮਿਲੇ ਦੀ ਸਿੱਲ ਟਿੱਬੀ ਸਾਹਿਬ ਲਾਈ ਗਈ।

ਸਿੰਘਾਂ ਦਾ ਜੋਸ਼ ਮੱਠਾ ਨਹੀਂ ਪਿਆ। ਸਗੋਂ ਹੋਰ ਤੀਬਰਤਾ ਨਾਲ 16 ਸ਼ਹੀਦੀ ਜਥੇ ਅਕਾਲ ਤਖਤ ਸਾਹਿਬ ਤੋਂ ਭੇਜੇ ਜਾਂਦੇ ਰਹੇ। ਸਰਕਾਰ ਨੇ ਅਖੀਰੀ ਜਥੇ ਤੋਂ ਬਿਨਾਂ ਸਭ ਨੂੰ ਗ੍ਰਿਫ਼ਤਾਰ ਕਰ ਲਿਆ। ਕੈਦ ਵਿਚ ਸਿੱਖਾਂ ਤੇ ਸਖਤੀ ਨਾਲ ਮਾਰਕੁਟਾਈ ਕੀਤੀ ਗਈ। ਕਈ ਅੰਗਹੀਣ ਰੋਗੀ ਅਤੇ ਨਾਕਾਰਾ ਹੋ ਗਏ। ਲਗਭਗ 200 ਸਿੰਘ ਨਾਭਾ ਜੇਲ੍ਹ ਵਿਚ ਸ਼ਹੀਦ ਹੋ ਗਏ। ਸਿੰਘਾਂ ਨੇ ਹਾਰ ਨਾ ਮੰਨੀ। ਸ਼ਾਂਤਮਈ ਸੂਰਬੀਰਤਾ ਦੀ ਮਿਸਾਲ ਪੇਸ਼ ਕੀਤੀ। ਇਕ ਜਥਾ ਸਾਰੇ ਫੌਜੀ ਪੈਨਸ਼ਨਾਂ ਵਾਲਿਆਂ ਦਾ ਸੀ। ਇਸ ਸ਼ਹੀਦੀ ਜਥਿਆਂ ਵਿਚ ਬਾਹਰੋਂ ਕੈਨੇਡਾ, ਸਮਾਟਰਾ, ਹਾਂਗਕਾਂਗ, ਦਿੱਲੀ ਤੇ ਬੰਗਾਲ ਤੋਂ ਵੀ ਜਥੇ ਸ਼ਾਮਲ ਸਨ। (ਬਾਕੀ ਸਫ਼ਾ 31 ’ਤੇ)








# ਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਕਿਵੇ ਬਚਾਈਏ ?

ਡਾ. ਅਮਰੀਕ ਸਿੰਘ

ਯੂ.ਐਨ.ਓ. ਦੀ ਇੱਕ ਰਿਪੋਰਟ ਮੁਤਾਬਕ ਹਰੇਕ ਸਾਲ ਤਕਰੀਬਨ 12 ਲੱਖ ਮਨੁੱਖ ਹਵਾ ਦੇ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਬਿਮਾਰੀਆਂ ਮਰ ਜਾਂਦੇ ਹਨ। ਇਸੇ ਤਰਾਂ ਹਵਾ ਦੇ ਪ੍ਰਦੂਸ਼ਣ ਦਾ ਪਸ਼ੂਆਂ, ਦਰੱਖਤਾਂ, ਗਲੇਸ਼ੀਅਰਾਂ ਅਤੇ ਹੋਰ ਕੁਦਰਤੀ ਸੋਮਿਆਂ 'ਤੇ ਬਹੁਤ ਬੁਰਾ ਪ੍ਰਬਾਵ ਪੈ ਰਿਹਾ ਹੈ। ਵਾਤਵਰਣ ਤੋਂ ਭਾਵ ਸਾਡੇ ਆਲੇ ਦੁਆਲੇ ਦੀ ਹਰ ਉਹ ਵਸਤੂ ਜੋ ਜੀਵਾਂ ਜੰਤੂਆਂ ਦੇ ਵਾਧੇ ਵਿੱਚ ਸਹਾਈ ਹੁੰਦੀ ਹੈ ਜਿਵੇਂ ਹਵਾ, ਪਾਣੀ, ਮਿੱਟੀ, ਪੌਦੇ ਜਾਨਵਰ ਅਤੇ ਸੂਖਮ ਜੀਵ ਆਦਿ। ਧਰਤੀ ਉੱਪਰ ਹਰੇਕ ਜੀਵ ਕੁਦਰਤ ਵੱਲੋਂ ਬਖਸ਼ੀਆਂ ਇਨਾਂ ਅਨਮੋਲ ਦਾਤਾਂ 'ਤੇ ਨਿਰਭਰ ਕਰਦਾ ਹੈ। ਆਮ ਤੌਰ 'ਤੇ ਹਰੇਕ ਮਨੁੱਖ ਦੇ ਦਿਮਾਗ ਇਹੀ ਸੋਚ ਰਹਿੰਦੀ ਹੈ ਕਿ ਉਸ ਦੇ ਵਾਤਾਵਰਣ ਨੂੰ ਵਿਗਾੜਣ ਜਾਂ ਸੰਵਾਰਨ ਦੇ ਨਿੱਜੀ ਯਤਨਾਂ ਦੀ ਕੋਈ ਖਾਸ ਮਹੱਤਤਾ ਨਹੀਂ ਪਰ ਅਜਿਹੀ ਸੋਚ ਰੱਖਣੀ ਗਲਤ ਹੈ ਕਿਉਂਕਿ ਵਾਤਾਵਰਣ ਨੂੰ ਸੰਵਾਰਨ ਦੀ ਕੋਸ਼ਿਸ਼ ਵਰਦਾਨ ਅਤੇ ਵਿਗਾੜਨ ਦੀ ਕੋਸ਼ਿਸ਼ ਨੁਕਸਾਇਨਦਾਇਕ ਸਾਬਤ ਹੋ ਸਕਦੀ ਹੈ। ਸਾਨੂੰ ਉਨ੍ਹਾਂ ਸਾਰੇ ਕਾਰਨਾਂ ਦਾ ਪਤਾ ਲਗਾਉਣਾ ਲਵੇਗਾ ਜਿਸ ਕਾਰਨ ਵਾਤਾਵਰਣ ਪ੍ਰਦੂਸ਼ਤ ਹੋ ਰਿਹਾ ਹੈ। ਆਧੁਨਿਕ ਖੇਤੀ ਦੀਆਂ ਤਕਨੀਕਾਂ ਨੂੰ ਅਪਣਾਉਂਦਿਆਂ ਕਿਸਾਨਾਂ ਵੱਲੋਂ ਸਿਫਾਰਸ਼ ਤੋਂ ਵਧੇਰੇ ਖਾਦਾਂ ਅਤੇ ਕੀਟ ਨਾਸ਼ਕ ਰਸਾਇਣਾ ਦੀ ਵਰਤੋਂ ਕਰਨ ਨਾਲ, ਕਾਰਖਾਨਿਆਂ ਦੁਆਰਾ ਦੂਸ਼ਤ ਪਾਣੀ ਨਹਿਰਾਂ ਅਤੇ ਦਰਿਆਵਾਂ ਵਿੱਚ ਸੁੱਟ ਕੇ ਇਸ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ । ਇਸ ਦੇ ਨਾਲ ਹੀ ਅਨਾਜ, ਫਲ, ਦੁੱਧ ਅਤੇ ਸਬਜੀਆਂ ਵੀ ਪ੍ਰਦੂਸ਼ਿਤ ਹੋਣ ਤੋਂ ਨਹੀਂ ਬਚ ਸਕੇ। ਦੇਸੀ ਰੂੜੀ, ਹਰੀ ਖਾਦ ਦੀ ਵਰਤੋਂ ਦੀ ਅਣਹੋਂਦ ਕਾਰਨ ਜ਼ਮੀਨ ਦੀ ਉਤਪਾਦਨ ਸ਼ਕਤੀ ਲਗਾਤਾਰ ਗਿਰਾਵਟ ਵੱਲ ਜਾ ਰਹੀ ਹੈ। ਕਾਰਖਾਨਿਆਂ, ਮੋਟਰ ਗੱਡੀਆਂ, ਹਵਾਈ ਜਹਾਜ਼ਾਂ ਦੁਆਰਾਂ ਅਤੇ ਕਿਸਾਨਾਂ ਦੁਆਰਾ ਝੋਨੇ ਅਤੇ ਕਣਕ ਦੀ ਕਟਾਈ ਤੋਂ ਬਾਅਦ ਬਚਦੀ ਫਸਲੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਨਾਲ ਹਵਾ ਇੰਨੀ ਪ੍ਰਦੂਸ਼ਿਤ ਹੋ ਚੁੱਕੀ ਹੈ ਕਿ ਸਾਹ ਲੈਣਾ ਵੀ ਔਖਾ ਹੋ ਗਿਆ ਹੈ। ਇਸ ਸਸ਼੍ਰਿਟੀ ਵਿੱਚ ਸਭ ਕੁਝ ਇੱਕ ਨਿਯਮ ਵਿੱਚ ਚੱਲ ਰਿਹਾ ਹੈ। ਸਿਸ਼੍ਰਿਟੀ ਮੁੱਖ ਤੌਰ 'ਤੇ ਪੰਜ ਤੱਤਾਂ ਹਵਾ, ਪਾਣੀ, ਜ਼ਮੀਨ ਅਗਨੀ ਅਤੇ ਆਕਾਸ਼ ਤੋਂ ਹੋਈ ਹੈ। ਕੁਦਰਤ ਵੱਲੋਂ ਬਖਸ਼ੀਆਂ ਇਨਾਂ ਅਨਮੋਲ ਦਾਤਾਂ ਤੇ ਜਿੰਨਾਂ ਅਧਿਕਾਰ ਸਾਡਾ ਹੈ, ਉਨ੍ਹਾਂ ਹੀ ਸਾਡੇ ਤੋਂ ਪਹਿਲੀਆਂ ਪੀੜ੍ਹੀਆਂ ਦਾ ਸੀ ਅਤੇ ਉਨਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਦਾ ਹੋਵੇਗਾ। ਇਸ ਲਈ ਹਰੇਕ ਮਨੁੱਖ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਧਰਤੀ ਉੱਪਰ ਹਰੇਕ ਜੀਵ ਦੀ ਸੁਰੱਖਿਆਂ ਲਈ ਇਨਾਂ ਅਨਮੋਲ ਦਾਤਾਂ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਈਏ। ਮਨੁੱਖ ਦਾ ਕੁਦਰਤ ਨਾਲ ਸੰਘਰਸ਼ ਲਗਾਤਾਰ ਜਾਰੀ ਹੈ ਕਿ ਉਹ ਇੱਕ ਇੱਕ ਦਿਨ ਕੁਦਰਤ 'ਤੇ ਕਾਬੂ ਪਾ ਲਵੇਗਾ ਪਰ ਇਤਿਹਾਸ ਦੱਸਦਾ ਹੈ ਕਿ ਨੀਲ ਤੇ ਇਯੁਫਰੇਟਸ ਘਾਟੀ ਦੀ ਸੱਭਿਅਤਾ, ਸੀਰੀਆਂ ਅਤੇ ਗਰੀਸ ਦੀ ਸੱਭਿਅਤਾ, ਸਿੰਧੂ ਘਾਟੀ ਦੀ ਸੱਭਿਅਤਾ ਕੁਦਰਤ ਦੇ ਨਿਯਮਾਂ 'ਤੇ ਨਾ ਚੱਲਣ ਕਾਰਨ ਹੀ ਇਸ ਸੰਸਾਰ ਤੋਂ ਲੁਪਤ ਹੋ ਗਈਆਂ ਸਨ।

ਵਾਤਾਵਰਣ ਵਿੱਚ ਆ ਰਹੇ ਬਦਲਾਅ ਦੇ ਪ੍ਰਭਾਵ ਪਹਿਲਾਂ ਹੀ ਸਾਡੇ ਸਾਹਮਣੇ ਹਨ ਜਿਸ ਨਾਲ ਕਿਧਰੇ ਹੜ੍ਹ ਅਤੇ ਕਿਧਰੇ ਸੋਕਾ ਪੈ ਰਿਹਾ ਹੈ। ਮਾਹਿਰਾਂ ਦਾ ਅਨੁਮਾਨ ਹੈ ਕਿ ਮੌਸਮੀ ਤਬਦੀਲੀਆਂ ਕਾਰਨ ਸੰਨ 2050 ਤੱਕ ਗਰਮੀਆਂ ਦਾ ਤਾਪਮਾਨ 3.2 ਡਿਗਰੀ ਸੈਂਟੀ ਗ੍ਰੇਡ ਅਤੇ ਸੰਨ 2080 ਤੱਕ 4.5 ਡਿਗਰੀ ਸੈਂਟੀਗ੍ਰੇਡ ਵੱਧ ਜਾਵੇਗਾ। ਏਸ਼ੀਆ ਵਿੱਚ ਜੇਕਰ ਜਲਵਾਯੂ/ਮੌਸਮੀ ਤਬਦੀਲੀਆਂ ਨੂੰ ਰੋਕਿਆ ਗਿਆ ਤਾਂ ਖੇਤੀ ਪ੍ਰਣਾਲੀਆਂ ਕੰਮ ਕਰਨਾ ਬੰਦ ਕਰ ਦੇਣਗੀਆਂ। ਜਿਸ ਦੇ ਨਿਕਲਣ ਵਾਲੇ ਨਤੀਜਿਆਂ ਬਾਰੇ ਅਸੀ ਸਹਿਜੇ ਹੀ ਅੰਦਾਜਾ ਲਗਾ ਸਕਦੇ ਹਾਂ।



ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਕਿਸਾਨਾਂ ਨੇ ਕਰੜੀ ਮਿਹਨਤ ਨਾਲ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਅਗਵਾਈ ਹੇਠ ਪੀ.ਏ.ਯੂ ਦੁਆਰਾ ਵਿਕਸਤ ਤਕਨੀਕਾਂ ਨੂੰ ਅਪਣਾ ਕੇ ਹਰਾ ਇਨਕਲਾਬ ਲਿਆ ਕੇ ਦੇਸ਼ ਨੂੰ ਅਨਾਜ ਦੀ ਪੈਦਾਵਾਰ ਪੱਖੋਂ ਆਤਮ ਨਿਰਭਰ ਹੀ ਨਹੀਂ ਸਗੋਂ ਬਾਹਰਲੇ ਮੁਲਕਾਂ ਨੂੰ ਅਨਾਜ ਨਿਰਯਾਤ ਕਰਨ ਦੇ ਕਾਬਲ ਬਣਾਇਆ ਹੈ ਪਰ ਇਸ ਦਾ ਮੁੱਲ ਬਹੁਤ ਭਾਰੀ ਦੇਣਾ ਪਿਆ। ਜ਼ਮੀਨ ਹੇਠਲੇ ਪਾਣੀ ਦਾ ਪੱਧਰ ਇਸ ਹੱਦ ਤੱਕ ਨੀਵਾਂ ਜਾ ਚੁੱਕਾ ਹੈ ਕਿ ਕੇਂਦਰੀ ਜ਼ਿਲ੍ਹਿਆਂ ਵਿੱਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਦਰਿਆਵਾਂ ਦਾ ਪਾਣੀ ਪ੍ਰਦੂਸ਼ਤ ਹੋਣ ਕਾਰਨ ਜ਼ਮੀਨ ਹੇਠਲਾ ਪਾਣੀ ਪੀਣਯੋਗ ਨਹੀਂ ਰਿਹਾ। ਮਿੱਟੀ ਵਿੱਚ ਮਿੱਤਰ ਸੂਖਮ ਜੀਵ ਖਤਮ ਹੋਣ ਕਾਰਨ ਮਿੱਟੀ ਮੁਰਦਾ ਹਾਲਤ ਵਿੱਚ ਹੋ ਰਹੀ ਹੈ।

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਲੋਕਾਂ ਖਾਸ ਕਰਕੇ ਕਿਸਾਨਾਂ ਨੂੰ ਵਾਤਾਵਰਣ ਦੂਸ਼ਿਤਾ ਅਤੇ ਇਸ ਤੋ ਉਤਪਨ ਖਤਰਿਆਂ ਤੋ ਜਾਣੂ ਕਰਵਾਉਣ ਲਈ ਨਿਰੰਤਰ ਮੁਹਿੰਮ ਚਲਾਈ ਜਾਵੇ। ਸਵੈ-ਸੇਵੀ ਸੰਸਥਾਵਾਂ ,ਰੇਡੀਓ, ਟੀ.ਵੀ., ਇਟਰੈਟ.ਸੋਸ਼ਲ ਸਾਈਟਸ, ਪ੍ਰਿੰਟ ਅਤੇ ਬਿਜਲਈ ਸਾਧਨਾਂ, ਰਸਾਲਿਆਂ ਰਾਹੀ ਵਾਤਾਵਰਣ ਦੀ ਸਿਹਤ ਦੀ ਮਹੱਤਤਾ ਅਤੇ ਪ੍ਰਦੂਸ਼ਣ ਨਾਲ ਹੋਣ ਵਾਲੇ ਖਤਰਿਆਂ ਬਾਰੇ ਲੋਕ ਚੇਤਨਾ ਪੈਦਾ ਕਰਨੀ ਚਾਹੀਦੀ ਹੈ। ਇਸ ਕੰਮ ਨੂੰ ਇੱਕ ਪਵਿੱਤਰ ਕੰਮ ਸਮਝ ਕੇ ਪ੍ਰਾਥਮਿਕਤਾ ਦੇਣੀ ਚਾਹੀਦੀ ਹੈ।

# ਮਨੁੱਖ ਅਤੇ ਵਾਤਾਵਰਣ

ਅਮਰੀਕਾ ਦੀ ਮਸ਼ਹੂਰ ਭੂਗੋਲਕਾਰ ਮਿਸ ਸੇਮਪਲ ਅਨੁਸਾਰ 'ਮਨੁੱਖ ਆਪਣੇ ਵਾਤਾਵਰਨ ਦਾ ਮੂਲ ਹੈ'। ਵਾਤਾਵਰਨ ਦਾ ਅਰਥ ਹੈ ਸਾਡੇ ਆਲੇ ਦੁਆਲੇ ਮੌਜੂਦ ਜੀਵਿਤ ਅਤੇ ਨਿਰਜੀਵ ਤੱਤਾਂ ਦਾ ਢੱਕਣ, ਜੋ ਸਾਡੇ ਆਲੇ ਦੁਆਲੇ ਹਨ ਜਿਵੇਂ ਕਿ ਜਾਨਵਰ, ਪਾਣੀ, ਪੌਦੇ, ਜ਼ਮੀਨ ਅਤੇ ਹਵਾ, ਜੋ ਕੁਦਰਤ ਦੇ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।



ਪੁਰਾਣੇ ਸਮਿਆਂ ਵਿੱਚ ਵਾਤਾਵਰਨ ਪ੍ਰਦੂਸ਼ਣ ਵਰਗੀ ਕੋਈ ਸਮੱਸਿਆ ਨਹੀਂ ਸੀ। ਪਰ ਅੱਜ ਵਿਕਾਸ ਦੇ ਨਾਂਅ 'ਤੇ ਵਿਗਿਆਨ ਅਤੇ ਤਕਨਾਲੋਜੀ ਦੀ ਵੱਧ ਰਹੀ ਵਰਤੋਂ ਦੇ ਸਿੱਟੇ ਵਜੋਂ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ, ਜਿਸ ਕਾਰਨ ਨਾ ਸਿਰਫ਼ ਸਾਡਾ ਵਰਤਮਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ, ਸਗੋਂ ਸਾਡਾ ਭਵਿੱਖ ਵੀ ਸੰਕਟ ਵਿੱਚ ਹੈ।

ਅੱਜ ਦੁਨੀਆਂ ਦੇ ਸਾਰੇ ਦੇਸ਼ ਵਿਕਾਸ ਅਤੇ ਤਾਕਤਵਰ ਬਣਨ ਦੀ ਦੌੜ ਵਿੱਚ ਸ਼ਾਮਲ ਹੋ ਗਏ ਹਨ ਅਤੇ ਐਟਮ ਬੰਬ ਅਤੇ ਹਾਈਡ੍ਰੋਜਨ ਬੰਬ ਵਰਗੀਆਂ ਸ਼ਕਤੀਆਂ ਪੈਦਾ ਕਰ ਲਈਆਂ ਹਨ, ਜੋ ਕਿਸੇ ਇੱਕ ਦੇਸ਼ ਨੂੰ ਹੀ ਨਹੀਂ ਸਗੋਂ ਪੂਰੀ ਦੁਨੀਆ ਨੂੰ ਤਬਾਹ ਕਰਨ ਦੀ ਤਾਕਤ ਰੱਖਦੀਆਂ ਹਨ। ਇੰਨਾ ਹੀ ਨਹੀਂ





ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਕੁਦਰਤ ਦੀ ਸੰਪੱਤੀ ਨੂੰ ਨਸ਼ਟ ਕਰ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਅੱਜ ਕੁਦਰਤ ਦਾ ਅਨਮੋਲ ਖਜ਼ਾਨਾ ਅਲੋਪ ਹੋਣ ਦੇ ਕੰਢੇ ਹੈ। ਜੋ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਖ਼ਤਰੇ ਦੀ ਨਿਸ਼ਾਨੀ ਹੈ।

ਵਿਕਾਸ ਦੀ ਦੌੜ ਵਿੱਚ ਵਾਤਾਵਰਨ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਦੇ ਲਈ ਮਨੁੱਖੀ ਸਮਾਜ ਨੂੰ ਵਾਤਾਵਰਨ ਦੀ ਰੱਖਿਆ ਅਤੇ ਸੰਵਾਰਨ ਦੀ ਲੋੜ ਹੈ। ਇਹ ਭਵਿੱਖ ਵਿੱਚ ਵਾਤਾਵਰਣ ਸੰਕਟ ਨੂੰ ਘਟਾ ਸਕਦਾ ਹੈ।

ਪਰ ਦੁੱਖ ਦੀ ਗੱਲ ਹੈ ਕਿ ਮਨੁੱਖ ਵਿਕਾਸ ਦੇ ਨਾਂ 'ਤੇ ਜੰਗਲਾਂ ਅਤੇ ਰੁੱਖਾਂ ਦੀ ਕਟਾਈ ਕਰ ਰਿਹਾ ਹੈ। ਜਿਸ ਕਾਰਨ ਹਵਾ ਪ੍ਰਦੂਸ਼ਣ, ਘੱਟ ਵਰਖਾ, ਉਪਜਾਊ ਜ਼ਮੀਨਾਂ ਦਾ ਬੰਜਰ ਹੋਣਾ ਵਰਗੀਆਂ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਆਧੁਨਿਕ ਟੈਕਨਾਲੋਜੀ ਦੀ ਮਦਦ ਨਾਲ ਮਨੁੱਖ ਨੇ ਮੋਟਰ ਵਾਹਨ ਤਾਂ ਬਣਾਏ ਹਨ ਪਰ ਇਸ ਦੇ ਨਾਲ ਹੀ ਆਵਾਜ਼ ਪ੍ਰਦੂਸ਼ਣ ਵੀ ਵਧ ਰਿਹਾ ਹੈ ਅਤੇ ਲੋਕ ਵੱਖ-ਵੱਖ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਵਿਕਾਸ ਦੇ ਚੱਕਰ ਵਿੱਚ ਲੋਕ ਇਹ ਭੁੱਲਦੇ ਜਾ ਰਹੇ ਹਨ ਕਿ ਸਾਡਾ ਜੀਵਨ ਕੁਦਰਤ ਦੀ ਦੇਣ ਹੈ, ਜੇਕਰ ਧਰਤੀ 'ਤੇ ਜੀਵਨ ਹੈ ਤਾਂ ਵਾਤਾਵਰਨ ਦੀ ਮੌਜੂਦਗੀ ਕਾਰਨ ਹੀ ਹੈ।

ਵਾਤਾਵਰਨ ਪ੍ਰਦੂਸ਼ਣ ਅੱਜ ਏਨਾ ਵਿਨਾਸ਼ਕਾਰੀ ਰੂਪ ਲੈ ਚੁੱਕਾ ਹੈ ਕਿ ਵਿਗਿਆਨੀਆਂ ਦਾ ਕਹਿਣਾ ਹੈ ਕਿ ਜੇਕਰ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਨੂੰ ਜਲਦੀ ਖ਼ਤਮ ਨਾ ਕੀਤਾ ਗਿਆ ਤਾਂ ਸਮੁੱਚੀ ਮਨੁੱਖ ਜਾਤੀ ਦੀ ਹੋਂਦ ਖ਼ਤਰੇ ਵਿੱਚ ਪੈ ਸਕਦੀ ਹੈ। ਅੱਜ ਦੁਨੀਆ ਦੀਆਂ ਸਾਰੀਆਂ ਮਹਾਸ਼ਕਤੀਆਂ ਇਸ ਸਮੱਸਿਆ ਤੋਂ ਬਚਣ ਬਾਰੇ ਸੋਚ ਰਹੀਆਂ ਹਨ। ਮਨੁੱਖਤਾ ਲਈ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਨੂੰ ਸਮਝੀਏ ਅਤੇ ਇਸ ਨੂੰ ਘਟਾਉਣ ਲਈ ਯਤਨ ਕਰੀਏ, ਇਹ ਸਮੇਂ ਦੀ ਲੋੜ ਹੈ ਅਤੇ ਮਨੁੱਖਤਾ ਦੀ ਹੋਂਦ ਨੂੰ ਬਚਾਉਣ ਦਾ ਇੱਕੋ ਇੱਕ ਵਿਕਲਪ ਵੀ ਹੈ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's

## FUEL CARDS

NO CREDIT - NO PROBLEM
BEST CUSTOMER SERVICE

QUIKQ WEX




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035



# ਪਤਝੜ ਦੇ ਫੁੱਲ

ਸੁਖਬੀਰ

ਆਪਣੀ ਉਮਰ ਦੇ ਚੌਦ੍ਹਵੇਂ ਵਰ੍ਹੇ ਵਿੱਚ ਉਸ ਨੇ ਅਜੇ ਜਵਾਨੀ ਦੀ ਦਲ੍ਹੀਜ਼ 'ਤੇ ਪੈਰ ਰਖਿਆ ਹੀ ਸੀ ਕਿ ਬੰਦੂਕ ਦੀ ਇੱਕ ਅੰਨ੍ਹੀ ਗੋਲੀ ਉਸ ਦੇ ਦਿਲ ਨੂੰ ਵਿੰਨ੍ਹ ਗਈ ਤੇ ਬਜ਼ਾਰ ਦੇ ਉਸ ਚੌਕ ਵਿੱਚ, ਜਿਥੇ ਇੱਕ ਬੜਾ ਵੱਡਾ ਜਲੂਸ ਪੁਲਿਸ ਦੀ ਦਹਿਸ਼ਤ ਵਿੱਚ ਇਧਰ-ਉਧਰ ਖਿੰਡਰ ਰਿਹਾ ਸੀ, ਉਹ ਉਸ ਸੜਕ 'ਤੇ ਢਹਿ ਪਿਆ, ਜਿਥੇ ਕੁਝ ਹੋਰ ਫੱਟੜ ਆਦਮੀਆਂ ਤੇ ਤੀਵੀਆਂ ਦੀਆਂ ਲਾਸ਼ਾਂ ਪਈਆਂ ਸਨ। ਤਾਂ ਅੱਖੀਂ ਜਲੂਸ ਦੇ ਖਿੰਡਰ ਰਹੇ ਆਦਮੀਆਂ ਵਿਚੋਂ ਕਿਸੇ-ਕਿਸੇ ਦਾ ਨਾਅਰਾ ਕਿਸੇ ਆਤਸ਼ਬਾਜ਼ੀ ਵਾਂਗ ਅਸਮਾਨ ਵੱਲ ਉਠ ਜਾਂਦਾ ਤੇ ਚੁਫੇਰੇ ਦੇ ਵਾਯੂ-ਮੰਡਲ ਦੀ ਭਿਆਨਕਤਾ ਕੰਬ ਉਠਦੀ।

ਕੁਝ ਚਿਰ ਪਿਛੋਂ ਉਥੇ ਸਿਰਫ ਪੁਲਿਸ ਸੀ, ਗੋਲੀਆਂ ਨਾਲ ਜ਼ਖਮੀ ਹੋਈਆਂ ਦਸ ਲਾਸ਼ਾਂ ਸਨ, ਦਹਿਸ਼ਤ-ਭਰੀਆਂ ਨਜ਼ਰਾਂ ਸਨ ਤੇ ਲਹੂ ਸੀ। ਤੇ ਉਸ ਦੀ ਲਾਸ਼ ਸੀ- ਆਪਣੀ ਉਮਰ ਦੇ ਚੌਦ੍ਹਵੇਂ ਵਰ੍ਹੇ ਵਿੱਚ ਉਸ ਨੇ ਅਜੇ ਜਵਾਨੀ ਦੀ ਦਲ੍ਹੀਜ਼ 'ਤੇ ਪੈਰ ਰੱਖਿਆ ਹੀ ਸੀ।

ਅਜੇ ਕੁਝ ਚਿਰ ਪਹਿਲਾਂ ਉਹ ਇਸ ਚੌਕ ਵਿੱਚ ਖੜ੍ਹੋਤਾ ਕੰਘੀਆਂ ਵੇਚ ਰਿਹਾ ਸੀ, ਆਪਣੀ ਤਿੱਖੀ-ਟੁਣਕਵੀਂ ਆਵਾਜ਼ ਵਿੱਚ ਹੋਕਾ ਦੇ ਰਿਹਾ ਸੀ। ਉਹ ਬਹੁਤ ਖੁਸ਼ ਸੀ ਕਿ ਅੱਜ ਉਸ ਦਾ ਢਾਈਆਂ ਰੁਪਿਆਂ ਦਾ ਮਾਲ ਵਿਕ ਗਿਆ ਸੀ, ਤੇ ਉਸ ਨੇ ਉਸ ਰਾਤ ਆਪਣੀ ਨਿੱਕੀ ਭੈਣ ਨਾਲ 'ਅਲਬੇਲਾ' ਫਿਲਮ ਵੇਖਣ ਜਾਣਾ ਸੀ। ਤਦੇ ਕਿਸੇ ਰੌਲਾ ਪਾਉਂਦੀ, ਬਿੱਫਰੀ ਹੋਈ ਨਦੀ ਵਾਂਗ ਸਾਹਮਣਿਉਂ ਇੱਕ ਜਲੂਸ ਆਇਆ, ਉਸ 'ਚੋਂ ਉਠ ਰਹੇ ਨਾਅਰਿਆਂ ਨਾਲ ਅਸਮਾਨ ਗੂੰਜਣ ਲਗਾ, ਤੇ ਵੇਖਦਿਆਂ-ਵੇਖਦਿਆਂ ਸਾਰਾ ਚੌਕ ਜਲੂਸ ਦੇ ਆਦਮੀਆਂ ਨਾਲ ਭਰ ਗਿਆ। ਇਕ ਹੜ੍ਹ ਸੀ, ਜੋ ਚੁਫੇਰੇ ਸਮਾ ਨਹੀਂ ਸੀ ਰਿਹਾ, ਤੇ ਹੱਦਾਂ ਟੁੱਟਣ 'ਤੇ ਆ ਗਈਆਂ ਸਨ। ਤਦੇ ਸਾਹਮਣਿਉਂ ਦੌੜਦੀਆਂ ਹੋਈਆਂ ਪੁਲਿਸ ਦੀਆਂ ਜੀਪਾਂ ਆਈਆਂ, ਉਨ੍ਹਾਂ 'ਚੋਂ ਧੜਾ-ਧੜ ਕਰਦੇ ਸਿਪਾਹੀ ਉਤਰੇ, ਤੇ ਫੇਰ, ਜਿਵੇਂ ਬੰਬ ਪਾਟਦੇ ਹਨ, ਜਲੂਸ 'ਚੋਂ ਉਠੇ ਸੈਆਂ ਨਾਅਰੇ ਅਸਮਾਨ ਨੂੰ ਵਿੰਨ੍ਹ ਗਏ, ਇੱਕ ਦਹਿਸ਼ਤ ਫੈਲੀ, ਜੋਸ਼ ਉਠਿਆ, ਲਾਠੀਆਂ ਉਭਰੀਆਂ, ਹਲਚਲ ਹੋਈ, ਸਿਰ ਪਾਟੇ, ਹੱਥਾਪਾਈ ਹੋਈ, ਲਹੂ ਡੁੱਲ੍ਹਿਆ ਤੇ ਫੇਰ, ਜਦ ਗੋਲੀ ਚਲੀ ਤਾਂ ਉਸ ਵੇਲੇ ਉਹ ਆਪਣੀਆਂ ਕੰਘੀਆਂ ਸੰਭਾਲੀ ਇੱਕ ਦੁਕਾਨ ਦੇ ਪਾਏਦਾਨ 'ਤੇ ਖੜ੍ਹੋਤਾ ਇਹ ਸਭ ਕੁਝ ਵੇਖ ਹੀ ਰਿਹਾ ਸੀ ਕਿ ਉਸ ਦੀ ਚੀਕ ਨਿਕਲੀ, ਤੇ ਉਹ ਉਥੇ ਹੀ ਢਹਿ ਪਿਆ- ਬੰਦੂਕ ਦੀ ਗੋਲੀ ਉਸ ਦੇ ਕਾਲਜੇ ਨੂੰ ਵਿੰਨ੍ਹ ਗਈ ਸੀ।

ਤੇ ਅੱਜ ਜਦ ਮੈਂ ਉਸ ਦੀ ਮੌਤ ਬਾਰੇ ਸੋਚਦਾ ਹਾਂ, ਤਾਂ ਮੈਨੂੰ ਰਹਿ-ਰਹਿ ਕੇ ਸਪੈਂਡਰ ਦੀ ਉਹ ਕਵਿਤਾ ਯਾਦ ਆਉਂਦੀ ਹੈ, ਜਿਸ ਵਿੱਚ ਇਕ ਇਹੋ ਜਿਹੇ ਮੁੰਡੇ ਦੀ ਮੌਤ ਦਾ ਜ਼ਿਕਰ ਹੈ, ਤੇ ਸਪੈਂਡਰ ਕਹਿੰਦਾ ਹੈ ਕਿ ਉਹ ਅਜੇ ਏਨਾ ਛੋਟਾ ਤੇ ਏਨਾ ਅਨਜਾਣ ਸੀ ਕਿ ਬੰਦੂਕ ਦੀਆਂ ਅੱਖਾਂ ਵਿੱਚ ਰੜਕ ਤਕ ਨਹੀਂ ਸੀ ਸਕਦਾ। ਉਹ ਤਾਂ ਸਿਰਫ ਚੁੰਮਣ ਦੇ ਯੋਗ ਇੱਕ ਬੱਚਾ ਸੀ।

ਭਾਵੇਂ ਮੈਂ ਉਸ ਦਾ ਨਾਂ ਨਹੀਂ ਜਾਣਦਾ, ਪਰ ਮੈਂ ਉਸ ਨੂੰ ਕਿੰਨੇ ਚਿਰ ਤੋਂ ਜਾਣਦਾ ਹਾਂ, ਉਸ ਦੀ ਤਿੱਖੀ-ਟੁਣਕਵੀਂ ਆਵਾਜ਼ ਨੂੰ ਪਛਾਣਦਾ ਹਾਂ। ਉਸ ਨੂੰ ਮੈਂ ਰੋਜ਼ ਇਸ ਚੌਕ ਵਿੱਚ ਕੰਘੀਆਂ ਵੇਚਦੇ ਵੇਖਿਆ ਹੈ। ਉਸ ਦੇ ਰੁਖੇ ਵਾਲਾਂ ਹੇਠ ਉਸ ਦਾ ਚਿਹਰਾ ਮੈਂ ਕਦੇ ਨਹੀਂ ਭੁੱਲ ਸਕਦਾ, ਜਿਸ 'ਤੇ ਬਚਪਨ ਦੀ ਮੁਸਕਰਾਹਟ ਬੜੀ ਗੰਭੀਰ ਬਣੀ ਹੋਈ ਸੀ, ਤੇ ਦੋ ਅੱਖਾਂ ਵਿੱਚ ਉਸ ਦਰਦ ਦੀ ਛਾਂ ਸੀ, ਜੋ ਮੁਸਕਰਾਹਟਾਂ ਦੇ ਕਤਲ ਹੋਣ 'ਤੇ ਪੈਦਾ ਹੁੰਦੀ ਹੈ। ਹਾਂ, ਜਦ ਬਚਪਨ ਆਪਣੀਆਂ ਖੇਡਾਂ ਛੱਡ ਕੇ ਰੋਟੀ ਕਮਾਉਣ ਦੀ ਚਿੰਤਾ ਵਿੱਚ ਲੱਗ ਜਾਂਦਾ ਹੈ, ਤਾਂ ਉਸ ਦੀ ਮੁਸਕਰਾਹਟ ਤੇ ਉਸ ਦੀਆਂ ਅੱਖਾਂ ਦੀ ਰੌਸ਼ਨੀ ਇਸੇ ਤਰ੍ਹਾਂ ਆਪਣੇ ਸੁਪਨਿਆਂ ਦਾ ਸੰਸਾਰ ਗਵਾ ਬਹਿੰਦੀ ਹੈ। ਸਿਆਲਾਂ ਦੀਆਂ ਠਰੀਆਂ ਹੋਈਆਂ ਰਾਤਾਂ ਵਿੱਚ ਮੈਂ ਉਸ ਨੂੰ ਪਾਟੀ ਹੋਈ ਕਮੀਜ਼ ਤੇ ਨਿੱਕਰ ਵਿੱਚ ਸੁੰਗੜਿਆਂ ਇਥੇ ਕੰਘੀਆਂ ਵੇਚਦੇ ਵੇਖਿਆ ਹੈ। ਬਰਸਾਤਾਂ ਵਿੱਚ ਵੀ ਕਈ ਵਾਰ ਉਸ ਨੇ ਆਪਣੀ ਭਿੱਜੀ ਹੋਈ ਇਸੇ ਕਮੀਜ਼ ਤੇ ਨਿੱਕਰ ਵਿੱਚ ਇਥੇ ਕੰਘੀਆਂ ਵੇਚੀਆਂ ਹਨ। ਸਿਰਫ਼ ਗਰਮੀਆਂ ਦੇ ਦਿਨ ਉਸ ਨੂੰ ਰਾਸ ਆਉਂਦੇ ਸਨ। ਕੀ ਹੋਇਆ ਜੇ ਸੜਕ 'ਤੇ ਧੁੱਪ ਵਿੱਚ ਖੜ੍ਹੋ ਕੇ ਕੰਘੀਆਂ ਵੇਚਦਿਆਂ ਉਸ ਦਾ ਸਰੀਰ ਤਪ ਉਠਦਾ ਸੀ ਤੇ ਉਹ ਚਾਹੁੰਦਾ ਸੀ ਕਿ ਉਥੋਂ ਭੱਜ ਜਾਏ ਤੇ ਕਿਸੇ ਡੂੰਘੇ ਖੂਹ ਦੇ ਪਾਣੀ ਵਿੱਚ ਚੁੱਭੀ ਲਾ ਕੇ ਦੇਰ ਤਕ ਬੈਠਾ ਰਹੇ।

ਪਰ ਅੱਜ ਇਸ ਚੌਕ ਵਿੱਚ ਇੱਕ ਸੋਗ ਦੀ ਛਾਂ ਹੈ, ਤੇ ਉਸ ਦੀ ਤਿੱਖੀ-ਟੁਣਕਵੀਂ ਆਵਾਜ਼ ਕਿਤੇ ਸੁਣਾਈ ਨਹੀਂ ਦਿੰਦੀ।

ਇਸ ਚੌਕ ਵਿੱਚ ਖੜ੍ਹੋ ਕੇ ਕੰਘੀਆਂ ਵੇਚਣਾ ਹੀ ਉਸ ਦਾ ਕੰਮ ਨਹੀਂ ਸੀ। ਮੈਂ ਉਸ ਨੂੰ ਹੋਰ ਵੀ ਕਈ ਥਾਂ ਅੱਖੀਂ ਵੇਖਿਆ ਹੈ- ਇਹੋ ਆਵਾਜ਼, ਇਹੋ ਚਿਹਰਾ, ਇਹੋ ਅੱਖਾਂ, ਤੇ ਇਹੋ ਮੁਸਕਰਾਹਟ ਮੈਂ ਪਹਿਲਾਂ ਵੀ ਵੇਖ ਚੁੱਕਾ ਹਾਂ।

ਸ਼ਾਇਦ ਉਦੋਂ ਵੀ ਮੈਂ ਇਸ ਨੂੰ ਵੇਖਿਆ ਸੀ, ਜਦ ਮੈਂ ਇਨ੍ਹਾਂ ਸੜਕਾਂ 'ਤੇ ਆਪਣੀ ਬੇਕਾਰੀ ਦੀ ਗਰਦਿਸ਼ ਵਿਚੋਂ ਲੰਘ ਰਿਹਾ ਸਾਂ ਤੇ ਭੁੱਖ ਨੂੰ ਮਾਰਨ ਲਈ ਇੱਕ ਘਟੀਆ ਹੋਟਲ ਵਿੱਚ ਚਾਹ ਪੀਣ ਬੈਠਦਾ ਸਾਂ। ਤਦ ਉਸ ਹੋਟਲ ਵਿੱਚ ਆਪਣੀਆਂ ਉਂਘਲਾਈਆਂ ਹੋਈਆਂ ਅੱਖਾਂ 'ਚੋਂ ਝਾਕਦਾ ਇਹ ਮੇਰੇ ਕੋਲ ਆਉਂਦਾ ਸੀ ਤੇ ਚਾਹ ਦਾ ਆਰਡਰ ਲੈ ਕੇ ਆਪਣੇ ਮੈਲੇ ਹੱਥਾਂ ਵਿੱਚ ਚਾਹ ਦਾ ਕੱਪ ਚੁੱਕੀ ਮੇਜ਼ 'ਤੇ ਰੱਖ ਜਾਂਦਾ ਸੀ। ਉਦੋਂ ਵੀ ਇਹੋ ਕਮੀਜ਼ ਤੇ ਨਿੱਕਰ ਇਸ ਦਾ ਲਿਬਾਸ ਹੁੰਦਾ ਸੀ। ਤੇ ਮੋਢੇ ਉਤੇ ਇੱਕ ਮੈਲਾ ਕੱਪੜਾ ਹੁੰਦਾ ਸੀ, ਜਿਸ ਨਾਲ ਇਹ ਮੇਜ਼ ਸਾਫ ਕਰਿਆ ਕਰਦਾ ਸੀ। ਮੈਂ ਚਾਹ ਦੇ ਘੁੱਟ ਭਰਦਾ ਹੋਇਆ ਸੋਚਦਾ ਸਾਂ ਕਿ ਕੀ ਇਹ ਇਸੇ ਤਰ੍ਹਾਂ ਮੋਢੇ 'ਤੇ ਮੈਲਾ ਕੱਪੜਾ ਰਖੀ ਜ਼ਿੰਦਗੀ ਦੇ ਦਿਨ ਕੱਟਦਾ ਰਹੇਗਾ? ਆਪਣੀਆਂ ਉਂਘਲਾਂਦੀਆਂ, ਗਵਾਚੀਆਂ ਅੱਖਾਂ ਵਿਚੋਂ ਝਾਕਦਾ ਰਹੇਗਾ? ਤੇ ਇਸ ਹੋਟਲ ਵਿੱਚ ਸੋਲਾਂ-ਸੋਲਾਂ ਘੰਟੇ ਕੰਮ ਕਰਦਿਆਂ ਆਪਣੀ ਸਾਰੀ ਉਮਰ ਬਿਤਾ ਦਏਗਾ? ਅਖੀਰ, ਮੈਂ ਚਾਹ ਪੀ ਕੇ ਮੁੜ ਨੌਕਰੀ ਦੀ ਭਾਲ ਵਿੱਚ ਸੜਕਾਂ ਨਾਪਣ ਲੱਗਦਾ ਸਾਂ।

ਸ਼ਾਇਦ ਉਨ੍ਹੀਂ ਦਿਨੀਂ ਵੀ ਮੈਂ ਇਸ ਨੂੰ ਵੇਖਿਆ ਸੀ, ਜਦ ਸਾਡੀ ਇਸ 'ਚਾਲ' ਦੇ ਸਾਹਮਣੇ ਇਕ ਸੱਤ-ਮੰਜ਼ਲੀ ਇਮਾਰਤ ਬਣ ਰਹੀ ਸੀ, ਤੇ ਇਥੇ ਕੰਮ ਕਰਨ ਵਾਲਿਆਂ ਦਾ ਰੌਲਾ ਪਿਆ ਰਹਿੰਦਾ ਸੀ। ਸਵੇਰੇ ਤੋਂ ਤ੍ਰਿਕਾਲਾਂ ਤੀਕ ਰਾਜ ਤੇ ਮਜ਼ਦੂਰ ਇਮਾਰਤ ਨੂੰ ਉਸਾਰਨ ਵਿੱਚ ਰੁਝੇ ਰਹਿੰਦੇ ਸਨ। ਮੈਂ ਆਪਣੀ ਵਿਹਲ ਦੀਆਂ ਘੜੀਆਂ ਵਿੱਚ ਕਦੇ ਕਮਰੇ ਵਿੱਚ ਬੈਠਾ ਇਮਾਰਤ ਵੱਲ ਵੇਖਣ ਲਗਦਾ ਸਾਂ- ਖਾਸਕਰ ਉਨ੍ਹਾਂ ਮਜ਼ਦੂਰਾਂ ਨੂੰ, ਜੋ ਸਿਰਾਂ 'ਤੇ ਕੜਾਹੀਆਂ ਚੁੱਕੀ ਇੱਟਾਂ, ਪੱਥਰ, ਰੇਤ ਆਦਿ ਢੋਅ ਰਹੇ ਹੁੰਦੇ। ਉਨ੍ਹਾਂ ਮਜ਼ਦੂਰਾਂ ਵਿਚ ਮਰਦਾਂ ਦੇ ਰੇਟ ਨਾਲੋਂ ਅੱਧਾ ਸੀ, ਤੇ ਮੁੰਡਿਆਂ ਦਾ ਤੀਵੀਆਂ ਦੇ ਰੇਟ ਨਾਲੋਂ ਅੱਧਾ। ਪਰ ਇਹ ਤੀਵੀਆਂ ਤੇ ਮੁੰਡੇ ਕੰਮ ਲਗਪਗ ਮਰਦਾਂ ਜਿੰਨਾ ਹੀ ਕਰਦੇ ਸਨ। ਸਿਰਫ ਕੁਝ ਇਕ ਹੀ ਮਜ਼ਦੂਰ ਮਰਦ ਸਨ, ਜੋ ਖਾਸ-ਖਾਸ ਕੰਮਾਂ 'ਤੇ ਲੱਗੇ ਹੋਏ ਸਨ। ਉਥੇ ਹੀ ਮੈਂ ਇਸ ਨੂੰ ਵੇਖਦਾ ਸਾਂ। ਇਹੋ ਕਮੀਜ਼ ਤੇ ਇਹੋ ਨਿੱਕਰ। ਤੇ ਸਿਰੋਂ-ਪੈਰੋਂ ਨੰਗਾ। ਇਹ ਸਵੇਰ ਤੋਂ ਤ੍ਰਿਕਾਲਾਂ ਤੀਕ ਸਿਰ 'ਤੇ ਕੜਾਹੀ ਚੁੱਕੀ ਇੱਟਾਂ ਢੋਂਦਾ ਰਹਿੰਦਾ। ਤਦ ਇਸ ਦਾ ਪਿਓ ਵੀ ਇਥੇ ਕੰਮ ਕਰਦਾ ਸੀ, ਇਸ ਦੀ ਮਾਂ ਵੀ ਏਥੇ ਕੰਮ ਕਰਦੀ ਸੀ। ਦੁਪਹਿਰ ਵੇਲੇ ਜਦ ਅੱਧੇ ਘੰਟੇ ਦੀ ਛੁੱਟੀ ਹੁੰਦੀ, ਤਾਂ ਇਹ ਦੂਜੇ ਮਜ਼ਦੂਰਾਂ ਵਿਚ ਆਪਣੇ ਮਾਂ-ਪਿਓ ਨਾਲ ਬੈਠਾ ਰੋਟੀ ਖਾ ਰਿਹਾ ਹੁੰਦਾ। ਤਦ ਮੈਨੂੰ ਆਪਣਾ ਬਚਪਨ ਯਾਦ ਆਉਂਦਾ, ਜਦ ਮੈਂ ਸਕੂਲ ਵਿੱਚ ਪੜ੍ਹਿਆ ਕਰਦਾ ਸਾਂ ਤੇ ਦੁਪਹਿਰ ਦੀ ਛੁੱਟੀ ਵੇਲੇ ਦੋਸਤਾਂ ਨਾਲ ਖੱਟੀਆਂ-ਮਿੱਠੀਆਂ ਚਾਟਾਂ ਖਾਂਦਾ ਸਾਂ, ਤੇ ਪੇਪਰਾਮਿੰਟਾਂ ਜਾਂ ਟਾਫੀਆਂ ਚੂਸਦਾ ਹੋਇਆ ਮੁੰਡਿਆਂ ਨਾਲ ਖੇਡਿਆ ਕਰਦਾ ਸਾਂ। ਪਰ ਹੁਣ ਉਹ ਬਚਪਨ ਨਹੀਂ ਸੀ ਰਿਹਾ। ਹੁਣ ਮੈਨੂੰ ਆਪਣਾ ਤੇ ਆਪਣੇ ਬੁੱਢੇ ਮਾਂ-ਪਿਓ ਦਾ ਢਿੱਡ ਭਰਨ ਲਈ ਰੁਜ਼ਗਾਰ ਦੀਆਂ ਕੁੜਿੱਤਣਾਂ ਚਖਣੀਆਂ ਪੈ ਰਹੀਆਂ ਸਨ। ...ਤੇ ਆਪਣੇ ਮਾਂ-ਪਿਓ ਦੇ ਨਾਲ ਬੈਠਾ ਇਹ ਵੀ ਰੋਟੀ ਦੀਆਂ ਗ੍ਰਾਹੀਆਂ ਚੱਬਦਾ ਆਪਣੀ ਬਚਪਨ ਦੀ ਉਮਰੇ ਰੁਜ਼ਗਾਰ ਦੀਆਂ ਕੁੜਿੱਤਣਾਂ ਚਖ ਰਿਹਾ ਸੀ। ਪਰ ਪੱਥਰ ਜਾਂ ਇੱਟਾਂ ਢੋਣ ਦਾ ਅਜਿਹਾ ਕੰਮ ਰੋਜ਼-ਰੋਜ਼ ਤਾਂ ਮਿਲਦਾ ਨਹੀਂ। ਇਹ ਤਾਂ ਇਸ ਵਾਰ ਉਨ੍ਹਾਂ ਦਾ ਸੁਭਾਗ ਸੀ ਕਿ ਪਿਓ ਦੇ ਨਾਲ ਪੁੱਤਰ ਨੂੰ ਵੀ ਕੰਮ ਮਿਲ ਗਿਆ ਸੀ, ਤੇ ਪਤਨੀ ਨੂੰ ਵੀ, ਤੇ ਤਿੰਨੋਂ ਇਕੋ ਥਾਂ ਕੰਮ 'ਤੇ ਲੱਗੇ ਹੋਏ ਸਨ। ਪਰ ਇਸ ਤੋਂ ਪਹਿਲਾਂ ਮੈਂ ਇਸ ਨੂੰ ਤਦ ਵੇਖਿਆ ਸੀ, ਜਦ ਇਹ ਸਾਡੀ ਇਸ 'ਚਾਲ' ਵਿੱਚ ਦੁੱਧ ਦੇਣ ਆਇਆ ਕਰਦਾ ਸੀ। ਉਹਨੀਂ ਦਿਨੀਂ ਇਸ ਦੇ ਤੇੜ ਨਿੱਕਰ ਦੀ ਥਾਂ ਗੋਡਿਆਂ ਤੋਂ ਉਚੀ ਮਾਰਕੀਨ ਦੀ ਮੈਲੀ ਧੋਤੀ ਹੁੰਦੀ ਸੀ, ਜੋ ਕਈਆਂ ਥਾਵਾਂ ਤੋਂ ਮੋਟੇ-ਮੋਟੇ ਤੋਪਿਆਂ ਨਾਲ ਸੀਤੀ ਹੁੰਦੀ। ਇਸ ਦੇ ਕੱਪੜਿਆਂ 'ਚੋਂ, ਜਾਂ ਸੱਚ ਪੁੱਛੋ ਤਾਂ ਇਸ ਦੇ ਸਰੀਰ 'ਚੋਂ ਗੋਹੇ ਦੀ ਨਿੰਮ੍ਹੀ-ਨਿੰਮ੍ਹੀ ਬੋਅ ਆਉਂਦੀ ਰਹਿੰਦੀ। ਇਸ ਦੇ ਨਹੁੰਆਂ ਵਿੱਚ ਗੋਹਾ ਫਸਿਆ ਹੁੰਦਾ। ਤੇ ਇਸ ਦੀਆਂ ਅੱਡੀਆਂ ਦੀਆਂ ਬਿਆਈਆਂ ਤੇ ਪੈਰਾਂ ਦੀਆਂ ਉਂਗਲਾਂ ਵਿੱਚ ਤਾਂ ਸਦਾ ਗੋਹਾ ਫਸਿਆ ਹੁੰਦਾ। ਇਹ ਕਿਸੇ ਦੁੱਧ ਵਾਲੇ ਭਈਏ ਦੇ ਤਬੇਲੇ ਵਿੱਚ ਕੰਮ ਕਰਦਾ ਸੀ। ਉਥੇ ਇਹ ਮੱਝਾਂ ਨੂੰ ਨੁਲਾਉਂਦਾ,ਉਨ੍ਹਾਂ ਦਾ ਗੋਹਾ ਸਾਫ ਕਰਦਾ, ਬਾਹਰ ਚਰਾਉਣ ਲੈ ਜਾਂਦਾ, ਤੇ ਪੱਠਾ-ਦੱਥਾ ਕਰਦਾ। ਸਵੇਰੇ ਮੂੰਹ ਹਨੇਰੇ ਅਤੇ ਸ਼ਾਮ ਤੋਂ ਪਹਿਲਾਂ ਦਿਨ ਵਿੱਚ ਦੋ ਵਾਰ ਦੁੱਧ ਦੇ ਛੋਟੇ-ਵੱਡੇ ਦੋ-ਦੋ, ਤਿੰਨ-ਤਿੰਨ ਡੱਬੇ ਦੋਹਾਂ ਹੱਥਾਂ ਵਿੱਚ ਲਟਕਾਈ ਘਰ-ਘਰ ਦੁੱਧ ਦੇਣ ਜਾਂਦਾ। ਸਵੇਰੇ ਇਹ ਏਨਾ ਸਵੇਰੇ ਆਉਂਦਾ ਕਿ ਕਈ ਵਾਰ ਮੇਰਾ ਆਪਣੀ ਉਸ 'ਗੁਲਾਬੀ ਨੀਂਦ' ਵਿਚੋਂ ਉੱਠਣ 'ਤੇ ਜੀਅ ਨਾ ਕਰਦਾ। ਪਰ ਇਸ ਦੇ ਵਾਰ-ਵਾਰ ਬੁਲਾਉਣ 'ਤੇ ਮੈਨੂੰ ਉਠਣਾ ਪੈਂਦਾ। ਤੇ ਜਦ ਮੈਂ ਦੁੱਧ ਲੈ ਰਿਹਾ ਹੁੰਦਾ, ਤਾਂ ਕਈ ਵਾਰ ਲਗਦਾ, ਜਿਵੇਂ ਇਸ ਦੀਆਂ ਉਂਘਲਾਉਂਦੀਆਂ ਹੋਈਆਂ ਅੱਖਾਂ ਮੇਰੀਆਂ ਆਪਣੀਆਂ ਅੱਖਾਂ ਹਨ। ਮੈਂ ਬੱਤੀ ਬੁਝਾ ਕੇ ਬਿਸਤਰੇ 'ਤੇ ਪੈ ਜਾਂਦਾ ਤੇ ਆਪਣੀ 'ਗੁਲਾਬੀ ਨੀਂਦ' ਵਿੱਚ ਗਵਾਚ ਜਾਂਦਾ।

(ਬਾਕੀ ਸਫ਼ਾ 31 'ਤੇ)

ਹਾਸ ਵਿਅੰਗ

ਸਰਵਣ ਸਿੰਘ

# ਆਪਾਂ ਤਾਂ ਪਹਿਲੀ ਫਲਾਈਟ ਬਾਹਰ ਨਿਕਲ ਜਾਣਾ !

ਕਿਹਾ ਜਾਂਦੈ ਕਿ ਵਡੇਰੀ ਉਮਰ ਦੇ ਬੰਦੇ ਹੱਸਦੇ ਘੱਟ ਹਨ, ਝੂਰਦੇ ਵੱਧ। ਜਿਓਣਜੋਗੇ ਘੱਟ, ਮਰਨਜੋਗੇ ਵੱਧ। ਪਰ ਸਾਰੇ ਇਕੋ ਜਿਹੇ ਨਹੀਂ ਹੁੰਦੇ। ਕਈ ਲਾਹੌਰ ਰੇਡੀਓ ਦੇ ਮਜਾਹੀਆ ਕਲਾਕਾਰ ਨਿਜ਼ਾਮਦੀਨ ਵਰਗੇ ਵੀ ਹੁੰਦੇ ਨੇ ਜੋ ਸਾਰੀ ਉਮਰ ਹੱਸਦੇ ਹਸਾਉਂਦੇ ਰਹੇ। ਵੱਡੀ ਉਮਰ ਵਾਲਿਆਂ ਨੂੰ ਚੇਤੇ ਹੋਵੇਗਾ, ਕਿਵੇਂ ਉਹ ਲਾਹੌਰ ਰੇਡੀਓ ਦੇ ਪੰਜਾਬੀ ਪ੍ਰੋਗਰਾਮ 'ਚ ਹਾਸੇ ਖੇੜੇ ਦੇ ਅਨਾਰ ਚਲਾਉਂਦਾ ਸੀ। ਹਾਸ ਵਿਅੰਗ ਦੀਆਂ ਅਸਤਬਾਜ਼ੀਆਂ ਛੱਡਦਾ ਸੀ। ਵਰਿਆਮ ਸਿੰਘ ਸੰਧੂ ਨੇ ਇਹਨੀਂ ਦਿਨੀਂ ਨਿਜ਼ਾਮਦੀਨ ਬਾਰੇ ਲੰਮਾ ਲੇਖ, ਚਾਰ ਭਾਗਾਂ 'ਚ ਵੰਡ ਕੇ ਫੇਸਬੁੱਕ 'ਤੇ ਪਾਇਆ ਹੈ। ਜਿਹੜੇ ਪੜ੍ਹ ਨਹੀਂ ਸਕੇ, ਉਹ ਹੁਣ ਵੀ ਪੜ੍ਹ

ਸਕਦੇ ਹਨ। ਏਥੇ ਉਸ ਦਾ ਇਕੋ ਨਮੂਨਾ ਪੇਸ਼ ਕਰ ਰਿਹਾਂ:

ਪਿੰਡ ਦਾ ਸ਼ਹਿਰ 'ਚ ਨੌਕਰੀ ਲੱਗਾ ਇੱਕ ਮੁੰਡਾ, ਆਪਣੇ ਅਣਪੜ੍ਹ ਪਿਓ ਦੀਆਂ ਉਹਦੀ ਨੌਕਰੀ ਬਾਰੇ ਗੱਲਾਂ ਤੇ ਪੁੱਛਾਂ ਸੁਣ ਸੁਣ ਕੇ ਅੱਕ ਗਿਆ। ਆਖ਼ਰ ਇਕ ਦਿਨ ਪਿਓ ਨੂੰ ਆਪਣੇ ਨਾਲ ਹੀ ਲਾਹੌਰ ਲੈ ਗਿਆ ਤਾਂ ਕਿ ਉਹਨੂੰ ਉਹਦੀਆਂ ਅੱਖਾਂ ਸਾਹਵੇਂ ਵਿਖਾ ਸਕੇ ਕਿ 'ਲਿਫ਼ਟ' ਦੀ ਨੌਕਰੀ ਕਿਹੋ ਜਿਹੀ ਹੁੰਦੀ ਹੈ ?ਪੁੱਤਰ ਨੇ ਹੇਠਲੀ ਮੰਜ਼ਿਲ ਦੀ ਲੌਬੀ 'ਚ ਇੱਕ ਕੁਰਸੀ ਡਾਹ ਦਿੱਤੀ ਤੇ ਕਿਹਾ ਕਿ ਉਹ ਏਥੇ ਬਹਿ ਕੇ ਵੇਖੀ ਜਾਵੇ ਮੈਂ ਕੀ ਕਰਦਾ ਹਾਂ ? ਪਿਓ ਕੁਰਸੀ ਉਤੇ ਬਹਿ ਗਿਆ। ਏਨੇ ਚਿਰ ਨੂੰ ਇੱਕ ਬੁਢੜੀ ਮਾਈ ਆਈ।

ਲੱਕ ਉੱਤੇ ਹੱਥ ਰੱਖੇ ਹੋਏ। ਬੜੇ ਤਰਲੇ ਨਾਲ ਲਿਫ਼ਟ ਓਪਰੇਟਰ ਮੁੰਡੇ ਨੂੰ ਕਹਿੰਦੀ, ਵੇ ਪੁੱਤ! ਮੈਥੋਂ ਬੁਢੜੀ ਤੋਂ ਪੌੜੀਆਂ ਨਹੀਂ ਚੜ੍ਹਿਆ ਜਾਂਦਾ। ਮੈਨੂੰ ਐਹਦੇ 'ਚ ਬਿਠਾ ਕੇ ਉੱਤੇ ਲੈ ਜਾ।

ਮੁੰਡੇ ਨੇ ਬੁਢੜੀ ਨੂੰ ਲਿਫ਼ਟ ਵਿੱਚ ਵਾੜ ਲਿਆ। ਦਰਵਾਜ਼ਾ ਬੰਦ ਹੋਇਆ ਤਾਂ ਲਿਫ਼ਟ ਉੱਤੇ ਨੂੰ ਤੁਰ ਪਈ।

ਮੁੰਡੇ ਦਾ ਪਿਓ ਲੌਬੀ 'ਚ ਬੈਠਾ ਬੁਢੜੀ ਬਾਰੇ ਸੋਚਣ ਲੱਗਾ। ਜਦੋਂ ਮੁੰਡਾ ਲਿਫ਼ਟ ਲੈ ਕੇ ਹੇਠਾਂ ਆਇਆ ਤਾਂ ਉਹਨੇ ਉਪਰੋਂ ਇੱਕ ਟਿਪ ਟੌਪ ਬੀਬੀ ਲਿਫਟ ਵਿੱਚ ਲੈ ਆਂਦੀ। ਗੋਰਾ ਰੰਗ, ਸੁਰਮਾ ਪਾਇਆ ਹੋਇਆ ਤੇ ਲਿਪਸਟਿਕ ਲੱਗੀ ਹੋਈ। ਤੇੜ ਸਕੱਰਟ ਤੇ ਲੱਤਾਂ ਅੱਧ-ਨੰਗੀਆਂ। ਬੀਬੀ ਬਾਹਰ ਨਿਕਲੀ ਤੇ ਟੁਪ ਟੁਪ

ਕਰਦੀ ਮੁੰਡੇ ਦੇ ਪਿਓ ਕੋਲੋਂ ਲੰਘੀ। ਮੁੰਡੇ ਦਾ ਪਿਓ ਉਹਨੂੰ ਵੇਖ ਕੇ ਹੈਰਾਨ ਰਹਿ ਗਿਆ ਤੇ ਕਿੰਨਾ ਚਿਰ ਤੁਰੀ ਜਾਂਦੀ ਦੀਆਂ ਅੱਧ-ਨੰਗੀਆਂ ਲੱਤਾਂ ਵੇਖਦਾ ਰਿਹਾ। ਖ਼ੁਸ਼ੀ ਵਿੱਚ ਉਹਦੀਆਂ ਤਾਂ ਵਰਾਛਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ! ਆਪਣੇ ਮੁੰਡੇ ਨੂੰ ਆਂਹਦਾ, ਕੰਜਰਾ! ਤੂੰ ਤਾਂ ਕੰਮ ਈ ਬੜੇ ਵਧੀਆ 'ਤੇ

ਲੱਗਾ ਏਂ। ਭੈੜਿਆ! ਕਿਸੇ ਦਿਨ ਆਪਣੀ ਮਾਂ ਨੂੰ ਨਾਲ ਲਿਆ ਕੇ ਉਹਦਾ ਵੀ ਇਕ ਗੇੜਾ ਇਹਦੇ 'ਚ ਲਵਾ ਉਏ! ਉਹਦਾ ਖ਼ਿਆਲ ਸੀ ਕਿ ਉਹੋ ਬੁਢੜੀ ਉਤੋਂ ਸਮਾਰਟ ਬੀਬੀ ਬਣ ਕੇ ਉਤਰੀ ਹੈ। ਅਜਿਹਾ ਸੀ ਨਿਜ਼ਾਮਦੀਨ!

ਚੜ੍ਹਦੇ ਪੰਜਾਬ 'ਚ ਵੀ ਨਜ਼ਾਮਦੀਨ ਵਾਂਗ, ਚਰਨ ਸਿੰਘ ਸ਼ਹੀਦ, ਭਾਈਆ ਈਸ਼ਰ ਸਿੰਘ, ਹਜ਼ਾਰਾ ਸਿੰਘ ਰਮਤਾ, ਸੂਬਾ ਸਿੰਘ, ਚਾਚਾ ਚੰਡੀਗੜ੍ਹੀਆ ਤੇ ਹੋਰ ਕਈ ਵੱਡਉਮਰੇ ਹਾਸੇ ਖੇੜੇ ਦੇ ਛੱਟੇ ਦਿੰਦੇ ਤੁਰ ਗਏ।

ਰੋਂਦਿਆਂ ਧੋਂਦਿਆਂ ਨੂੰ ਤਾਰੀ ਗਏ। ਹਾਸਾ ਖੇੜਾ ਮਨੁੱਖ ਲਈ ਬੜਾ ਵੱਡਾ ਵਰ ਜੁ ਹੋਇਆ। ਮਨੁੱਖ ਵਾਂਗ ਹੋਰ ਕਿਸੇ ਪ੍ਰਾਣੀ ਨੂੰ ਹੱਸਣਾ ਨਹੀਂ ਆਉਂਦਾ। ਤਦੇ ਮੈਂ ਆਪਣੀ ਸਵੈਜੀਵਨੀ ਦਾ ਨਾਂ ਗੁਰਬਾਣੀ ਤੋਂ ਪ੍ਰੇਰਤ ਹੋ

ਕੇ 'ਹਸੰਦਿਆਂ ਖੇਲੰਦਿਆਂ' ਰੱਖਿਆ ਸੀ ਜੋ ਹੁਣ ਪਾਕਿਸਤਾਨੀ ਪੰਜਾਬ ਦੇ ਪਾਠਕਾਂ ਲਈ ਸ਼ਾਹਮੁਖੀ ਵਿੱਚ ਵੀ ਛਪ ਗਈ ਹੈ।

'ਪਹਿਲੀ ਫਲਾਈਟ ਬਾਹਰ ਨਿਕਲ ਜਾਣ' ਦੀ ਗੱਲ ਜੋ ਨਿਜ਼ਾਮਦੀਨ ਨੇ ਨਹੀਂ ਕੀਤੀ ਉਹ ਮੈਂ ਕਰ ਦਿੰਨਾਂ:

ਇੱਕ ਸਿਆਸੀ ਨੇਤਾ ਦੇ ਰੈਲੀਆਂ ਕਰਦਿਆਂ, ਸੱਚ ਝੂਠ ਬੋਲਦਿਆਂ, ਸਬਜ਼ ਬਾਗ ਵਿਖਾਉਂਦਿਆਂ ਤੇ ਪਾਰਟੀਆਂ ਬਦਲਦਿਆਂ ਪੇਟ 'ਚ ਕੀੜੇ ਪੈ ਗਏ। ਕੀੜੇ ਨੇਤਾ ਨੂੰ ਤੰਗ ਕਰਨ ਲੱਗੇ। ਨੇਤਾ ਨੂੰ ਡਾਕਟਰ ਕੋਲ ਜਾਣਾ ਪੈ ਗਿਆ। ਪੇਟ ਦੇ ਐਕਸਰੇ ਤੇ ਟੈੱਸਟ ਕਰਵਾਏ ਗਏ। ਪਤਾ ਲੱਗਾ ਕਿ ਪੇਟ 'ਚ ਤਾਂ ਕੀੜੇ ਹੀ ਕੀੜੇ ਕੁਰਬਲ ਕੁਰਬਲ ਕਰੀ ਜਾਂਦੇ ਨੇ। ਬਿਮਾਰੀ ਹੱਦੋਂ ਵਧ ਗਈ ਸੀ ਜਿਸ ਨਾਲ ਨੇਤਾ ਦੀ ਕਿਸੇ ਵੇਲੇ ਵੀ ਜਾਹ ਜਾਂਦੀ ਹੋ ਸਕਦੀ ਸੀ। ਤੁਰਤ ਪੇਟ ਦੇ ਓਪ੍ਰੇਸ਼ਨ ਦਾ ਫੈਸਲਾ ਕੀਤਾ ਗਿਆ। ਜਦ ਕੀੜਿਆਂ ਨੂੰ ਆਪਣੇ ਨੇਤਾ ਦੇ ਓਪ੍ਰੇਸ਼ਨ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਪੇਟ ਅੰਦਰੇ ਰੈਲੀ ਕਰ ਲਈ ਬਈ ਆਪਣੇ ਰਿਜ਼ਕਦਾਤੇ ਦਾ ਓਪ੍ਰੇਸ਼ਨ ਨਹੀਂ ਹੋਣ ਦੇਣਾ। ਨੇਤਾ ਕਦੇ ਅੰਦਰਲੀ ਰੈਲੀ ਵੱਲ ਵੇਖੇ, ਕਦੇ ਬਾਹਰਲੀ ਰੈਲੀ ਵੱਲ। ਭਾਸ਼ਨ ਦੇਵੇ ਤਾਂ ਕਿਥੇ ਦੇਵੇ ? ਆਹ ਹੁਣ ਪੰਜਾਬ ਵਿਚ ਹੀ ਵੇਖ ਲਓ, ਕਹਿੰਦੇ

ਕਹਾਉਂਦੇ ਲੀਡਰਾਂ ਨੂੰ ਪਤਾ ਨਹੀਂ ਲੱਗ ਰਿਹਾ ਬਈ ਅੰਦਰਲੀ ਰੈਲੀ 'ਚ ਭਾਸ਼ਨ ਦੇਣ ਜਾਂ ਬਾਹਰਲੀ ਰੈਲੀ 'ਚ ? ਗੱਠਜੋੜ ਕਰਨ ਤਾਂ ਕੀਹਦੇ ਨਾਲ ਕਰਨ ?

ਓਪ੍ਰੇਸ਼ਨ ਤੋਂ ਪਹਿਲਾਂ ਬਾਹਰ ਵੀ ਜ਼ਿੰਦਾਬਾਦ-ਮੁਰਦਾਬਾਦ ਹੋਣ ਲੱਗੀ ਤੇ ਢਿੱਡ 'ਚ ਵੀ ਜ਼ਿੰਦਾਬਾਦ-

ਮੁਰਦਾਬਾਦ ਦੇ ਨਾਹਰੇ ਲੱਗਣ ਲੱਗੇ! ਪੇਟ ਵਿਚਲੇ ਵਧੇਰੇ ਕੀੜੇ ਓਪ੍ਰੇਸ਼ਨ ਦੇ ਵਿਰੋਧ ਵਿੱਚ ਨਾਹਰੇ ਲਾਈ ਜਾਣ ਤੇ ਕਹੀ ਜਾਣ ਕਿ ਓਪ੍ਰੇਸ਼ਨ ਨਾਲ ਤਾਂ ਜੀ ਸਾਡਾ ਵੀ ਘਾਣ ਹੋ ਜਾਵੇਗਾ। ਕੁਝ ਕੀੜੇ ਓਪ੍ਰੇਸ਼ਨ ਦੇ ਹੱਕ 'ਚ ਨਾਹਰੇ ਲਾਈ ਜਾਣ ਬਈ ਇਹਦੇ ਨਾਲ ਆਪਣਾ ਰਿਜ਼ਕਦਾਤਾ ਬਚ ਜਾਵੇਗਾ। ਕੀੜਿਆਂ ਦੇ ਦੋ

'ਗਰੁੱਪ' ਬਣ ਗਏ। ਕੁਝ ਪਕਰੋੜ ਕੀੜੇ, ਜਿਨ੍ਹਾਂ ਨੂੰ ਸਿਆਸਤ ਦਾ ਚੋਖਾ ਤਜਰਬਾ ਸੀ, ਕੀੜਿਆਂ ਦੀ ਖਾਣ ਬਣੇ ਲੀਡਰ ਨੂੰ ਗਰੁੱਪਾਂ ਦੇ ਗੱਠਜੋੜ ਕਰਾਉਣ ਦੀਆਂ ਦਲੀਲਾਂ ਦੇਣ ਲੱਗੇ। ਅਖੇ ਲੀਡਰ ਦਾ ਓਪ੍ਰੇਸ਼ਨ ਹੋਇਆ ਤਾਂ ਸਾਰੇ ਮਾਰੇ ਜਾਵਾਂਗੇ। ਓਪ੍ਰੇਸ਼ਨ ਕਰਾਉਣ ਦੇ ਹੱਕ ਵਿੱਚ ਨਾਹਰੇ ਲਾਉਣ ਵਾਲਿਆਂ ਕੋਲ ਵੀ ਦਲੀਲਾਂ ਦਾ ਘਾਟਾ ਨਹੀਂ ਸੀ। ਉਨ੍ਹਾਂ ਨੇ ਦਲੀਲ ਦਿੱਤੀ, ਮਾਰੇ ਕਿਵੇਂ ਜਾਵਾਂਗੇ ? ਆਪਾਂ ਤਾਂ ਲੀਡਰ ਦੀ ਪਹਿਲੀ 'ਫਲਾਈਟ' ਨਾਲ ਈ ਬਾਹਰ ਨਿਕਲ ਜਾਣਾ ਤੇ ਕਿਸੇ ਹੋਰ ਨੇਤਾ ਦੇ ਢਿੱਡ 'ਚ ਜਾ ਵੜਨੈਂ!



# ਮੇਰੀ ਕਲਮ



## ਅੰਨ ਦਾਤਾ !

ਅੰਮ੍ਰਿਤਾ ਪ੍ਰੀਤਮ

ਅੰਨ ਦਾਤਾ!
ਮੇਰੀ ਜੀਭ 'ਤੇ - ਤੇਰਾ ਲੂਣ ਏਂ
ਤੇਰਾ ਨਾਂ - ਮੇਰੇ ਬਾਪ ਦਿਆਂ ਹੋਠਾਂ 'ਤੇ,
ਤੇ ਮੇਰੇ ਇਸ ਬੁੱਤ ਵਿੱਚ
ਮੇਰੇ ਬਾਪ ਦਾ ਖ਼ੂਨ ਏਂ!
ਮੈਂ ਕਿਵੇਂ ਬੋਲਾਂ !
ਮੇਰੇ ਬੋਲਣ ਤੋਂ ਪਹਿਲਾਂ
ਬੋਲ ਪੈਂਦਾ ਏ ਤੇਰਾ ਅੰਨ।
ਕੁਛ ਕੁ ਬੋਲ ਸਨ
ਪਰ ਅਸੀਂ ਅੰਨ ਦੇ ਕੀੜੇ
ਤੇ ਅੰਨ ਭਾਰ ਹੇਠਾਂ - ਉਹ ਦੱਬੇ ਗਏ ਹਨ ।

ਅੰਨ ਦਾਤਾ!
ਕਾਮੇ ਮਾਂ ਬਾਪ
ਦਿੱਤੇ ਕਾਮੇ ਨੇ ਜੰਮ
ਕਾਮੇ ਦਾ ਕੰਮ ਹੈ
ਸਿਰਫ਼ ਕੰਮ ।
ਬਾਕੀ ਵੀ ਤਾਂ ਕੰਮ
ਕਰਦੈ ਇਹੋ ਹੀ ਚੰਮ
ਉਹ ਵੀ ਇੱਕ ਕੰਮ
ਇਹ ਵੀ ਇੱਕ ਕੰਮ।

ਅੰਨ ਦਾਤਾ!
ਮੈਂ ਚੰਮ ਦੀ ਗੁੱਡੀ
ਖੇਡ ਲੈ, ਖਿਡਾ ਲੈ
ਲਹੂ ਦਾ ਪਿਆਲਾ
ਪੀ ਲੈ ਪਿਲਾ ਲੈ ।

ਤੇਰੇ ਸਾਹਵੇਂ ਖੜੀ ਹਾਂ ਅਹਿ
ਵਰਤਣ ਦੀ ਸ਼ੈ
ਜਿਵੇਂ ਚਾਹੇ ਵਰਤ ਲੈ
ਉੱਗੀ ਹਾਂ
ਪਿਸੀ ਹਾਂ
ਗੁਝੀ ਹਾਂ
ਵਿਲੀ ਹਾਂ
ਤੇ ਅੱਜ ਤੱਤੇ ਤਵੇ 'ਤੇ
ਜਿਵੇਂ ਚਾਹੇ ਪਰੱਤ ਲੈ ।
ਮੈਂ ਬੁਰਕੀ ਤੋਂ ਵੱਧ ਕੁਛ ਨਹੀਂ
ਜਿਵੇਂ ਚਾਹੇ ਨਿਗਲ ਲੈ,
ਤੇ ਤੂੰ ਲਾਵੇ ਤੋਂ ਵੱਧ ਕੁਛ ਨਹੀ
ਜਿੰਨਾ ਚਾਹੇ ਪਿਘਲ ਲੈ ।

ਲਾਵੇ 'ਚ ਲਪੇਟ ਲੈ
ਕਦਮਾਂ ਤੇ ਖੜੀ ਹਾਂ
ਬਾਹਵਾਂ 'ਚ ਸਮੇਟ ਲੈ।
ਚੁੰਮ ਲੈ
ਚੱਟ ਲੈ,
ਤੇ ਫੇਰ ਰਹਿੰਦ ਖੂੰਹਦ
ਉਸਦਾ ਵੀ ਕੁਝ ਵੱਟ ਲੈ।

ਅੰਨ ਦਾਤਾ!
ਮੇਰੀ ਜ਼ਬਾਨ
ਤੇ ਇਨਕਾਰ?
ਇਹ ਕਿਵੇਂ ਹੋ ਸਕਦੈ ।
ਹਾਂ –ਪਿਆਰ.......?
ਇਹ ਤੇਰੇ ਮਤਲਬ ਦੀ ਸ਼ੈ ਨਹੀਂ ।

## ਗੀਤ ਕਿਸੇ ਨੇ ਛੋਹਿਆ ਏ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਗੀਤ ਕਿਸੇ ਨੇ ਛੋਹਿਆ ਏ।
ਦਿਲ ਮੇਰਾ ਫਿਰ ਰੋਇਆ ਏ।
ਹੂਕ ਜਹੀ ਇੱਕ ਨਿਕਲੀ ਏ,
ਦਰਦ ਕਲੇਜੇ ਹੋਇਆ ਏ।
ਬੰਨ ਸਬਰ ਦਾ ਟੁਟਿਆ ਏ,
ਖ਼ੂਨ ਅੱਖਾਂ ਚੋਂ ਚੋਇਆ ਏ।
ਅੱਖ ਬਿਰਹਣ ਦੀ ਰੋਈ ਏ,
ਸਾਗਰ ਖ਼ਾਰਾ ਹੋਇਆ ਏ।
ਦਿਨੇ ਤੜਪਦਾ ਰਹਿੰਦਾ ਏ,
ਰਾਤ ਕਦੀ ਨਾ ਸੋਇਆ ਏ।
ਦਰਦ ਮੈਂ ਸਾਰੀ ਦੁਨੀਆਂ ਦਾ,
ਸ਼ਬਦਾਂ ਵਿੱਚ ਲਕੋਇਆ ਏ।
ਤਨ ਦੀ ਚਾਦਰ ਛਿੱਜਦੀ ਗਈ,
ਜਿਉਂ ਜਿਉਂ ਇਸਨੂੰ ਧੋਇਆ ਏ।
ਕੱਲੀ ਬਹਿ ਕੇ ਰੋਂਦੀ ਰਹੀ,
ਕੀ ਸੁਰਜੀਤ ਨੂੰ ਹੋਇਆ ਏ।

## ਸੱਜਰੇ ਫੁੱਲ ਦੀਆਂ ਮਹਿਕਾਂ ਵਰਗੇ

ਸੁਖਵਿੰਦਰ ਅੰਮ੍ਰਿਤ



ਸੱਜਰੇ ਫੁੱਲ ਦੀਆਂ ਮਹਿਕਾਂ ਵਰਗੇ
ਤੇਰੇ ਬੋਲ ਮੁਹੱਬਤਾਂ ਵਰਗੇ
ਕੁਝ ਦਿਲ ਹੀਰੇ , ਕੁਝ ਦਿਲ ਮੋਤੀ
ਕੁਝ ਦਿਲ ਖ਼ਾਰੇ ਹੰਝੂਆਂ ਵਰਗੇ
ਵਿਛੜ ਗਈਆਂ ਜਿਹਨਾਂ ਤੋਂ ਰੂਹਾਂ
ਉਹ ਤਨ ਹੋ ਗਏ ਕਬਰਾਂ ਵਰਗੇ
ਸਾਡਾ ਦਿਲ ਕੱਖਾਂ ਦੀ ਕੁੱਲੀ
ਉਹਦੇ ਬੋਲ ਨੇ ਚਿਣਗਾਂ ਵਰਗੇ
ਜਦ ਜੀ ਚਾਹੇ ਪਰਖ ਲਈਂ ਤੂੰ
ਸਾਡੇ ਜੇਰੇ ਬਿਰਖਾਂ ਵਰਗੇ
ਧੁੱਪਾਂ ਸਹਿ ਕੇ ਛਾਵਾਂ ਵੰਡਦੇ
ਰੁੱਖ ਵੀ ਸੱਜਣਾਂ ਮਿੱਤਰਾਂ ਵਰਗੇ
ਕੁਝ ਅਹਿਸਾਸ ਨੇ ਸ਼ੇਅਰ ਗ਼ਜ਼ਲ ਦੇ
ਕੁਝ ਅਣ-ਲਿਖੀਆਂ ਸਤਰਾਂ ਵਰਗੇ



## ਪਿਤਾ ਦੀ ਅਰਦਾਸ

ਸੁਰਜੀਤ ਪਾਤਰ



ਪ੍ਰਭੂ ਜੀ, ਉਹ ਕਦ ਖੁਲ੍ਹਣਾ ਏ ਦੁਆਰਾ
ਆਪੇ ਸਾਜ਼ ਜਿੱਥੇ ਹਰ ਬੂਟਾ
ਆਪੇ ਵਾਵਨਹਾਰਾ
ਰਾਤ ਪਿਤਾ ਉਸ ਦੁਆਰੇ ਲਾਗੇ
ਥੱਕ ਹਾਰ ਕੇ ਬਹਿ ਗਏ
ਬੋਲ ਬੁਲ੍ਹਾਂ 'ਚੋਂ ਮੁਕ ਗਏ ਸਾਰੇ
ਬੁੱਲ੍ਹ ਫਰਕਦੇ ਰਹਿ ਗਏ
ਸਾਗਰ ਦੇ ਵਿੱਚ ਕਦ ਰਲਣਾ ਏਂ
ਹੋਂਦ ਦਾ ਹੰਝੂ ਖਾਰਾ
ਖੋਲ੍ਹ ਸਮੁੰਦਰ ਪੌਣ ਦੇ
ਮੇਰੇ ਸਾਹਾਂ ਦੇ ਲਈ ਬੂਹੇ
ਬੇਹੀ ਦੇਹੀ ਖ਼ਾਕ 'ਚ ਰਲ ਕੇ
ਫੁੱਲ ਖਿੜੇ ਬਣ ਸੂਹੇ
ਮੈਲਾ ਪਾਣੀ ਬਲ ਕੇ ਹੋਵੇ
ਕਣੀਆਂ ਵਾਂਗ ਕੁਆਰਾ
ਹੁਣ ਨਾ ਹੱਥਾਂ ਪਲੰਘ ਬਣਾਉਣੇ
ਨਾ ਰੰਗਲੇ ਪੰਘੂੜੇ
ਨਾ ਉਹ ਫੱਟੀਆਂ ਜਿਨ੍ਹਾਂ 'ਤੇ ਲਿਖਣੇ
ਬਾਲਾਂ ਪਹਿਲੇ ਊੜੇ
ਹੁਣ ਤਾਂ ਅਪਣੀ ਦੇਹੀ ਰੁੱਖ ਹੈ
ਤੇ ਸਾਹਾਂ ਦਾ ਆਰਾ
ਇਕ ਜੰਗਲ ਹੈ ਜਿਸ ਦੇ ਹਰ ਇੱਕ
ਰੁੱਖ ਦਾ ਅਰਥ ਹੈ ਅਰਥੀ
ਹਰ ਬੂਟੇ 'ਤੇ ਨਾਮ ਕਿਸੇ ਦਾ
ਇਕ ਬੂਟਾ ਜੀ ਪਰਤੀ
ਉਸ ਜੰਗਲ ਵਿੱਚ ਚਲਦਾ ਰਹਿੰਦਾ
ਸਾਰੀ ਰਾਤ ਕੁਹਾੜਾ
ਪ੍ਰਭੂ ਜੀ, ਉਹ ਕਦ ਖੁੱਲ੍ਹਣਾ ਏ ਦੁਆਰਾ
ਜਿੱਥੇ ਸਾਜ਼ ਆਪੇ ਹਰ ਬੂਟਾ
ਆਪੇ ਵਾਵਨਹਾਰਾ

## ਤੂੰ ਵਿਦਾ ਹੋਇਉਂ

ਸ਼ਿਵ ਕੁਮਾਰ ਬਟਾਲਵੀ

ਤੂੰ ਵਿਦਾ ਹੋਇਉਂ ਮੇਰੇ ਦਿਲ 'ਤੇ ਉਦਾਸੀ ਛਾ ਗਈ
ਪੀੜ ਦਿਲ ਦੀ ਬੂੰਦ ਬਣ ਕੇ ਅੱਖੀਆਂ ਵਿੱਚ ਆ ਗਈ
ਦੂਰ ਤਕ ਮੇਰੀ ਨਜ਼ਰ ਤੇਰੀ ਪੈੜ ਚੁੰਮਦੀ ਰਹੀ
ਫੇਰ ਤੇਰੀ ਪੈੜ ਰਾਹਾਂ ਦੀ ਮਿੱਟੀ ਖਾ ਗਈ
ਤੁਰਨ ਤੋਂ ਪਹਿਲਾ ਸੀ ਤੇਰੇ ਜੋਬਨ ਤੇ ਬਹਾਰ
ਤੁਰਨ ਪਿੱਛੋਂ ਵੇਖਿਆ ਕਿ ਹਰ ਕਲੀ ਕੁਮਲਾ ਗਈ
ਉਸ ਦਿਨ ਪਿੱਛੋਂ ਅਸਾਂ ਨਾ ਬੋਲਿਆ ਨਾ ਵੇਖਿਆ
ਇਹ ਜ਼ਬਾਂ ਖਾਮੋਸ਼ ਹੋ ਗਈ ਤੇ ਨਜ਼ਰ ਪਥਰਾ ਗਈ
ਇਸ਼ਕ ਨੂੰ ਸੌਗਾਤ ਜਿਹੜੀ ਪੀੜ ਸੈਂ ਤੂੰ ਦੇ ਗਿਉਂ
ਅੰਤ ਉਹੀਉ ਪੀੜ 'ਸ਼ਿਵ' ਨੂੰ ਖਾਂਦੀ ਖਾਂਦੀ ਖਾ ਗਈ



## ਚੁੱਪ ਦਾ ਜੰਗਲ

ਸਰਬਜੀਤ ਕੌਰ ਜੱਸ

ਜਦੋਂ ਦਾ ਸਾਡੇ ਹੋਠਾਂ 'ਤੇ
ਚੁੱਪ ਦਾ ਜੰਗਲ ਉੱਗ ਆਇਆ ਹੈ
ਸਾਡੀਆਂ ਜ਼ੁਬਾਨਾਂ 'ਤੇ ਹੀ ਪਥਰਾਅ ਗਈਆਂ ਨੇ
ਤਸੀਹੇ ਸਹਿੰਦੀਆਂ ਰੀਝਾਂ ਦੀਆਂ ਚੀਕਾਂ

ਕੇਹਾ ਜੰਗਲ ਹੈ
ਜਿਸਦੇ ਪੱਤੇ-ਪੱਤੇ 'ਚੋਂ ਚੋਂਦਾ ਹੈ
ਦਰਦ ਦਾ ਹੰਝੂ
ਜਿਸਦੀਆਂ ਟਹਿਣੀਆਂ ਨੂੰ ਪੈਂਦੇ ਨੇ
ਪੀੜਾਂ ਦੇ ਕੜਵੱਲ
ਜਿਸਦੇ ਸੰਘਣੇ ਹਨ੍ਹੇਰੇ 'ਚ ਗੁਆਚ ਗਿਆ
ਚਾਨਣ ਦਾ ਬੀਜ
ਤੇ ਅਸੀਂ ਬੇਸਮਝ
ਕੋਹਲੂ ਦੇ ਬੈਲ ਵਾਂਗ
ਗਲ਼ 'ਚ ਲਮਕਾਈ
ਰੁਝੇਵਿਆਂ ਦੀਆਂ ਟੱਲੀਆਂ
ਟੁਣ-ਟੁਣ ਕਰਦੇ
ਹੋਠਾਂ 'ਤੇ ਫੈਲੇ ਚੁੱਪ ਦੇ ਅਰਥਾਂ ਨੂੰ
ਗੂੰਗੇ ਬੋਲਾਂ ਜਿਹੇ
ਮਹਾਂਨਗਰਾਂ 'ਚ ਭਾਲਦੇ ਫਿਰਦੇ ਹਾਂ
ਅਸੀਂ ਆਧੁਨਿਕ ਮਸ਼ੀਨੀ ਲੋਕ
ਅਸੰਭਵ ਨੂੰ ਸੰਭਵ ਬਣਾਉਣ ਵਾਲੇ
ਖ਼ੁਦ ਨੂੰ ਰੱਬ ਅਖਵਾਉਣ ਵਾਲੇ
ਕਰ ਨਹੀਂ ਸਕੇ
ਪੱਥਰ ਬਣੇ ਚੁੱਪ ਦੇ ਜੰਗਲ ਨੂੰ
ਝੂਮਣ ਲਾਉਣ ਦੀ ਕਰਾਮਾਤ
ਆਖ਼ਿਰ ਕਦੋਂ ਤੱਕ
ਇਸ ਚੁੱਪ ਦੇ ਜੰਗਲ 'ਚ ਕੈਦ ਹੋ
ਭੁੱਲ-ਭੁਲੱਈਆਂ ਦੀ ਖੇਡ ਖੇਡਦੇ ਰਹਾਂਗੇ
ਸੂਝ ਦੀ ਕੋਈ ਛੜ ਘੁਮਾਈਏ
ਚੁੱਪ ਦੇ ਮਾਤਮ ਨੂੰ ਗਲ਼ੋਂ ਲਾਹਈਏ
ਅਲਫ਼ਾਜ਼ ਨੂੰ ਗਹਿਣਾ ਬਣਾ ਪਹਿਨੀਏ
ਸਜੀਏ, ਸੰਵਰੀਏ
ਚੁੱਪ ਦੇ ਜੰਗਲ 'ਚੋਂ ਬਾਹਰ ਨਿਕਲੀਏ
ਤੁਰ ਪਈਏ
ਸੱਚੇ-ਸੁੱਚੇ ਬੋਲਾਂ ਦੇ ਰਸਤੇ 'ਤੇ !

## ਮਾਏ ਨੀ ਮਾਏ ...

ਜਗਮੋਹਨ ਪਰਦੇਸੀ
9463819174





ਅਜੇ ਦੋ ਕੁ ਸਾਲ ਦੀ ਤਾਂ ਗੱਲ ਹੈ,
ਜਦੋਂ ਮਾਏ ਤੂੰ ਹਮੇਸ਼ਾ ਲਈ
ਸਾਨੂੰ ਅਲਵਿਦਾ ਕਹਿ ਗਈ ਸੀ
ਪਰ ਅਜੇ ਵੀ ਇਸ ਤਰਾਂ ਲੱਗਦੈ,
ਜਿਵੇਂ ਮਾਏ ਤੂੰ ਅਜੇ ਵੀ
ਸਾਡੇ ਅੰਗ ਸੰਗ ਹੀ ਹੈ ਰਹਿੰਦੀ
ਤੇਰੇ ਜਾਣ ਤੋਂ ਬਾਅਦ ਹੀ ਸਾਨੂੰ
ਪਤਾ ਲੱਗਿਐ, ਮਾਂ ਬਿਨਾ ਜੱਗ ਸੁੰਨਾ
ਕੋਈ ਨਹੀਂ ਫੜਦਾ ਬੱਚਿਆਂ ਦੀ ਬਾਂਹ
ਤੇਰੇ ਹੁੰਦਿਆਂ ਸਾਨੂੰ ਫ਼ਿਕਰ ਨਹੀਂ ਸੀ ਕੋਈ
ਨਾ ਹੀ ਜਿੰਦਗੀ 'ਚ ਘਾਟ ਸੀ ਕੋਈ
ਦੁਨੀਆਂ ਭਰ ਦੀ ਜਾਣਕਾਰੀ ਦੇ
ਖ਼ਜ਼ਾਨੇ ਦਾ ਭੰਡਾਰ ਸੀ ਤੂੰ
ਮੇਰੇ ਕੋਈ ਕਵਿਤਾ, ਲੇਖ ਲਿਖਣ ਵੇਲੇ,
ਗਿਆਨ ਦਾ ਭੰਡਾਰ ਦੱਸਦੀ ਸੀ ਤੂੰ
'ਜ਼ਿਲ੍ਹੇਦਾਰਨੀ' ਬਣ ਕੇ ਤੂੰ ਸਾਰੀ ਉਮਰ
ਆਪਣਾ ਰਾਜ ਤੇ ਹੁਕਮ ਸੀ ਚਲਾਇਆ
ਮੇਰੀ ਤਨਖਾਹ ਨਾਲੋਂ ਵੱਧ ਸੀ ਮਿਲਦੀ ਤੈਨੂੰ ਪੈਨਸ਼ਨ
ਸਾਡੀ ਜ਼ਿੰਦਗੀ ਦਾ ਤੂੰ ਸੀ ਵੱਡਾ ਸਰਮਾਇਆ
ਬਿਮਾਰ ਹੋ ਕੇ ਦੀਵਾਨ 'ਤੇ ਪਈ ਤੂੰ
ਪੂਰੇ ਘਰ ਪਰਿਵਾਰ ਦਾ ਧਿਆਨ ਰੱਖਦੀ ਸੀ ਤੂੰ
ਤੇਰੇ ਹੁੰਦਿਆਂ ਸਾਡੇ ਘਰੋਂ ਕੋਈ ਰਿਸ਼ਤੇਦਾਰ
ਖਾਲੀ ਨਹੀਂ ਸੀ ਕਦੇ ਮੁੜਿਆ
ਹੁਣ ਤੇਰੇ ਪਿੱਛੋਂ ਅਸੀਂ ਕਈ ਵਾਰ
ਰਿਸ਼ਤੇਦਾਰਾਂ ਤੋਂ ਹੀ ਲੈਂਦੇ ਹਾਂ ਮਦਦ
ਤੇਰੇ ਅੰਤਿਮ ਸਸਕਾਰ ਸਮੇਂ ਕਈ ਰਿਸ਼ਤੇਦਾਰਾਂ ਆਖਿਆ
ਕਿ ਮੇਰੀਆਂ ਅੱਖਾਂ 'ਚੋਂ ਕੋਈ ਹੰਝੂ ਹੀ ਨਹੀਂ ਡਿੱਗਿਆ
ਉਹਨਾਂ ਨੂੰ ਭਲਾ ਕੀ ਪਤਾ ਹੋਣਾ ਕਿ
ਰੋ ਰੋ ਕੇ ਮੇਰੀਆਂ ਅੱਖੀਆਂ ਦੇ
ਹੰਝੂ ਹੀ ਗਏ ਸਨ ਸੁੱਕ
ਤੇਰਾ ਮ੍ਰਿਤਕ ਸਰੀਰ ਵੇਖ ਕੇ
ਅੱਖਾਂ ਹੋ ਗਈਆਂ ਸੀ ਵਿਰਾਨ
ਇੱਕ ਦਮ ਹੀ ਸੁੰਨਾ ਸੁੰਨਾ ਲੱਗਣ
ਲੱਗਿਆ ਸੀ ਇਹ ਪੂਰਾ ਜਹਾਨ
ਅਜੇ ਵੀ ਉਡੀਕ ਹੈ ਸਾਡੀ ਕਿ
ਨਿੱਕੇ ਕਦਮੀਂ ਤੂੰ ਮੁੜ ਆਏਂਗੀ
ਆਪਣੇ ਹੀ ਘਰ ਤੇ ਸਾਡੇ ਕੋਲ
ਅਸੀਂ ਆਪਣੇ ਦਿਲ ਦਾ ਦੁਖੜਾ
ਚੰਗੀ ਤਰਾਂ ਲਵਾਂਗੇ ਤੇਰੇ ਕੋਲ ਫਰੋਲ

## ਪੁਰਾਣੇ ਸਮਿਆਂ ਦਾ ਪੰਜਾਬ

ਕਮਲਜੀਤ ਕੌਰ ਕਮਲ

ਪੁਰਾਣੇ ਸਮਿਆਂ ਦਾ ਪੰਜਾਬ,
ਕਿੱਥੋਂ ਲੈ ਆਵਾਂ ਜਨਾਬ।
ਜਿੱਥੇ ਰਾਵੀ ਤੇ ਚਨਾਬ,
ਵਹਿੰਦੇ ਸੀ ਠਾਠਾਂ ਮਾਰ ਸੀ।
ਪੁਰਾਣੇ ਸਮਿਆਂ ਦਾ ਪੰਜਾਬ,
ਕਿੱਥੋਂ ਲੈ ਆਵਾਂ ਜਨਾਬ।
ਸੋਹਣੇ ਚਰਖਿਆਂ ਦੀ ਘੂੰਘਾਰ,
ਨਾਲ ਵੰਗਾਂ ਦੀ ਛਣਕਾਰ ।
ਯਾਦ ਆਉਂਦੀ ਵਾਰ ਵਾਰ,
ਪੁਰਾਣੇ ਸਮਿਆਂ ਦਾ ਪੰਜਾਬ,
ਕਿੱਥੋਂ ਲੈ ਆਵਾਂ ਜਨਾਬ।
ਖੂਹ ਤੇ ਪਾਣੀ ਭਰੇ ਮੁਟਿਆਰ,
ਚੜ੍ਹਿਆ ਜਵਾਨੀ ਦਾ ਖ਼ੁਮਾਰ,
ਉੱਤੋਂ ਕੋਕੇ ਦੀ ਲਿਸ਼ਕਾਰ ।
ਪੁਰਾਣੇ ਸਮਿਆਂ ਦਾ ਪੰਜਾਬ,
ਕਿੱਥੋਂ ਲੈ ਆਵਾਂ ਜਨਾਬ ।
ਬਲਦਾਂ ਦੀਆਂ ਟੱਲੀਆਂ ਦੀ ਆਵਾਜ਼,
ਸੁਣਦੀ ਸਵੇਰੇ ਤੜਕਸਾਰ ।
ਸਿਖਰ ਦੁਪਹਿਰੇ ਦਿਨ ਵਿਚਕਾਰ,
ਭੱਤਾ ਲੈ ਕੇ ਜਾਂਦੀ ਨਾਰ ।
ਪੁਰਾਣੇ ਸਮਿਆਂ ਦਾ ਪੰਜਾਬ,
ਕਿੱਥੋਂ ਲੈ ਆਵਾਂ ਜਨਾਬ ।
ਸਾਰਾ-ਸਾਰਾ ਦਿਨ ਸੀ ਚਲਦੀ,
ਖੁੰਢ ਚਰਚਾ 'ਚ ਵਿਚਾਰ ।
ਸਾਡੇ ਪਿੰਡ ਦੀਆਂ ਸੀ ਸਾਂਝੀਆਂ,
ਹੁੰਦੀਆਂ ਧੀਆਂ ਜਦੋਂ ਜਵਾਨ ।
ਨਹੀਂ ਸੀ ਦਿਲਾਂ 'ਚ ਵਿਕਾਰ ।
ਪੁਰਾਣੇ ਸਮਿਆਂ ਦਾ ਪੰਜਾਬ,
ਕਿੱਥੋਂ ਲੈ ਆਵਾਂ ਜਨਾਬ ।

# ਪੰਜਾਬ ਦੇ ਅਥਲੀਟਾਂ ਨੇ ਤਹਿਰਾਨ ’ਚ ਗੱਡੇ ਝੰਡੇ

## ਏਸ਼ੀਅਨ ਚੈਂਪੀਅਨਸ਼ਿਪ ’ਚ ਜਿੱਤੇ ਗੋਲਡ ਮੈਡਲ







ਤਹਿਰਾਨ ਵਿਖੇ ਚੱਲ ਰਹੀ ਏਸ਼ੀਅਨ ਇੰਡੋਰ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਅਥਲੀਟ ਤੇਜਿੰਦਰ ਪਾਲ ਸਿੰਘ ਤੂਰ ਨੇ ਸ਼ਾਟਪੁੱਟ ਮੁਕਾਬਲੇ ਅਤੇ ਹਰਮਿਲਨ ਬੈਂਸ ਨੇ 1500 ਮੀਟਰ ਵਿੱਚ ਸੋਨ ਤਗ਼ਮੇ ਜਿੱਤੇ। ਤੇਜਿੰਦਰ ਤੂਰ ਨੇ 19.72 ਮੀਟਰ ਗੋਲਾ ਸੁੱਟ ਕੇ ਨਵਾਂ ਕੌਮੀ ਰਿਕਾਰਡ ਵੀ ਬਣਾਇਆ।

ਆਪਣੇ ਸ਼ਾਨਦਾਰ ਖੇਡ ਕਰੀਅਰ ਵਿੱਚ ਤੂਰ ਇਸ ਤੋਂ ਪਹਿਲਾਂ ਵਾਰ ਦੋ ਵਾਰ ਏਸ਼ੀਅਨ ਗੇਮਜ਼ ਅਤੇ ਤਿੰਨ ਵਾਰ ਏਸ਼ੀਅਨ ਚੈਂਪੀਂਅਨਸ਼ਿਪ ਵਿੱਚ ਵੀ ਸੋਨ ਤਗ਼ਮਾ ਜਿੱਤ ਚੁੱਕੇ ਹਨ। 1500 ਮੀਟਰ ਵਿੱਚ 4.29.55 ਦੇ ਸਮੇਂ ਨਾਲ ਸੋਨ ਤਗ਼ਮਾ ਜਿੱਤਣ ਵਾਲੀ ਹਰਮਿਲਨ ਨੇ ਪਿਛਲੇ ਸਾਲ ਏਸ਼ੀਅਨ ਗੇਮਜ਼ ਵਿੱਚ ਦੋ ਚਾਂਦੀ ਦੇ ਤਮਗ਼ੇ ਜਿੱਤੇ ਸਨ।

ਦੂਜੇ ਪਾਸੇ ਮਲੇਸ਼ੀਆ ਵਿਖੇ ਬੈਡਮਿੰਟਨ ਏਸ਼ੀਅਨ ਟੀਮ ਚੈਂਪੀਅਨਸ਼ਿਪ ਵਿੱਚ ਭਾਰਤੀ ਮਹਿਲਾ ਬੈਡਮਿੰਟਨ ਟੀਮ ਨੇ ਫ਼ਾਈਨਲ ਵਿੱਚ ਥਾਈਲੈਂਡ ਨੂੰ 3-2 ਨਾਲ ਹਰਾ ਕੇ ਸੋਨ ਤਮਗਾ ਜਿੱਤਿਆ। ਭਾਰਤੀ ਮਹਿਲਾ ਟੀਮ ਨੇ ਪਹਿਲੀ ਵਾਰ ਏਸ਼ੀਅਨ ਚੈਂਪੀਅਨਸ਼ਿਪ ਜਿੱਤੀ ਹੈ। ਪੰਜਾਬ ਦੀ ਤਨਵੀ ਸ਼ਰਮਾ ਇਸ ਟੀਮ ਦੀ ਮੈਂਬਰ ਹੈ।

ਖੇਡ ਮੰਤਰੀ ਮੀਤ ਹੇਅਰ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪੰਜਾਬ ਲਈ ਇਹ ਮਾਣ ਵਾਲੀ ਗੱਲ ਹੈ ਕਿ ਖੇਡਾਂ ਦੇ ਖੇਤਰ ਵਿੱਚ ਸਾਡੇ ਖਿਡਾਰੀਆਂ ਦੇ ਨਿਰੰਤਰ ਚੰਗੇ ਨਤੀਜੇ ਆ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਉੱਤੇ ਪੰਜਾਬ ਨੇ ਅਜਿਹੀ ਖੇਡ ਨੀਤੀ ਬਣਾਈ ਹੈ ਕਿ ਜਿਸ ਨਾਲ ਖਿਡਾਰੀਆਂ ਨੂੰ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਲਈ ਤਿਆਰੀ ਲਈ ਨਗਦ ਰਾਸ਼ੀ ਦਿੱਤੀ ਜਾ ਰਹੀ ਹੈ ਅਤੇ ਖਿਡਾਰੀਆਂ ਨੂੰ ਨਗਦ ਇਨਾਮ ਵੀ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਾਲ ਖਿਡਾਰੀਆਂ ਲਈ ਸਭ ਤੋਂ ਅਹਿਮ ਹੈ ਕਿਉਂਕਿ ਅਗਸਤ ਮਹੀਨੇ ਪੈਰਿਸ ਵਿਖੇ ਉਲੰਪਿਕ ਖੇਡਾਂ ਹੋਣੀਆਂ ਹੈ। ਉਲੰਪਿਕਸ ਵਿੱਚ ਹਿੱਸਾ ਲੈਣ ਜਾਣ ਵਾਲੇ ਪੰਜਾਬ ਦੇ ਹਰ ਖਿਡਾਰੀ ਨੂੰ 15 ਲੱਖ ਰੁਪਏ ਤਿਆਰੀ ਲਈ ਮਿਲਣਗੇ।

# ਅੰਡਰ-19 ਵਿਸ਼ਵ ਕੱਪ : ਜਿੱਤ ਦੇ ਨੇੜੇ ਪਹੁੰਚ ਕੇ ਹਾਰੀ ਭਾਰਤੀ ਟੀਮ

ਮਨੋਜ ਚਤੁਰਵੇਦੀ



ਭਾਰਤ ਦੀ ਕਿਸਮਤ ਨੇ ਇੱਕ ਵਾਰ ਫਿਰ ਈਸੀਸੀ ਟੂਰਨਾਮੈਂਟਾਂ ਵਿੱਚ ਧੋਖਾ ਕੀਤਾ। ਅੰਡਰ-19 ਵਿਸ਼ਵ ਕੱਪ ਦੇ ਫਾਈਨਲ ’ਚ ਭਾਰਤ ਆਸਟ੍ਰੇਲੀਆ ਤੋਂ 79 ਦੌੜਾਂ ਨਾਲ ਹਾਰ ਗਿਆ ਸੀ। ਇਸ ਤਰ੍ਹਾਂ ਕ੍ਰਿਕਟ ’ਤੇ ਆਸਟ੍ਰੇਲੀਆ ਦੇ ਦਬਦਬੇ ’ਤੇ ਇੱਕ ਵਾਰ ਫਿਰ ਮੋਹਰ ਲੱਗ ਗਈ। ਭਾਰਤ ਹਾਲ ਹੀ ਵਿੱਚ ਵਿਸ਼ਵ ਟੈਸਟ ਚੈਂਪੀਅਨਸ਼ਿਪ ਅਤੇ ਆਈਸੀਸੀ ਵਿਸ਼ਵ ਕੱਪ ਵਿੱਚ ਆਸਟਰੇਲੀਆ ਤੋਂ ਹਾਰ ਚੁੱਕਾ ਹੈ ਅਤੇ ਹੁਣ ਇਹ ਇੱਕ ਹੋਰ ਹਾਰ ਹੈ। ਇਸ ਤਰ੍ਹਾਂ ਆਸਟਰੇਲੀਆ ਇਸ ਚੈਂਪੀਅਨਸ਼ਿਪ ਵਿੱਚ ਚੌਥਾ ਖ਼ਿਤਾਬ ਜਿੱਤ ਕੇ ਭਾਰਤੀ ਦਬਦਬੇ ਨੂੰ ਚੁਣੌਤੀ ਦੇਣ ਦੇ ਨੇੜੇ ਆ ਗਿਆ ਹੈ। ਭਾਰਤ ਨੇ ਇਸ ਚੈਂਪੀਅਨਸ਼ਿਪ ਵਿੱਚ ਹੁਣ ਤੱਕ ਸਭ ਤੋਂ ਵੱਧ ਪੰਜ ਖਿਤਾਬ ਜਿੱਤੇ ਹਨ। ਪਿਛਲੇ ਸਾਲ ਦੇ ਅੰਤ ਵਿੱਚ, ਭਾਰਤੀ ਟੀਮ ਨੇ ਆਈਸੀਸੀ ਵਿਸ਼ਵ ਕੱਪ ਵਿੱਚ ਦਬਦਬਾ ਪ੍ਰਦਰਸ਼ਨ ਕੀਤਾ ਸੀ ਪਰ ਫਾਈਨਲ ਵਿੱਚ ਆਸਟਰੇਲੀਆ ਤੋਂ ਹਾਰ ਗਈ ਸੀ। ਇਸ ਤੋਂ ਪਹਿਲਾਂ ਉਸ ਨੂੰ ਵਿਸ਼ਵ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਆਸਟਰੇਲੀਆ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਭਾਰਤ ਨੂੰ ਇਸ ਅੰਡਰ-19 ਵਿਸ਼ਵ ਕੱਪ ’ਚ ਵੀ ਲਗਭਗ ਅਜਿਹੀ ਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਸੀ। ਆਸਟ੍ਰੇਲੀਆ ਦੇ ਹੈਰੀ ਡਿਕਸਨ (42), ਵੈਬਗੇਨ (48) ਅਤੇ ਹਰਜਸ ਸਿੰਘ (55) ਦੀ ਮਦਦ ਨਾਲ ਉਹ 253 ਦੌੜਾਂ ਬਣਾ ਕੇ ਡਰਾਈਵਰ ਸੀਟ ’ਤੇ ਸੀ। ਭਾਰਤੀ ਟੀਮ ਇਸ ਟੀਚੇ ਨੂੰ ਹਾਸਲ ਕਰਨ ਲਈ ਕਦੇ ਕੋਈ ਗੰਭੀਰ ਕੋਸ਼ਿਸ਼ ਕਰਦੀ ਨਜ਼ਰ ਨਹੀਂ ਆਈ। ਇਹ ਠੀਕ ਹੈ ਕਿ ਭਾਰਤ ਦੀ ਸਥਿਤੀ ਉਦੋਂ ਕਮਜ਼ੋਰ ਨਜ਼ਰ ਆਉਣ ਲੱਗੀ ਜਦੋਂ ਉਸ ਨੂੰ ਸ਼ੁਰੂਆਤ ਵਿੱਚ ਚਾਰ ਝਟਕੇ ਲੱਗੇ ਪਰ ਜਦੋਂ ਤੱਕ ਆਦਰਸ਼ ਸਿੰਘ ਅਤੇ ਪੀ ਮੋਲੀਆ ਨੇ ਖੇਡਣਾ ਸ਼ੁਰੂ ਕੀਤਾ, ਉਦੋਂ ਤੱਕ ਸਥਿਤੀ ਆਮ ਵਾਂਗ ਹੋਣੀ ਸ਼ੁਰੂ ਹੋ ਗਈ ਸੀ। ਆਦਰਸ਼ ਅਤੇ ਮੋਲੀਆ ਹੌਲੀ-ਹੌਲੀ ਆਪਣੇ ਆਪ ਨੂੰ ਵਿਕਟ ’ਤੇ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਜਦੋਂ ਵਿਕਟ ’ਤੇ ਜੋੜੀ ਦੇ ਪੈਰ ਦਿਖਾਈ ਦੇਣ ਲੱਗੇ; ਫਿਰ ਮੋਲੀਆ ਨੇ ਐਂਡਰਸਨ ਦੀ ਇੱਕ ਗੇਂਦ ’ਤੇ ਛੱਕਾ ਲਗਾਉਣ ਦੀ ਕੋਸ਼ਿਸ਼ ’ਚ ਵਿਕਟ ਗੁਆ ਦਿੱਤੀ ਅਤੇ ਭਾਰਤ ਦੀ ਸਥਿਤੀ ਕਮਜ਼ੋਰ ਕਰ ਦਿੱਤੀ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜੇਕਰ ਭਾਰਤੀ ਬੱਲੇਬਾਜ਼ਾਂ ਨੇ ਵਿਕਟ ’ਤੇ ਜ਼ੋਰਦਾਰ ਤਰੀਕੇ ਨਾਲ ਖੇਡਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਟੀਚਾ ਇੰਨਾ ਵੱਡਾ ਨਹੀਂ ਹੁੰਦਾ ਕਿ ਇਸ ਨੂੰ ਹਾਸਲ ਨਹੀਂ ਕੀਤਾ ਜਾ ਸਕਦਾ ਸੀ। ਭਾਰਤੀ ਬੱਲੇਬਾਜ਼ਾਂ ਵੱਲੋਂ ਗਲਤ ਸ਼ਾਟ ਚੋਣ ਨੇ ਵੀ ਸਥਿਤੀ ਨੂੰ ਕਮਜ਼ੋਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਭਾਰਤੀ ਕਪਤਾਨ ਉਦੈ ਸਹਾਰਨ ਨੇ ਵੀ ਮੰਨਿਆ ਕਿ ਅਸੀਂ ਖਿਤਾਬ ਜਿੱਤਣ ’ਚ ਨਾਕਾਮ ਰਹੇ ਕਿਉਂਕਿ ਅਸੀਂ ਵਿਕਟ ’ਤੇ ਜ਼ਿਆਦਾ ਸਮਾਂ ਬਿਤਾਉਣ ’ਚ ਅਸਫਲ ਰਹੇ ਅਤੇ ਖਰਾਬ ਸ਼ਾਟ ਖੇਡੇ। ਭਾਰਤੀ ਕਪਤਾਨ ਯਕੀਨੀ ਤੌਰ ’ਤੇ ਇਸ ਚੈਂਪੀਅਨਸ਼ਿਪ ’ਚ ਚੰਗੇ ਫੈਸਲਿਆਂ ਦਾ ਅਕਸ ਬਣਾਉਣ ’ਚ ਸਫਲ ਰਿਹਾ। ਪਰ ਫਾਈਨਲ ’ਚ ਉਸ ਦੇ ਕੁਝ ਫੈਸਲਿਆਂ ਨੂੰ ਟੀਮ ’ਤੇ ਦਬਾਅ ਬਣਾਉਣ ਵਾਲਾ ਮੰਨਿਆ ਜਾ ਸਕਦਾ ਹੈ। ਨਮਨ ਤਿਵਾੜੀ ਭਾਰਤੀ ਟੀਮ ਦੇ ਮੁੱਖ ਤੇਜ਼ ਗੇਂਦਬਾਜ਼ ਹਨ। ਪਰ ਕਪਤਾਨ ਉਦੈ ਸਹਾਰਨ ਨੇ ਪਹਿਲੇ ਹੀ ਓਵਰ ’ਚ ਹਰਾ ਕੇ ਉਸ ਨੂੰ ਬਾਹਰ ਕਰ ਦਿੱਤਾ। ਇੰਨਾ ਹੀ ਨਹੀਂ, ਉਨ੍ਹਾਂ ਵੱਲੋਂ ਤਾਇਨਾਤ ਕੀਤੇ ਗਏ ਸਪਿਨਰ ਵੀ ਆਸਟ੍ਰੇਲੀਆਈ ਬੱਲੇਬਾਜ਼ਾਂ ’ਤੇ ਕੋਈ ਪ੍ਰਭਾਵ ਨਹੀਂ ਪਾ ਸਕੇ। ਜਦੋਂ ਤੱਕ ਕਪਤਾਨ ਨਮਨ ਨੂੰ ਯਾਦ ਕਰਦਾ ਸੀ, ਟੀਮ ਸ਼ੁਰੂਆਤੀ ਸਦਮੇ ਤੋਂ ਪੂਰੀ ਤਰ੍ਹਾਂ ਉਭਰ ਚੁੱਕੀ ਸੀ। ਸਹੀ ਅਰਥਾਂ ’ਚ ਭਾਰਤੀ ਗੇਂਦਬਾਜ਼ ਆਸਟ੍ਰੇਲੀਆਈ ਬੱਲੇਬਾਜ਼ਾਂ ’ਤੇ ਦਬਾਅ ਬਣਾਉਣ ’ਚ ਨਾਕਾਮ ਰਹੇ। ਇਹ ਸੱਚ ਹੈ ਕਿ ਸਹਾਰਨ ਮੁਹੰਮਦ ਕੈਫ, ਵਿਰਾਟ ਕੋਹਲੀ, ਉਨਮੁਕਤ ਚੰਦ ਅਤੇ ਪ੍ਰਿਥਵੀ ਸ਼ਾਅ ਵਰਗੇ ਭਾਰਤ ਲਈ ਜੇਤੂ ਬਣਨ ਵਾਲੇ ਕਪਤਾਨਾਂ ਵਿੱਚ ਆਪਣਾ ਨਾਮ ਸ਼ਾਮਲ ਨਹੀਂ ਕਰਵਾ ਸਕੇ ਪਰ ਭਾਰਤ ਨੂੰ ਇਸ ਚੈਂਪੀਅਨਸ਼ਿਪ ਤੋਂ ਭਵਿੱਖ ਦੇ ਕੁਝ ਸਿਤਾਰੇ ਜ਼ਰੂਰ ਮਿਲੇ ਹਨ। ਇਨ੍ਹਾਂ ’ਚ ਸਚਿਨ ਧਾਸ, ਖੁਦ ਕਪਤਾਨ ਉਦੈ ਸਹਾਰਨ, ਮੁਸ਼ੀਰ ਖਾਨ, ਲਿੰਬਾਨੀ, ਉਦੈ ਤਿਵਾਰੀ ਅਤੇ ਸੌਮਿਆ ਪਾਂਡੇ ਦਾ ਨਾਂ ਲਿਆ ਜਾ ਸਕਦਾ ਹੈ। ਹਰ ਕੋਈ ਜਾਣਦਾ ਹੈ ਕਿ ਅੰਡਰ-19 ਵਿਸ਼ਵ ਕੱਪ ਕਿਸੇ ਵੀ ਕ੍ਰਿਕਟਰ ਲਈ ਪਹਿਲੀ ਪੌੜੀ ਦਾ ਕੰਮ ਕਰਦਾ ਹੈ। ਪਰ ਚਮਕਦਾਰ ਪ੍ਰਤਿਭਾਵਾਂ ਨੂੰ ਰਾਸ਼ਟਰੀ ਟੀਮ ਵਿੱਚ ਜਗ੍ਹਾ ਬਣਾਉਣ ਵਿੱਚ ਦੋ-ਤਿੰਨ ਸਾਲ ਲੱਗ ਜਾਂਦੇ ਹਨ। ਪਰ ਇਸ ਵਿਸ਼ਵ ਕੱਪ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਹੁਣ ਕਿਹੜੇ ਖਿਡਾਰੀਆਂ ’ਤੇ ਧਿਆਨ ਦੇਣਾ ਚਾਹੀਦਾ ਹੈ। ਸਹਾਰਨ, ਧਾਸ ਅਤੇ ਖਾਨ ਤਿੰਨ ਅਜਿਹੇ ਬੱਲੇਬਾਜ਼ ਹਨ ਜਿਨ੍ਹਾਂ ’ਤੇ ਭਵਿੱਖ ਦੇ ਸਿਤਾਰਿਆਂ ਦੀ ਝਲਕ ਦਿਖਾਈ ਦਿੰਦੀ ਹੈ। ਸਹਾਰਨ ਨੇ ਟੂਰਨਾਮੈਂਟ ਵਿੱਚ ਸਭ ਤੋਂ ਵੱਧ 397 ਦੌੜਾਂ ਬਣਾਈਆਂ। ਇਸ ਵਿੱਚ ਇੱਕ ਸੈਂਕੜਾ ਅਤੇ ਤਿੰਨ ਅਰਧ ਸੈਂਕੜੇ ਸ਼ਾਮਲ ਹਨ। ਸਹਾਰਨ ਦਾ ਸਭ ਤੋਂ ਵੱਡਾ ਗੁਣ ਇਸ ਦੀ ਐਂਕਰ ਵਜਾਉਣ ਦੀ ਯੋਗਤਾ ਹੈ। ਦੱਖਣੀ ਅਫਰੀਕਾ ਖ਼ਿਲਾਫ਼ ਟੀਮ ਨੂੰ ਮੁਸੀਬਤ ’ਚੋਂ ਕੱਢਣ ਦੀ ਲੋੜ ਸੀ, ਉਹ ਵਿਕਟ ’ਤੇ ਡਟੇ ਰਹੇ ਅਤੇ ਇਸ ’ਚ ਉਨ੍ਹਾਂ ਨੂੰ ਸਚਿਨ ਧਾਸ ਦਾ ਪੂਰਾ ਸਾਥ ਮਿਲਿਆ। , ਸਹਾਰਨ ਨੇ ਯਕੀਨੀ ਤੌਰ ’ਤੇ ਸਭ ਤੋਂ ਵੱਧ ਦੌੜਾਂ ਬਣਾਈਆਂ ਪਰ ਉਹ ਖੇਡੇ ਗਏ ਸੱਤ ਮੈਚਾਂ ਵਿੱਚੋਂ ਕਿਸੇ ਵੀ ਮੈਚ ਵਿੱਚ ਪਲੇਅਰ ਆਫ਼ ਦਿ ਮੈਚ ਨਹੀਂ ਬਣਿਆ। ਇਸ ਦਾ ਕਾਰਨ ਇਹ ਹੈ ਕਿ ਉਹ ਹਮੇਸ਼ਾ ਸਹਾਇਕ ਦੀ ਭੂਮਿਕਾ ’ਚ ਰਹਿੰਦੀ ਹੈ। ਕਿ ਸਚਿਨ ਧਾਸ ਦਾ ਨਾਂ ਤੇਂਦੁਲਕਰ ਦੇ ਨਾਂ ’ਤੇ ਰੱਖਿਆ ਗਿਆ ਹੈ। ਉਸ ਦੇ ਸ਼ਾਟ ਸਾਨੂੰ ਤੇਂਦੁਲਕਰ ਦੀ ਯਾਦ ਦਿਵਾਉਂਦੇ ਹਨ। ਇਸੇ ਤਰ੍ਹਾਂ ਮੁਸ਼ੀਰ ਵੀ ਆਪਣੇ ਭਰਾ ਸਰਫਰਾਜ਼ ਵਾਂਗ ਹੀ ਪ੍ਰਤਿਭਾਸ਼ਾਲੀ ਹੈ। ਉਹ ਦੋ ਸੈਂਕੜੇ ਅਤੇ ਇੱਕ ਅਰਧ ਸੈਂਕੜੇ ਦੀ ਮਦਦ ਨਾਲ 360 ਦੌੜਾਂ ਬਣਾ ਕੇ ਦੂਜੇ ਸਥਾਨ ’ਤੇ ਰਿਹਾ। ਬੱਲੇਬਾਜ਼ਾਂ ਦੀ ਤਰ੍ਹਾਂ ਤੇਜ਼ ਗੇਂਦਬਾਜ਼ ਰਾਜ ਲਿੰਬਾਨੀ ਅਤੇ ਨਮਨ ਤਿਵਾਰੀ ਦੇ ਨਾਲ-ਨਾਲ ਸਪਿਨਰ ਸੌਮਿਆ ਪਾਂਡੇ ’ਚ ਸਹੀ ਮੌਕਾ ਮਿਲਣ ’ਤੇ ਆਉਣ ਵਾਲੇ ਸਾਲਾਂ ’ਚ ਟੀਮ ਇੰਡੀਆ ਦਾ ਹਿੱਸਾ ਬਣਨ ਦੀ ਸਮਰੱਥਾ ਹੈ। ਲਿੰਬਾਨੀ ਦੀ ਸਭ ਤੋਂ ਵੱਡੀ ਖੂਬੀ ਵਿਕਟ ਤੋਂ ਉਛਾਲ ਕੇ ਗੇਂਦ ਨੂੰ ਤੇਜ਼ੀ ਨਾਲ ਅੰਦਰ ਲਿਆਉਣ ਦੀ ਸਮਰੱਥਾ ਹੈ। ਇਸ ਦੇ ਨਾਲ ਹੀ ਸਪਿੰਨਰ ਸੌਮਿਆ ਪਾਂਡੇ, ਜਿਸ ਨੂੰ ਹੁਣ ਤੋਂ ਜਡੇਜਾ ਕਿਹਾ ਜਾਵੇਗਾ, ਇਸ ਚੈਂਪੀਅਨਸ਼ਿਪ ਵਿੱਚ ਭਾਰਤ ਲਈ ਸਭ ਤੋਂ ਵੱਧ 18 ਵਿਕਟਾਂ ਲੈਣ ਵਾਲੇ ਗੇਂਦਬਾਜ਼ ਹਨ। ਇਨ੍ਹਾਂ ਸਾਰੀਆਂ ਪ੍ਰਤਿਭਾਵਾਂ ਨੂੰ ਚੰਗੀ ਤਰ੍ਹਾਂ ਪਾਲਣ ਦੀ ਲੋੜ ਹੈ।

# ਕ੍ਰਿਕਟ ਦੇ ਮੈਦਾਨ ’ਤੇ ਸੁਨਾਮੀ ਹੈ ਆਂਦਰੇ ਰਸੇਲ

ਨਵੀਂ ਦਿੱਲੀ/ ਏ.ਟੀ.ਨਿਊਜ਼: ਵੈਸਟਇੰਡੀਜ਼ ਦੇ ਆਲਰਾਊਂਡਰ ਆਂਦਰੇ ਰਸੇਲ ਨੇ ਬੀਪੀਐੱਲ 2024 ਦੇ ਇੱਕ ਮੈਚ ਵਿੱਚ ਕੋਮਿਲਾ ਵਿਕਟੋਰੀਅਨਜ਼ ਲਈ ਸੁਨਾਮੀ ਲਿਆ ਦਿੱਤੀ। 20 ਮਿੰਟ ਦੀ ਬੱਲੇਬਾਜ਼ੀ ’ਚ ਰਸੇਲ ਨੇ ਆਪਣੀ ਦਮਦਾਰ ਬੱਲੇਬਾਜ਼ੀ ਨਾਲ ਰੰਗਪੁਰ ਰਾਈਡਰਜ਼ ਨੂੰ ਤਾਰੇ ਦਿਖਾ ਦਿੱਤੇ। ਰੰਗਪੁਰ ਰਾਈਡਰਜ਼ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 150 ਦੌੜਾਂ ਬਣਾਈਆਂ ਸਨ। 151 ਦੌੜਾਂ ਦੇ ਟੀਚੇ ਦਾ ਪਿੱਛਾ ਕਰਦੇ ਹੋਏ ਕੋਮਿਲਾ ਦੀ ਸ਼ੁਰੂਆਤ ਖਰਾਬ ਰਹੀ ਅਤੇ ਉਸ ਦੀਆਂ 2 ਵਿਕਟਾਂ 36 ਦੌੜਾਂ ’ਤੇ ਡਿੱਗ ਗਈਆਂ। ਇਸ ਤੋਂ ਬਾਅਦ ਆਖਰੀ ਵਾਰ ਮੈਦਾਨ ’ਤੇ ਆਏ ਆਂਦਰੇ ਰਸੇਲ ਨੇ ਸਿਰਫ 12 ਗੇਂਦਾਂ ’ਤੇ 4 ਚੌਕੇ ਅਤੇ 4 ਛੱਕੇ ਜੜੇ ਅਤੇ ਸਿਰਫ 17.4 ਓਵਰਾਂ ’ਚ ਜਿੱਤ ਦਰਜ ਕੀਤੀ।



ਇਕ ਸਿਰੇ ’ਤੇ ਵਿਕਟਾਂ ਡਿੱਗਦੀਆਂ ਰਹੀਆਂ, ਆਂਦਰੇ ਰਸਲ ਚੌਕੇ-ਛੱਕੇ ਮਾਰਦਾ ਰਿਹਾ।151 ਦੌੜਾਂ ਦਾ ਪਿੱਛਾ ਕਰਨ ਉਤਰੀ ਕੋਮਿਲਾ ਨੇ ਪੰਜਵੇਂ ਓਵਰ ਵਿੱਚ 36 ਦੌੜਾਂ ’ਤੇ 2 ਵਿਕਟਾਂ ਗੁਆ ਦਿੱਤੀਆਂ। ਹਾਲਾਂਕਿ ਲਿਟਨ ਦਾਸ ਅਤੇ ਮਾਹਿਦੁਲ ਇਸਲਾਮ ਵਿਚਾਲੇ ਤੀਜੇ ਵਿਕਟ ਲਈ 65 ਦੌੜਾਂ ਦੀ ਸਾਂਝੇਦਾਰੀ ਨੇ ਟੀਮ ਨੂੰ ਯਕੀਨੀ ਤੌਰ ’ਤੇ ਮਦਦ ਦਿੱਤੀ। ਇਹ ਜੋੜੀ ਤੇਜ਼ੀ ਨਾਲ ਡਿੱਗ ਗਈ ਜਦੋਂ ਰਸੇਲ ਮੈਦਾਨ ਵਿੱਚ ਆਇਆ ਅਤੇ ਕੋਮਿਲਾ ਨੂੰ 33 ਗੇਂਦਾਂ ਵਿੱਚ 48 ਦੌੜਾਂ ਦੀ ਲੋੜ ਸੀ। ਹਾਲਾਂਕਿ, ਵਿਕਟਾਂ ਡਿੱਗਣ ਦਾ ਪਾਵਰ-ਹਿਟਰ ਰਸੇਲ ’ਤੇ ਕੋਈ ਖਾਸ ਅਸਰ ਨਹੀਂ ਹੋਇਆ। ਉਸ ਨੇ 12 ਗੇਂਦਾਂ ਵਿੱਚ ਅਜੇਤੂ 43 ਦੌੜਾਂ ਬਣਾ ਕੇ ਰੰਗਪੁਰ ਦੇ ਗੇਂਦਬਾਜ਼ੀ ਹਮਲੇ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਅਤੇ ਸਿਰਫ਼ 18ਵੇਂ ਓਵਰ ਵਿੱਚ ਜਿੱਤ ਪੱਕੀ ਕਰ ਲਈ। ਉਸ ਦੀ ਪਾਰੀ ਵਿੱਚ ਚਾਰ ਚੌਕੇ ਅਤੇ ਇੰਨੇ ਹੀ ਛੱਕੇ ਸਨ। ਰਸੇਲ ਦੀ ਇਸ ਪਾਰੀ ਦੇ ਦਮ ’ਤੇ ਜਿੱਤ ਨਾਲ ਕੋਮਿਲਾ ਟਾਪ-2 ’ਚ ਪ੍ਰਵੇਸ਼ ਕਰ ਗਿਆ ਹੈ। ਤਜਰਬੇਕਾਰ ਆਲਰਾਊਂਡਰ ਨੇ ਹਾਲ ਹੀ ’ਚ ਦੋ ਸਾਲ ’ਚ ਵਾਪਸੀ ਕੀਤੀ ਹੈ। ਉਹ ਵਾਪਸੀ ਤੋਂ ਬਾਅਦ ਆਪਣੇ ਪਹਿਲੇ ਮੈਚ ਵਿੱਚ ਪਲੇਅਰ ਆਫ ਦਿ ਮੈਚ ਰਿਹਾ ਅਤੇ ਅੰਤ ਵਿੱਚ ਵਿੰਡੀਜ਼ ਨੂੰ 3-2 ਨਾਲ ਸੀਰੀਜ਼ ਜਿੱਤਣ ਵਿੱਚ ਮਦਦ ਕੀਤੀ। ਰਸੇਲ ਨੇ ਹਾਲ ਹੀ ਵਿੱਚ ਸਮਾਪਤ ਹੋਈ ਆਸਟਰੇਲੀਆਈ ਟੀ-20 ਸੀਰੀਜ਼ ਦੇ ਆਖਰੀ ਮੈਚ ਵਿੱਚ 29 ਗੇਂਦਾਂ ਵਿੱਚ 71 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ, ਜਿਸ ਨਾਲ ਕੈਰੇਬੀਅਨ ਟੀਮ ਨੂੰ ਲੜੀ ਵਿੱਚ ਹੂੰਝਾ ਫੇਰਨ ਤੋਂ ਬਚਣ ਵਿੱਚ ਮਦਦ ਮਿਲੀ।

ਪਿਛਲੇ ਮੈਚ ’ਚ ਸਿਲਹਟ ਸਿਕਸਰਸ ਖਿਲਾਫ 12 ਦੌੜਾਂ ਦੀ ਹਾਰ ਤੋਂ ਬਾਅਦ ਆਂਦਰੇ ਰਸਲ ਨੇ ਰੰਗਪੁਰ ਰਾਈਡਰਜ਼ ਖਿਲਾਫ ਜਿੱਤ ’ਚ ਅਹਿਮ ਭੂਮਿਕਾ ਨਿਭਾਈ ਸੀ।

ਜਨਮ ਦਿਨ 'ਤੇ ਵਿਸ਼ੇਸ਼

# ਲੰਬੀ ਹੇਕ ਵਾਲੀ ਲੋਕ ਗਾਇਕਾ
# ਗੁਰਮੀਤ ਬਾਵਾ





ਸੁਖਵਿੰਦਰ ਸਿੰਘ ਮੁੱਲਾਂਪੁਰ
9914184794



ਗੁਰਮੀਤ ਕੌਰ ਬਾਵਾ ਦਾ ਜਨਮ 18 ਫ਼ਰਵਰੀ 1944 ਨੂੰ ਸ੍ਰ. ਉੱਤਮ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਕੁਖੋਂ ਪੱਕਾ ਪਿੰਡ ਕੋਠਾ(ਅਲੀਵਾਲ)ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਇਹ ਤਿੰਨ ਭੈਣਾਂ ਅਤੇ ਇੱਕ ਭਰਾ ਸਨ। ਗੁਰਮੀਤ ਬਾਵਾ ਅਜੇ ਛੋਟੀ ਉਮਰ ਵਿੱਚ ਹੀ ਸੀ ਜਦ ਇਸ ਦੀ ਮਾਤਾ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਈ ਸੀ ਇਸ ਦਾ ਪਾਲਣ ਪੋਸਣ ਵੱਡੀਆਂ ਭੈਣਾਂ ਦੇ ਸਹਿਯੋਗ ਨਾਲ ਹੋਇਆ। ਗੁਰਮੀਤ ਬਾਵਾ ਦੱਸਿਆ ਕਰਦੀ ਸੀ ਮੈਂ ਵੱਡੀਆਂ ਭੈਣਾ ਦੇ ਸਹਿਯੋਗ ਨਾਲ ਵਿਦਿਆ ਹਾਸਲ ਕੀਤੀ ਉਸ ਟਾਇਮ ਕੁੜੀਆਂ ਨੂੰ ਘਰ ਤੋਂ ਬਾਹਰ ਪੜ੍ਹਨ ਨਹੀਂ ਭੇਜਿਆ ਜਾਂਦਾ ਸੀ ਮੈਂ ਤਿੰਨਾਂ ਪਿੰਡਾਂ ਵਿਚੋਂ ਪਹਿਲੀ ਕੁੜੀ ਸੀ ਜੋ ਦਸ ਜਮਾਤਾਂ ਪਾਸ ਕਰਨ ਤੋਂ ਬਾਅਦ ਜੇ.ਬੀ.ਟੀ ਕਰਕੇ ਅਧਿਆਪਕ ਲੱਗ ਗਈ ਇਸ ਕੰਮ ਵਿੱਚ ਮੇਰੇ ਪਿਤਾ ਦਾ ਬਹੁਤ ਵੱਡਾ ਸਹਿਯੋਗ ਸੀ।

5 ਜੂਨ 1968 ਨੂੰ ਇਸ ਦੀ ਸ਼ਾਦੀ ਕਿਰਪਾਲ ਸਿੰਘ ਬਾਵਾ ਨਾਲ ਹੋਈ ਜੋ ਡੇਰਾ ਬਾਬਾ ਨਾਨਕ ਦਾ ਰਹਿਣ ਵਾਲਾ ਬੇਦੀ ਪਰਿਵਾਰ ਵਿਚੋਂ ਸੀ। ਇਕ ਵਾਰ ਗੁਰਮੀਤ ਬਾਵਾ ਅਤੇ ਕਿਰਪਾਲ ਬਾਵਾ, ਗੁਰਮੀਤ ਬਾਵਾ ਦੇ ਪਿੰਡ ਉਸ ਦੇ ਪਿਤਾ ਕੋਲ ਬੈਠੇ ਸਨ ਪਿਤਾ ਨੇ ਕਿਰਪਾਲ ਸਿੰਘ ਨੂੰ ਕਿਹਾ ਬਾਵਾ ਗਾ ਕੇ ਸੁਣਾਉ ਬਸ ਉਸ ਦਿਨ ਤੋਂ ਹੀ ਇਸ ਪਰਿਵਾਰ ਦਾ ਨਾਮ ਬਾਵਾ ਪੈ ਗਿਆ ਅਤੇ ਇਸ ਨੇ ਆਪਣੇ ਨਾਮ ਨਾਲੋ ਬੇਦੀ ਸ਼ਬਦ ਹਟਾ ਲਿਆ। ਕਿਰਪਾਲ ਬਾਵਾ ਗੁਰਮੀਤ ਬਾਵਾ ਨਾਲ ਵਿਆਹ ਕਰਵਾਉਣ ਤੋਂ ਬਾਅਦ ਅੰਮ੍ਰਿਤਸਰ ਰਹਿਣ ਲੱਗ ਪਿਆ ਹੁਣ ਇਸ ਪਰਿਵਾਰ ਦਾ ਘਰ ਫੇਅਰਲੈਂਡ ਕਲੋਨੀ ਫਤਿਹਗੜ੍ਹ ਚੂੜੀਆਂ ਰੋਡ ਅੰਮ੍ਰਿਤਸਰ ਵਿਖੇ ਸਥਿਤ ਹੈ। ਕਿਰਪਾਲ ਬਾਵਾ ਐਮ. ਏ. ਬੀ ਐਡ ਅਧਿਆਪਕ ਸੀ ਉਹ ਵੀ ਗਾਇਕ ਹੋਣ ਕਰਕੇ ਦੋਵੇ ਨੌਕਰੀ ਤਿਆਗ ਕੇ ਗਾਇਕੀ ਵੱਲ ਹੋ ਤੁਰੇ ਗੁਰਮੀਤ ਬਾਵਾ ਦੇ ਗਾਇਕੀ ਖੇਤਰ ਵਿੱਚ ਉਸਤਾਦ ਕਿਰਪਾਲ ਬਾਵਾ ਸਨ। ਇਹਨਾਂ ਨੇ ਡਿਊਟ ਗੀਤ ਵੀ ਗਾਏ ਪਰ ਪੰਜਾਬੀ ਸਭਿਆਚਾਰ ਦੀ ਰੱਜ ਕੇ ਸੇਵਾ ਕੀਤੀ।

ਇਹਨਾਂ ਦੇ ਘਰ ਤਿੰਨ ਧੀਆਂ ਲਾਚੀ ਬਾਵਾ,ਗਲੋਰੀ ਬਾਵਾ ਅਤੇ ਸਿਮਰਤ ਬਾਵਾ ਨੇ ਜਨਮ ਲਿਆ ਇਹਨਾਂ ਨੇ ਆਪਣੇ ਫਰਜ ਪੂਰੇ ਕਰਦਿਆਂ ਬੱਚਿਆਂ ਨੂੰ ਵਧੀਆ ਸਿੱਖਿਆ ਹਾਸਲ ਕਰਵਾਈ। ਗੁਰਮੀਤ ਬਾਵਾ ਆਪਣੇ ਦਿਲ ਵਿੱਚ ਆਪਣੀ ਧੀ ਲਾਚੀ ਬਾਵਾ ਦਾ ਦਰਦ ਸਮੋਈ ਬੈਠੀ ਸੀ ਜਿਸ ਦਾ ਇਕ ਨਾਮੁਰਾਦ ਬਿਮਾਰੀ ਨਾਲ ਦਿਹਾਂਤ ਹੋ ਗਿਆ ਸੀ ਲਾਚੀ ਬਾਵਾ ਵਧੀਆ ਗਾਇਕਾ ਸੀ।

ਜਦ ਜਲੰਧਰ ਦੂਰਦਰਸ਼ਨ ਸ਼ੁਰੂ ਹੋਇਆ ਤਾਂ ਉੱਥੇ ਸਭ ਤੋਂ ਪਹਿਲਾਂ ਗੁਰਮੀਤ ਬਾਵਾ ਨੇ ਗੀਤ ਗਾਇਆ। ਦਿੱਲੀ ਦੂਰਦਰਸ਼ਨ 'ਤੇ ਵੀ ਕਲਾਕਾਰ ਵਜੋਂ ਗੁਰਮੀਤ ਬਾਵਾ ਦੀ ਚੋਣ ਹੋਈ। ਗੁਰਮੀਤ ਬਾਵਾ ਜੁਗਨੀ, ਸੁਹਾਗ, ਘੋੜੀਆਂ, ਸਿਠਣੀਆ, ਲੋਕ ਗਥਾਵਾਂ ਆਦਿ ਗਾਉਣ ਕਰਕੇ ਦੇਸ਼ ਵਿਦੇਸ਼ ਵਿੱਚ ਜਾਣੀ ਜਾਂਦੀ ਸੀ।

1965 ਦੀ ਭਾਰਤ ਪਾਕਿਸਤਾਨ ਜੰਗ ਤੋਂ ਬਾਅਦ ਫੌਜ ਕੋਲ ਫੌਜੀਆਂ ਦੇ ਮੰਨੋਰੰਜਨ ਲਈ ਕੋਈ ਕਲਾਕਾਰ ਨਹੀਂ ਸੀ। ਇਸ ਕਰਕੇ ਸਰਕਾਰ ਨੇ ਵੱਖ ਵੱਖ ਕਲਾਕਾਰਾਂ ਦੀ ਚੋਣ ਕੀਤੀ ਇਹਨਾਂ ਵਿੱਚ ਗੁਰਮੀਤ ਬਾਵਾ ਦਾ ਨਾਮ ਮੁੱਖ ਸੀ। ਗੁਰਮੀਤ ਬਾਵਾ ਨੇ ਪੰਜ ਛੇ ਫ਼ਿਲਮਾਂ ਵਿੱਚ ਗੀਤ ਗਾਏ ਸਭ ਤੋਂ ਪਹਿਲਾਂ ਇਸ ਨੇ ਸਰਪੰਚ ਫ਼ਿਲਮ ਵਿੱਚ ਗੀਤ ਗਾਇਆ। ਗੁਰਮੀਤ ਬਾਵਾ ਦੀ ਗਾਇਕੀ ਦੇ ਸੰਗੀਤ ਵਿੱਚ ਹਰਮੋਨੀਅਮ, ਅਲਗੋਜੇ, ਚਿਮਟਾ,ਢੋਲਕੀ,ਘੜਾ ਆਦਿ ਵਰਤੇ ਜਾਂਦੇ ਸਨ। ਗੁਰਮੀਤ ਬਾਵਾ 45 ਸੈਕਿੰਡ ਦੀ ਹੇਕ ਲਾ ਲੈਂਦੀ ਜੋ ਇਕ ਰਿਕਾਰਡ ਸੀ। ਇਸ ਦਾ ਸਭ ਤੋਂ ਪਹਿਲਾ ਗੀਤ ਤਵੇ 'ਤੇ ਰਿਕਾਰਡ ਹੋ ਕੇ ਆਇਆ 'ਮੈਂ ਜੱਟੀ ਪੰਜਾਬ ਦੀ ਮੇਰੀਆਂ ਰੀਸਾ ਕੌਣ ਕਰੇ' ਇਸ ਤਵੇ ਦੀ ਤੇਰਾਂ ਹਜ਼ਾਰ ਰਿਕਾਰਡ ਤੋੜ ਵਿੱਕਰੀ ਹੋਈ। ਗੁਰਮੀਤ ਬਾਵਾ ਨੇ ਗਾਇਕੀ ਦੇ ਦਮ 'ਤੇ ਲਗਭਗ 25 ਮੁਲਕਾਂ ਦੇ ਟੂਰ ਲਾਏ ਸਭ ਤੋਂ ਪਹਿਲਾ ਟੂਰ ਰਸ਼ੀਆ ਦਾ ਸੀ। ਗੁਰਮੀਤ ਬਾਵਾ ਨੇ ਆਪਣੀ ਗਾਇਕੀ ਕਰਕੇ ਬਹੁਤ ਐਵਾਰਡ ਪ੍ਰਾਪਤ ਕੀਤੇ। ਬਾਵਾ ਨੂੰ 1991 ਵਿੱਚ ਪੰਜਾਬ ਸਰਕਾਰ ਦੁਆਰਾ ਰਾਜ ਪੁਰਸਕਾਰ, ਪੰਜਾਬ ਨਾਟਕ ਅਕਾਦਮੀ ਦੁਆਰਾ ਸੰਗੀਤ ਪੁਰਸਕਾਰ, 2002 ਵਿੱਚ ਮੱਧ ਪ੍ਰਦੇਸ ਸਰਕਾਰ ਦੁਆਰਾ ਰਾਸ਼ਟਰੀ ਦੇਵੀ ਅਹਿਲਿਆ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 2008 ਵਿੱਚ ਪੰਜਾਬੀ ਭਾਸ਼ਾ ਵਿਭਾਗ ਪੰਜਾਬ ਸਰਕਾਰ ਵੱਲੋਂ ਇਸ ਨੂੰ ਸ਼੍ਰੋਮਣੀ ਗਾਇਕਾ ਐਵਾਰਡ ਨਾਲ ਸਨਮਾਨਿਆ ਗਿਆ। ਭਾਰਤੀ ਸੰਗੀਤ ਨਾਟਕ ਅਕਾਡਮੀ ਵੱਲੋਂ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਆ ਗਿਆ। ਪੰਜਾਬ ਕਲਾ ਪ੍ਰੀਸਦ ਵਲੋਂ ਪੰਜਾਬ ਗੌਰਵ ਪੁਰਸਕਾਰ ਮਿਲਿਆ। ਗੁਰਮੀਤ ਬਾਵਾ ਨੂੰ ਮਰਨ ਉਪਰੰਤ ਦੇਸ਼ ਦੇ ਦੂਜੇ ਸਰਵਉੱਚ ਨਾਗਰਿਕ ਪੁਰਸਕਾਰ ਪਦਮ ਭੂਸ਼ਣ ਨਾਲ ਨਿਵਾਜ਼ਿਆ ਗਿਆ।

2019 ਵਿੱਚ ਗੁਰਮੀਤ ਬਾਵਾ ਨੂੰ ਨਿਊਜ਼ੀਲੈਂਡ ਦੀ ਪਾਰਲੀਮੈਂਟ 'ਚ ਪੰਜਾਬੀ ਸਪੋਟਸ ਐਂਡ ਕਲਚਰ ਕਲੱਬ ਵਲੋਂ ਸਨਮਾਨ ਮਿਲਿਆ।

ਗੁਰਮੀਤ ਬਾਵਾ ਨੇ 55 ਸਾਲ ਗਾਇਕੀ ਦੇ ਖੇਤਰ ਵਿੱਚ ਸਰੋਤਿਆਂ ਦੀ ਰੱਜ ਕੇ ਸੇਵਾ ਕੀਤੀ। 77 ਸਾਲ ਦੀ ਉਮਰ ਭੋਗ ਕੇ 21 ਨਵੰਬਰ 2021 ਨੂੰ ਆਪਣੇ ਪਰਿਵਾਰ, ਰਿਸ਼ਤੇਦਾਰ ਅਤੇ ਚਹੁੰਣ ਵਾਲੇ ਸਰੋਤਿਆਂ ਨੂੰ ਅਲਵਿਦਾ ਕਹਿ ਗਈ। ਹਰ ਸਟੇਜ 'ਤੇ ਜੁਗਨੀ ਲੰਬੀ ਹੇਕ ਨਾਲ ਗਾਉਣ ਵਾਲੀ ਗੁਰਮੀਤ ਬਾਵਾ- ਆਈ ਜਵਾਨੀ ਹਰ ਕੋਈ ਵਹਿੰਦਾ ਜਾਂਦੀ ਕਿਸੇ ਨਾ ਡਿੱਠੀ,

ਕੀ ਮੁਨਿਆਦ ਹੈ ਬੰਦਿਆ ਤੇਰੀ ਆਖਰ ਹੋਣਾ ਮਿੱਟੀ

ਇਹ ਤੁਕਾ ਸੱਚ ਕਰ ਗਈ। ਉਸ ਦੀ ਗਾਇਕੀ ਦਾ ਸੱਭਿਆਚਾਰਕ ਕੀਮਤੀ ਖ਼ਜ਼ਾਨਾ ਸਾਡੇ ਕੋਲ ਹੈ ਜਿਸ ਨੂੰ ਸੁਣ ਕੇ ਮਨ ਨੂੰ ਸਕੂਨ ਮਿਲਦਾ ਹੈ।

# ਕੰਨਾਂ 'ਚ ਹੁਣ ਤੱਕ ਰਸ ਘੋਲਦੇ ਪੁਰਾਣੇ ਪੰਜਾਬੀ ਗੀਤ

ਸੁਖਮਿੰਦਰ ਸੇਖੋਂ







ਕੋਈ ਵੇਲਾ ਸੀ ਜਦੋਂ ਤਵਿਆਂ ਵਾਲੇ ਸਪੀਕਰ ਪਿੰਡਾਂ ਦੇ ਬਨੇਰਿਆਂ 'ਤੇ ਵੱਜਿਆ ਕਰਦੇ ਸਨ। ਸਪੀਕਰ ਨੂੰ ਮੰਜਾ ਖੜ੍ਹਾ ਕਰਕੇ ਰੱਸਿਆਂ ਨਾਲ ਬੰਨ੍ਹ ਕੇ ਵੀ ਕੰਮ ਸਾਰਿਆ ਜਾਂਦਾ ਸੀ ਤਾਂ ਜੋ ਆਵਾਜ਼ ਦੂਰ ਤੀਕ ਪਹੁੰਚ ਸਕੇ। ਇਸ ਧੁਤੂਨੁਮਾ ਸਪੀਕਰ ਨੂੰ ਮਸ਼ੀਨ ਨਾਲ ਚਲਾਇਆ ਜਾਂਦਾ ਸੀ ਤੇ ਤਵੇ ਬਦਲਦੇ ਰਹਿੰਦੇ ਸਨ। ਪਿੰਡਾਂ ਵਿੱਚ ਲੋਕ ਗਾਇਕਾਂ ਦੇ ਅਖਾੜੇ ਲੱਗਿਆ ਕਰਦੇ ਸਨ। ਇਹ ਅਖਾੜੇ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਖ਼ਾਸ ਕਰਕੇ ਵਿਆਹਾਂ, ਸ਼ਾਦੀਆਂ ਮੌਕੇ ਲੱਗਦੇ ਸਨ। ਆਪਣੀ ਹੈਸੀਅਤ ਮੁਤਾਬਿਕ ਬੰਦਾ ਇਨ੍ਹਾਂ ਗਾਉਣ ਵਾਲਿਆਂ ਨੂੰ ਬੁਲਾਉਂਦਾ ਸੀ। ਆਮ ਕਰਕੇ ਪਿੰਡਾਂ ਵਿੱਚ ਇਸ ਨੂੰ 'ਗਾਉਣ ਆਲੀ ਆਊਗੀ' ਕਿਹਾ ਜਾਂਦਾ ਸੀ ਜਾਂ ਪ੍ਰਚੱਲਿਤ ਲਫਜ਼ ਉਚਾਰੇ ਜਾਂਦੇ ਸਨ, 'ਕੀਹਦੇ ਗੌਣ ਪਾਣੀ ਐ ਭਾਈ ?' ਆਰਜ਼ੀ ਸਟੇਜ ਬਣਾ ਕੇ 'ਗਾਉਣ ਪਾਣੀ' ਦਾ ਪ੍ਰਬੰਧ ਕੀਤਾ ਜਾਂਦਾ ਸੀ। ਵੈਸੇ ਤਾਂ ਇਹ ਅਖਾੜੇ ਬਿਨਾਂ ਕਿਸੇ ਰੁਕਾਵਟ ਦੇ ਸਫਲਤਾ ਨਾਲ ਸੰਪੰਨ ਹੁੰਦੇ ਸਨ ਪਰ ਕਦੇ ਕਦਾਈ ਕਿਤੇ ਕਿਤੇ ਕੋਈ ਸ਼ਰਾਰਤੀ ਅਨਸਰ ਜਾਂ ਵੈਲੀ ਕਿਸਮ ਦੇ ਬੰਦੇ ਦਾਰੂ ਪੀ ਕੇ ਖਿੜਾਉਣ ਤੱਕ ਵੀ ਚਲੇ ਜਾਂਦੇ ਸਨ। ਇਸ ਕਾਰਨ ਪ੍ਰਬੰਧਕਾਂ ਨੂੰ ਵਖ਼ਤ ਪੈ ਜਾਂਦਾ ਸੀ ਪਰ ਪਿੰਡ ਦੇ 'ਸਿਆਣੇ' ਅਜਿਹੇ ਮੌਕੇ ਸੰਭਾਲ ਲੈਂਦੇ ਸਨ।

ਕੋਈ ਵੀ ਗਾਇਕ ਜਾਂ ਗਾਇਕਾ ਸਰੋਤਿਆਂ ਦੇ ਮਨੋਰੰਜਨ ਤੋਂ ਪਹਿਲਾਂ ਰੱਬ ਨਾਲ ਬਾਤਾਂ ਪਾਉਂਦਾ ਕੋਈ ਧਾਰਮਿਕ ਗੀਤ ਜ਼ਰੂਰ ਪੇਸ਼ ਕਰਦਾ ਸੀ। ਉਪਰੰਤ ਉਹ ਆਪਣੀ ਪਸੰਦ ਦੇ ਰੁਮਾਂਟਿਕ ਜਾਂ ਸਮਾਜਿਕ ਸਰੋਕਾਰਾਂ ਦੇ ਗੀਤ ਛੇੜ ਲੈਂਦਾ ਸੀ। ਹਰ ਇੱਕ ਗਾਇਕ ਵੱਲੋਂ 'ਮੇਰੇ ਰੱਬ ਵਰਗੇ ਸਰੋਤਿਓ' ਕਹਿਣ ਦਾ ਰਿਵਾਜ ਜਾਂ ਇੱਕ ਫੈਸ਼ਨ ਜਿਹਾ ਸੀ। ਸਰੋਤੇ ਭਖੇ ਅਖਾੜੇ ਵਿੱਚ ਆਪਣੀ ਪਸੰਦ ਦਾ ਰਾਗ ਵੀ ਅਲਾਪ ਦਿੰਦੇ ਸਨ ਤੇ ਗਾਇਕਾਂ ਨੂੰ ਆਪਣੇ ਰੱਬ ਵਰਗੇ ਸਰੋਤਿਆਂ ਦੀ ਫਰਮਾਇਸ਼ ਪੂਰੀ ਵੀ ਕਰਨੀ ਪੈਂਦੀ ਸੀ। ਮੈਂ ਆਪਣੇ ਸਕੂਲੀ ਟਾਈਮ ਤੋਂ ਹੀ ਅਖਾੜਿਆਂ ਦਾ ਸ਼ੌਕੀਨ ਰਿਹਾ ਹਾਂ। ਕਦੇ ਕਿਸੇ ਜੀਪ ਜਾ ਟਰੈਕਟਰ 'ਤੇ, ਕਦੇ ਮਿੱਤਰਾਂ ਨਾਲ ਸਾਈਕਲਾਂ 'ਤੇ ਅਤੇ ਕਦੇ ਤਾਂ ਪੈਦਲ ਹੀ। ਉਦੋਂ ਹੋਰ ਵੀ ਚਾਅ ਚੜ੍ਹ ਜਾਂਦਾ ਸੀ ਜਦੋਂ ਕਿਸੇ ਨੇੜਲੇ ਸਾਕ ਸਬੰਧੀ ਵੱਲੋਂ ਅਜਿਹੇ ਪ੍ਰਬੰਧ ਹੁੰਦੇ ਸਨ। ਇਨ੍ਹਾਂ ਅਖਾੜਿਆਂ ਵਿੱਚ ਅਮਰ ਸਿੰਘ ਸ਼ੌਕੀ, ਕਰਨੈਲ ਸਿੰਘ ਪਾਰਸ, ਯਮਲਾ ਜੱਟ ਤੋਂ ਲੈ ਕੇ ਮੁਹੰਮਦ ਸਦੀਕ, ਕੁਲਦੀਪ ਮਾਣਕ, ਹਰਚਰਨ ਗਰੇਵਾਲ, ਕਰਮਜੀਤ ਧੂਰੀ, ਸੁਰਿੰਦਰ ਕੌਰ, ਨਰਿੰਦਰ ਬੀਬਾ, ਦੀਦਾਰ ਸੰਧੂ, ਕਰਨੈਲ ਗਿੱਲ, ਕੇ ਦੀਪ, ਜਗਮੋਹਨ ਕੌਰ, ਸਵਰਨ ਲਤਾ, ਸਨੇਹ ਲਤਾ, ਗੁਲਸ਼ਨ ਕੋਮਲ ਆਦਿ ਅਨੇਕਾਂ ਗਾਇਕ ਆਪਣੇ ਫਨ ਦਾ ਮੁਜ਼ਾਹਰਾ ਕਰਦੇ ਸਨ। ਛਿੰਦਾ, ਪੋਹਲੀ, ਰਮਤਾ, ਰਮਲਾ ਤੇ ਰੰਗੀਲਾ ਦੀ ਹਾਜ਼ਰੀ ਵੀ ਲੱਗਦੀ ਤੇ ਸ਼ਾਦੀ ਬਖਸ਼ੀ, ਚਾਂਦੀ ਰਾਮ ਦੀ ਵੀ। ਆਸਾ ਸਿੰਘ ਮਸਤਾਨਾ ਤਾਂ ਜ਼ਿਆਦਾ ਕਰਕੇ ਰੇਡੀਓ ਤੋਂ ਸੁਣੀਂਦਾ ਜਾਂ ਸੁਰਿੰਦਰ ਕੌਰ ਵਰਗੀ ਕਿਸੇ ਕੋਇਲ ਨਾਲ ਰਿਕਾਰਡਿੰਗ ਕਰਵਾ ਰਿਹਾ ਹੁੰਦਾ। ਅਖਾੜਿਆਂ ਵਿੱਚ ਢੰਡ, ਸਾਰੰਗੀ, ਤੂੰਬੀ, ਅਲਗੋਜ਼ੇ, ਢੋਲਕ ਦਾ ਇਸਤੇਮਾਲ ਵਧੇਰੇ ਹੁੰਦਾ ਸੀ।

ਤੂੰਬੀ ਦਾ ਬਾਦਸ਼ਾਹ ਯਮਲਾ ਜੱਟ, ਅਮਰ ਸਿੰਘ ਸ਼ੌਕੀ ਸਾਡੇ ਮੁੱਢਲੇ ਵਿਲੱਖਣ ਗਾਇਕ ਹਨ। ਯਮਲੇ ਦੀ ਤੂੰਬੀ ਤੇ ਸ਼ੌਕੀ ਦੀ ਢਾਡੀਨੁਮਾ ਗਾਇਕੀ ਦੇ ਸਰੋਤੇ ਮੁਰੀਦ ਹੁੰਦੇ ਸਨ। ਸ਼ੌਕੀ ਨੇ ਕਿੱਸੇ ਵੀ ਗਾਏ ਤੇ ਸੂਰਬੀਰਾਂ ਦੀਆਂ ਵਾਰਾਂ ਵੀ ਪਰ ਗਾਇਕੀ ਵਜੋਂ ਵਧੇਰੇ ਮਕਬੂਲ ਹੋਇਆ, 'ਆ ਜਾ ਭਾਬੋ ਝੂਟ ਲੈ ਪੀਂਘ ਹੁਲਾਰੇ ਖਾਂਦੀ।' ਯਮਲੇ ਦੀ ਜਾਦੂਭਰੀ ਆਵਾਜ਼ ਵਿੱਚ ਗਾਇਆ, 'ਤੇਰੇ ਨੀਂ ਕਰਾਰਾਂ ਮੈਨੂੰ ਪੱਟਿਆ ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ' ਤਾਂ ਅੱਜ ਵੀ ਸੰਗੀਤ ਪ੍ਰੇਮੀਆਂ ਦੀ ਜ਼ੁਬਾਨ 'ਤੇ ਹੈ 'ਮੈਂ ਤੇਰੀ ਤੂੰ ਮੇਰਾ ਛੱਡ ਕੇ ਜਾਵੀਂ ਨਾ।' ਉਸ ਦੇ ਕੁਝ ਹੋਰਨਾਂ ਚਰਚਿਤ ਗੀਤਾਂ ਤੋਂ ਇਲਾਵਾ ਧਾਰਮਿਕ ਗੀਤ ਵੀ ਸਾਨੂੰ ਸਾਰਿਆਂ ਨੂੰ ਯਾਦ ਹੀ ਹੋਣਗੇ, 'ਸਤਿਗੁਰੂ ਨਾਨਕ ਤੇਰੀ ਲੀਲਾ ਨਿਆਰੀ ਐ।' ਚਾਂਦੀ ਰਾਮ ਦਾ ਗੀਤ ਤਾਂ ਲੋਕਾਂ ਦੇ ਮਨਾਂ ਵਿੱਚ ਹਾਲੇ ਵੀ ਵੱਸਿਆ ਹੋਵੇਗਾ। ਇਸ ਗਾਇਕ ਨੂੰ ਇਸ ਦੀਆਂ ਡਾਢੀਆਂ ਆਦਤਾਂ ਲੈ ਡੁੱਬੀਆਂ। ਗਾਇਕਾ ਸੁਰਿੰਦਰ ਕੌਰ ਨੂੰ ਅਸੀਂ ਸਾਰੇ 'ਪੰਜਾਬ ਦੀ ਕੋਇਲ' ਕਰਕੇ ਜਾਣਦੇ ਹਾਂ। ਉਸ ਨੇ ਅਨੇਕਾਂ ਗਾਇਕਾਂ ਨਾਲ ਦੋਗਾਣੇ ਗਾਏ ਤੇ ਸੋਲੋ ਤਾਂ ਲੋਕ ਗੀਤਾਂ ਦਾ ਦਰਜਾ ਹੀ ਅਖ਼ਤਿਆਰ ਕਰ ਗਏ, ਮਸਲਨ 'ਲੱਠੇ ਦੀ ਚਾਦਰ ਉਤੇ ਸਲੇਟੀ ਰੰਗ ਮਾਹੀਆ', 'ਜੁੱਤੀ ਕਸੂਰੀ ਪੈਰੀਂ ਨਾ ਪੂਰੀ', 'ਇੱਕ ਮੇਰੀ ਅੱਖ ਕਾਸ਼ਨੀ, 'ਵੇ ਮੈਂ ਅੱਖੀਆਂ 'ਚ ਪਾਵਾਂ ਕਿਵੇ ਕੱਜਲਾ ਅੱਖੀਆਂ 'ਚ ਤੂੰ ਵੱਸਦਾ।' ਸੁਰਿੰਦਰ ਵਾਂਗ ਹੀ ਦਿੱਲੀ ਰਹਿੰਦੇ ਆਸਾ ਸਿੰਘ ਮਸਤਾਨਾ ਦੇ ਗਾਏ ਗੀਤਾਂ ਦਾ ਵੀ ਕੋਈ ਤੋੜ ਨਹੀਂ। ਉਸ ਦਾ ਇੱਕ ਦੋਗਾਣਾ 'ਇਹ ਮੁੰਡਾ ਨਿਰਾ ਛਨਿਚਰੀ' (ਸੁਰਿੰਦਰ ਕੌਰ ਨਾਲ) ਤਾਂ ਹੁਣ ਵੀ ਕਿਤੇ ਨਾ ਕਿਤੇ ਸੁਣਨ ਨੂੰ ਮਿਲ ਜਾਂਦਾ ਹੈ। ਉਸ ਦੇ ਅਨੇਕਾਂ ਯਾਦਗਾਰੀ ਗੀਤਾਂ ਵਿੱਚੋਂ ਕੁਝ ਦੀ ਚਰਚਾ ਕਰਨੀ ਕੁਥਾਂ ਨਹੀਂ ਹੋਵੇਗੀ, 'ਭਾਖੜੇ ਤੋਂ ਆਉਂਦੀ ਇੱਕ ਮੁਟਿਆਰ ਨੱਚਦੀ', 'ਮੇਲੇ ਨੂੰ ਚੱਲ ਮੇਰੇ ਨਾਲ ਕੁੜੇ' ਜਾਂ ਫਿਰ 'ਏਧਰ ਕਣਕਾਂ ਓਧਰ ਕਣਕਾਂ ਵਿੱਚ ਕਣਕਾਂ ਦੇ ਬੂਰ ਪਿਆ, ਮੁਟਿਆਰੇ ਜਾਣਾ ਦੂਰ ਪਿਆ', 'ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀਂ', 'ਗੋਰੀ ਦੀਆਂ ਝਾਜਰਾਂ ਬੁਲਾਉਂਦੀਆਂ ਗਈਆਂ।'

ਨਰਿੰਦਰ ਬੀਬਾ ਦੀ ਖੜਕਵੀਂ ਆਵਾਜ਼ ਨੂੰ ਭਲਾਂ ਕੋਈ ਭੁਲਾ ਸਕਦਾ ਹੈ ? ਉਸ ਦੇ ਗਾਏ ਗੀਤਾਂ ਦੇ ਬੋਲ ਅੱਜ ਵੀ ਕੰਨਾਂ ਵਿੱਚ ਗੂੰਜਦੇ ਹਨ, 'ਗੱਲ ਸੋਚ ਕੇ ਕਰੀਂ ਜ਼ੈਲਦਾਰਾ', 'ਕਾਹਨੂੰ ਮਾਰਦੈਂ ਚੰਦਰਿਆਂ ਛਮਕਾ ਮੈਂ ਕੱਚ ਦੇ ਗਲਾਸ ਵਰਗੀ।' ਜਗਮੋਹਨ ਕੌਰ, ਗੁਰਮੀਤ ਬਾਵਾ ਦੀਆਂ ਆਵਾਜ਼ਾਂ ਵੀ ਦਿਲ ਨੂੰ ਲੁਭਾਉਣ ਵਾਲੀਆਂ ਸਨ।

(ਬਾਕੀ ਸਫ਼ਾ 31 'ਤੇ)

## ਕੈਨੇਡਾ 'ਚ ਪੰਜਾਬੀ ਬੋਲੀ ਦੇ ਵਿਕਾਸ...

ਮਾਨਤਾ ਦਿੰਦੇ ਹਨ। ਇਨ੍ਹਾਂ ਦੇ ਮੁਕਾਬਲਤਨ ਯੂ.ਪੀ., ਬਿਹਾਰ, ਮੱਧ ਪ੍ਰਦੇਸ਼ ਆਦਿ ਸੂਬਿਆਂ 'ਚੋਂ ਕੈਨੇਡਾ ਵਸਣ ਵਾਲਿਆਂ ਦੀ ਗਿਣਤੀ ਘੱਟ ਹੈ, ਜਿਹੜੇ 'ਹਿੰਦੀ' ਨੂੰ ਆਪਣੀ ਮਾਂ-ਬੋਲੀ ਸਵੀਕਾਰਦੇ ਹਨ।

ਪਰ ਹੈਰਾਨੀ ਇਸ ਗੱਲ ਦੀ ਹੈ ਕਿ ਕੈਨੇਡਾ ਅੰਦਰਲੇ ਭਾਰਤੀ ਸਫ਼ਾਰਤਖਾਨੇ ਹਿੰਦੀ ਨੂੰ ਮੁਫ਼ਤ ਪੜ੍ਹਾਉਣ ਲਈ ਤਾਂ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ, ਜਦ ਕਿ ਸਭ ਤੋਂ ਵੱਧ ਬੋਲੀ ਜਾਣ ਵਾਲੀ ਪੰਜਾਬੀ ਨਾਲ ਵਿਤਕਰਾ ਕਰ ਰਹੇ ਹਨ। ਅੱਜ ਕੱਲ੍ਹ ਇਹ ਰੁਝਾਨ ਭਾਰਤ ਅੰਦਰ ਵਧ ਰਹੇ ਹਿੰਦੂਤਵ ਦੇ ਏਜੰਡੇ ਕਾਰਨ ਏਨੀ ਤੇਜ਼ੀ ਨਾਲ ਵਧ ਰਿਹਾ ਹੈ ਕਿ ਪੰਜਾਬ ਦੇ ਮੋਗਾ, ਬਠਿੰਡਾ, ਬਰਨਾਲਾ ਆਦਿ ਨਾਲ ਸਬੰਧਿਤ ਠੇਠ ਪੰਜਾਬੀ ਬੋਲਣ ਵਾਲੇ ਹਿੰਦੂ ਭਾਈਚਾਰੇ ਦੇ ਪੰਜਾਬੀ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਇਹ ਹੈ ਕਿ ਸਥਾਨਕ ਮੰਦਰਾਂ ਵਿਚ ਹਿੰਦੀ ਸਕੂਲ ਸਥਾਪਿਤ ਕਰਕੇ ਹਿੰਦੀ ਪੜ੍ਹਾਉਣ ਦਾ ਰੁਝਾਨ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ, ਜੋ ਪਹਿਲਾਂ ਏਨਾ ਨਹੀਂ ਸੀ। ਹੋਰ ਤਾਂ ਹੋਰ, ਇਨ੍ਹਾਂ ਧਾਰਮਿਕ ਸਥਾਨਾਂ ਦੇ ਸਾਰੇ ਪ੍ਰਬੰਧਕ ਪੰਜਾਬ ਤੋਂ ਆ ਕੇ ਹੀ ਕੈਨੇਡਾ ਵਸੇ ਹਨ, ਪਰ ਉਨ੍ਹਾਂ ਵਲੋਂ ਵੀ ਆਪਣੀ ਮਾਂ-ਬੋਲੀ ਪੰਜਾਬੀ ਨਾ ਲਿਖਵਾ ਕੇ ਹਿੰਦੀ ਲਿਖਵਾਉਣ ਦਾ ਫ਼ੈਸਲਾ, ਪੰਜਾਬੀ ਬੋਲੀ ਨਾਲ ਵਿਸ਼ਵਾਸ਼ਘਾਤ ਸਿੱਧ ਹੋ ਰਿਹਾ ਹੈ। ਭਾਰਤੀ ਸਿਆਸਤ 'ਚ ਵਧ ਰਿਹਾ ਫਾਸ਼ੀਵਾਦ, ਧਰੁਵੀਕਰਨ ਅਤੇ 'ਇਕ ਬੋਲੀ ਤੇ ਇਕ ਰਾਸ਼ਟਰ' ਦਾ ਨਾਅਰਾ ਕੇਵਲ ਭਾਰਤ ਵਿੱਚ ਹੀ ਹਿੰਦੀ ਭਾਸ਼ਾ ਨੂੰ ਛੱਡ ਕੇ ਬਾਕੀ ਭਾਸ਼ਾਵਾਂ ਦਾ ਨੁਕਸਾਨ ਨਹੀਂ ਕਰ ਰਿਹਾ, ਸਗੋਂ ਕੈਨੇਡਾ ਵਿੱਚ ਵੀ ਪੰਜਾਬੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ 'ਚ ਸਭ ਤੋਂ ਵੱਧ ਘਾਤਕ ਬਣ ਰਿਹਾ ਹੈ। ਕੁਝ ਵਰ੍ਹੇ ਪਹਿਲਾਂ ਕੈਨੇਡਾ 'ਚ ਪੰਜਾਬੀ ਗਾਇਕ ਗੁਰਦਾਸ ਮਾਨ ਵਲੋਂ ਦਿੱਤਾ ਵਿਵਾਦਗ੍ਰਸਤ ਬਿਆਨ 'ਇਕ ਬੋਲੀ ਇਕ ਦੇਸ਼' ਅਤੇ ਮਾਂ-ਮਾਸੀ ਦਾ ਰੇੜਕਾ ਵੀ ਪੰਜਾਬੀਆਂ ਅੰਦਰ ਬੋਲੀ ਦੇ ਆਧਾਰ 'ਤੇ ਪਾੜਾ ਪਾਉਣ ਵਾਲਾ 'ਘਾਤਕ ਪ੍ਰਚਾਰ' ਹੋ ਨਿਬੜਿਆ ਹੈ। ਕੈਨੇਡਾ ਵਸਦੇ ਪੰਜਾਬੀਆਂ ਨੂੰ ਇਨ੍ਹਾਂ ਵਲਗਣਾਂ ਤੋਂ ਉੱਪਰ ਉੱਠ ਕੇ ਸੱਚ 'ਤੇ ਪਹਿਰਾ ਦੇਣ ਦੀ ਲੋੜ ਹੈ। ਜੇਕਰ ਉਹ ਪੰਜਾਬੀ ਹਨ ਤਾਂ ਆਪਣੀ ਬੋਲੀ ਪੰਜਾਬੀ ਹੀ ਲਿਖਵਾਉਣ, ਨਾ ਕਿ ਆਪਣੇ ਫ਼ਿਰਕੇ, ਜਾਤ ਜਾਂ ਸਿਆਸੀ ਪ੍ਰਭਾਵ ਅਧੀਨ ਮਾਂ-ਬੋਲੀ ਨਾਲ ਧੋਖਾ ਕਰਨ। ਅਸੀਂ ਆਪਣੇ ਕਾਰੋਬਾਰ ਅਤੇ ਵਪਾਰ ਮੌਕੇ ਵੱਧ ਤੋਂ ਵੱਧ ਪੰਜਾਬੀ ਬੋਲੀ ਬੋਲੀਏ ਅਤੇ ਸਾਇਨ ਬੋਰਡਾਂ ਅਤੇ ਬਿਜਨਸ ਕਾਰਡਾਂ 'ਤੇ ਅੰਗਰੇਜ਼ੀ ਦੇ ਨਾਲ-ਨਾਲ ਗੁਰਮੁਖੀ ਵਿੱਚ ਜਾਣਕਾਰੀ ਅਤੇ ਨਾਂ ਲਿਖਵਾਈਏ। ਕੈਨੇਡਾ ਵਸਦੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਨੂੰ ਆਪਣੀ 'ਜ਼ਬਾਨ' ਅਤੇ 'ਪਛਾਣ' ਨਾਲ ਜੋੜੀ ਰੱਖਣ ਲਈ ਇਹ ਜ਼ਰੂਰੀ ਹੈ ਕਿ ਮਾਂ ਬੋਲੀ ਪੰਜਾਬੀ ਵੱਧ ਤੋਂ ਵੱਧ ਬੋਲੀਏ ਅਤੇ ਸ਼ਾਇਰ ਹਰਜਿੰਦਰ ਕੰਗ ਦੀ ਇਹ ਗੱਲ ਕਦੇ ਨਾ ਭੁੱਲੀਏ :-

'ਬੋਲੀ ਨਾ ਰਹੀ ਤਾਂ ਕਵਿਤਾਵਾਂ ਰੁਲ ਜਾਣੀਆਂ,
ਮਾਵਾਂ ਦੀਆਂ ਲੋਰੀਆਂ ਦੁਆਵਾਂ ਰੁਲ ਜਾਣੀਆਂ,
ਦਿੱਤੀਆਂ ਸ਼ਹਾਦਤਾਂ ਨਾ ਮਿੱਟੀ ਚ ਮਿਲਾ ਦਿਓ,
ਦੇਖਿਓ ਪੰਜਾਬੀਓ ਪੰਜਾਬੀ ਨਾ ਭੁਲਾ ਦਿਓ।'

***

## ਕੀ ਕੈਨੇਡਾ ਜਾ ਰਹੇ ਪੰਜਾਬੀਆਂ ਦੀ

ਇਸੇ ਕਾਰਨ ਕੈਨੇਡਾ ਵਿੱਚ ਪੰਜਾਬੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਹੁਣ ਜੇ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੋ ਰਿਹਾ ਹੈ ਤਾਂ ਇਸ ਦਾ ਇੱਕ ਕਾਰਨ ਕੈਨੇਡਾ ਦੇ ਮੌਜੂਦਾ ਮਾਹੌਲ ਨੂੰ ਵੀ ਮੰਨਿਆ ਜਾਂਦਾ ਹੈ। ਕੈਨੇਡਾ ਦੀ ਟਰੂਡੋ ਸਰਕਾਰ ਵਿੱਚ ਅਨਿਸ਼ਚਿਤਾ ਵਾਲੀ ਸਥਿਤੀ ਮੰਨੀ ਜਾ ਰਹੀ ਹੈ। ਇਸ ਤੋਂ ਇਲਾਵਾ ਕੈਨੇਡਾ ਸਰਕਾਰ ਵੱਲੋਂ ਕੁਝ ਅਜਿਹੇ ਨਿਯਮ ਬਣਾਏ ਗਏ ਹਨ, ਜਿਸ ਕਾਰਨ ਕੈਨੇਡਾ ਜਾਣ ਦੀ ਥਾਂ ਭਾਰਤੀ ਵਿਦਿਆਰਥੀ ਅਮਰੀਕਾ, ਆਸਟ੍ਰੇਲੀਆ, ਬ੍ਰਿਟੇਨ ਅਤੇ ਹੋਰ ਮੁਲਕਾਂ ਵਿੱਚ ਜਾ ਰਹੇ ਹਨ।

ਕੈਨੇਡਾ ਦੀ ਸਭ ਤੋਂ ਚੰਗੀ ਗੱਲ ਉਥੇ ਨਸਲੀ ਵਿਤਕਰਾ ਨਾ ਹੋਣਾ ਹੈ, ਇਸੇ ਕਾਰਨ ਵੱਡੀ ਗਿਣਤੀ ਪੰਜਾਬੀ ਵਿਦਿਆਰਥੀ ਉਥੇ ਜਾਣਾ ਚਾਹੁੰਦੇ ਹਨ। ਕੈਨੇਡਾ ਵਿੱਚ ਨਸਲੀ ਵਿਤਕਰਾ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ, ਜਦੋਂ ਕਿ ਹੋਰਨਾਂ ਮੁਲਕਾਂ ਵਿੱਚ ਭਾਰਤੀ ਵਿਦਿਆਰਥੀ ਕਈ ਵਾਰ ਨਸਲੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੇ ਹਨ। ਕੈਨੇਡਾ ਵਿੱਚ ਯੂਨੀਵਰਸਿਟੀਆਂ ਅਤੇ ਕਾਲਜਾਂ ਲਈ ਅੰਤਰਰਾਸ਼ਟਰੀ ਵਿਦਿਆਰਥੀ ਆਮਦਨ ਦਾ ਇੱਕ ਵੱਡਾ ਸਰੋਤ ਹਨ। ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਹਰ ਸਾਲ ਲਗਭਗ 16.4 ਬਿਲੀਅਨ ਡਾਲਰ ਦੀ ਦੌਲਤ ਲਿਆਉਂਦੇ ਹਨ, ਜਿਸ ਕਾਰਨ ਕੈਨੇਡਾ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲਦਾ ਹੈ। ਕੈਨੇਡਾ ਦੇ ਮੌਜੂਦਾ ਮਾਹੌਲ ਅਤੇ ਭਾਰਤ ਨਾਲ ਸੰਬੰਧਾਂ ਵਿੱਚ ਆਏ ਤਨਾਓ ਤੋਂ ਬਾਅਦ ਭਾਰਤ ਤੋਂ ਵੱਡੀ ਗਿਣਤੀ ਵਿਦਿਆਰਥੀਆਂ ਦੇ ਮਾਪੇ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਦੀ ਥਾਂ ਹੋਰਨਾਂ ਦੇਸ਼ਾਂ ਵਿੱਚ ਭੇਜ ਰਹੇ ਹਨ, ਜਿਸ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਕੈਨੇਡਾ ਨੂੰ ਹੋਣ ਵਾਲੀ ਆਮਦਨ ਘੱਟ ਹੋਣ ਦਾ ਖ਼ਦਸ਼ਾ ਪੈਦਾ ਹੋ ਗਿਆ ਹੈ। ਪੰਜਾਬ ਸਮੇਤ ਭਾਰਤ ਦੇ ਜਿਹੜੇ ਵਿਦਿਆਰਥੀ ਸਿੱਖਿਆ ਕਰਜ਼ਾ ਲੈ ਕੇ ਕੈਨੇਡਾ ਗਏ ਹੋਏ ਹਨ, ਉਹਨਾਂ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਮਹਿੰਗਾਈ ਅਤੇ ਰਿਹਾਇਸ਼ ਦੀ ਘਾਟ ਦੇ ਕਾਰਨ ਆਪਣੇ ਕਰਜ਼ੇ ਮੋੜਨੇ ਮੁਸ਼ਕਿਲ ਹੋ ਗਏ ਹਨ, ਜਿਸ ਕਾਰਨ ਇਹਨਾਂ ਵਿਦਿਆਰਥੀਆਂ ਅਤੇ ਇਹਨਾਂ ਦੇ ਮਾਪਿਆਂ ਦਾ ਆਰਥਿਕ ਪੱਧਰ ਗੜਬੜਾ ਗਿਆ ਹੈ। ਭਾਰਤ ਦੇ ਰਾਸ਼ਟਰੀ ਮੀਡੀਆ ਅਨੁਸਾਰ ਮਹਿੰਗਾਈ ਅਤੇ ਰਿਹਾਇਸ਼ ਦੀ ਸਮੱਸਿਆ ਦੇ ਕਾਰਨ ਵੀ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੋ ਰਿਹਾ ਹੈ, ਇਹਨਾਂ ਵਿਦਿਆਰਥੀਆਂ ਵਿੱਚ ਭਾਰਤੀ ਖਾਸ ਕਰਕੇ ਪੰਜਾਬੀ ਵਿਦਿਆਰਥੀ ਵੀ ਸ਼ਾਮਲ ਹਨ।

***

## ਮਿਆਂਮਾਰ ਦੇ ਹਾਲਾਤ

ਇਸ ਗੱਲ ਵਿੱਚ ਵੀ ਹੈ ਕਿ ਫ਼ੌਜੀ ਸ਼ਾਸਨ ਦੂਰਸੰਚਾਰ ਘੁਟਾਲਿਆਂ, ਨਸ਼ਿਆਂ ਦੀ ਤਸਕਰੀ ਅਤੇ ਫ਼ੌਜ ਪੱਖੀ ਅਨਸਰਾਂ ਵੱਲੋਂ ਚੀਨ ਨਾਲ ਲੱਗਦੀ ਸਰਹੱਦ ਦੇ ਆਸ-ਪਾਸ ਮਨੁੱਖੀ ਤਸਕਰੀ ਦੇ ਮੁੱਦਿਆਂ ਨੂੰ ਚੰਗੀ ਤਰ੍ਹਾਂ ਨਜਿੱਠੇ।

ਚੀਨ ਅਕਸਰ ਇਹ ਸ਼ੇਖੀ ਮਾਰਦਾ ਰਹਿੰਦਾ ਹੈ ਕਿ ਉਹ ਦੂਜੇ ਮੁਲਕਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਨਹੀਂ ਕਰਦਾ। ਇਸ ਤਰੀਕੇ ਨਾਲ ਚੀਨ ਨੇ ਕਈ ਅਵੱਲੇ ਸ਼ਾਸਕਾਂ ਅਤੇ ਤਾਨਾਸ਼ਾਹਾਂ ਨਾਲ ਗੰਢ-ਤੁਪ ਕਰ ਲਈ ਹੈ ਅਤੇ ਕਈ ਭਖਦੇ ਮੁੱਦਿਆਂ 'ਤੇ ਸਟੈਂਡ ਲੈਣ ਤੋਂ ਟਾਲ਼ਾ ਵੱਟ ਰੱਖਿਆ ਹੈ। ਉਂਝ, ਚੀਨ ਇੱਕ ਮੋਹਰੀ ਆਲਮੀ ਵਪਾਰਕ ਸ਼ਕਤੀ ਵੀ ਹੈ ਅਤੇ ਇਹ ਉਨ੍ਹਾਂ ਮੁੱਦਿਆਂ ਨੂੰ ਦਰਕਿਨਾਰ ਨਹੀਂ ਕਰ ਸਕਦਾ ਜਿਨ੍ਹਾਂ ਦਾ ਜੇ ਇਸ ਦੀ ਸੁਰੱਖਿਆ ਨਾ ਵੀ ਸਹੀ ਤਾਂ ਵੀ ਅਰਥਚਾਰੇ ਉੱਪਰ ਸਿੱਧਾ ਅਸਰ ਪੈਂਦਾ ਹੈ। ਇਸ ਤੋਂ ਇਲਾਵਾ ਇਸ ਅੰਦਰ ਆਪਣੇ ਆਪ ਨੂੰ ਸ਼ਾਸਨ ਅਤੇ ਕੂਟਨੀਤੀ ਦੇ ਇੱਕ ਆਲਮੀ ਮਾਡਲ ਵਜੋਂ ਉਭਾਰਨ ਦੀ ਚਿਣਗ ਵੀ ਬਲਦੀ ਰਹਿੰਦੀ ਹੈ। ਸਬੱਬੀਂ, ਪਿਛਲੇ ਮਹੀਨੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਆਪਣੀ ਮਿਸਰ ਫੇਰੀ ਦੌਰਾਨ ਗਾਜ਼ਾ ਦੇ ਮੁੱਦੇ 'ਤੇ ਵੱਡੇ ਪੈਮਾਨੇ 'ਤੇ ਅਧਿਕਾਰਤ ਅਮਨ ਕਾਨਫਰੰਸ ਬੁਲਾਉਣ ਦਾ ਸੱਦਾ ਦਿੱਤਾ ਹੈ ਜਿਸ ਤੋਂ ਬਾਅਦ ਸਮਾਂਬੱਧ ਢੰਗ ਨਾਲ 'ਦੋ ਮੁਲਕੀ' (ਟੂ ਸਟੇਟ) ਹੱਲ ਦੇ ਖਾਕੇ ਨੂੰ ਲਾਗੂ ਕੀਤਾ ਜਾਵੇ।

ਜਿੱਥੋਂ ਤੱਕ ਭਾਰਤ ਦਾ ਸਬੰਧ ਹੈ, ਤਾਂ ਲੰਬੇ ਅਰਸੇ ਤੋਂ ਇਹ ਦੱਖਣੀ ਏਸ਼ਿਆਈ ਖਿੱਤੇ ਨੂੰ ਆਪਣੇ ਹਿੱਤ ਦੇ ਖੇਤਰ ਵਜੋਂ ਦੇਖਦਾ ਆ ਰਿਹਾ ਹੈ। ਚੀਨ ਵੱਲੋਂ ਆਪਣੇ ਆਂਢ-ਗੁਆਂਢ ਦੇ ਮੁਲਕਾਂ ਨੂੰ ਵਪਾਰ, ਸੁਰੱਖਿਆ ਸਹਿਯੋਗ ਅਤੇ ਇਮਦਾਦ ਦੇ ਕੇ ਇਸ ਨੂੰ ਸਿੱਧੇ ਤੌਰ 'ਤੇ ਚੁਣੌਤੀ ਦਿੱਤੀ ਜਾਂਦੀ ਰਹੀ ਹੈ। ਚੀਨ ਨੇ ਭਾਰਤ ਤੇ ਪਾਕਿਸਤਾਨ, ਬੰਗਲਾਦੇਸ਼ ਤੇ ਮਿਆਂਮਾਰ, ਅਫ਼ਗਾਨਿਸਤਾਨ ਤੇ ਪਾਕਿਸਤਾਨ ਅਤੇ ਮਿਆਂਮਾਰ ਅਤੇ ਇਸ ਦੇ ਨਸਲੀ ਬਾਗ਼ੀ ਗਰੁੱਪਾਂ ਵਿਚਕਾਰ ਸਾਲਸੀ ਦੀ ਪੇਸ਼ਕਸ਼ ਕੀਤੀ ਸੀ। ਹਾਲਾਂਕਿ ਹੁਣ ਤੱਕ ਚੀਨ ਨੂੰ ਸਭ ਤੋਂ ਵੱਡੀ ਸਫਲਤਾ ਦੱਖਣੀ ਏਸ਼ੀਆ ਦੀ ਬਜਾਏ ਪੱਛਮੀ ਏਸ਼ੀਆ ਵਿੱਚ ਹਾਸਲ ਹੋਈ ਹੈ ਜਿੱਥੇ ਇਸ ਨੇ ਪਿਛਲੇ ਸਾਲ ਸਾਊਦੀ ਅਰਬ ਅਤੇ ਇਰਾਨ ਵਿਚਕਾਰ ਸੁਲ੍ਹਾ ਕਰਵਾਈ ਸੀ ਜੋ ਹਾਲੇ ਤੱਕ ਜਾਰੀ ਹੈ।

ਮਿਆਂਮਾਰ ਦੀਆਂ ਘਟਨਾਵਾਂ ਭਾਰਤ ਲਈ ਫ਼ੌਰੀ ਦੋ ਚੁਣੌਤੀਆਂ ਪੈਦਾ ਕਰ ਰਹੀਆਂ ਹਨ। ਪਹਿਲੀ ਇਹ ਕਿ ਸਾਡੇ ਗੁਆਂਢ ਵਿੱਚ ਪੈਂਦੇ ਉਸ ਦੇਸ਼ ਅੰਦਰ ਚੀਨ ਦਾ ਪ੍ਰਭਾਵ ਬਹੁਤ ਜ਼ਿਆਦਾ ਵਧ ਗਿਆ ਹੈ। ਮਿਆਂਮਾਰ ਵਿੱਚ ਚੱਲ ਰਹੀ ਖ਼ਾਨਾਜੰਗੀ ਕਰ ਕੇ ਬਹੁਤ ਸਾਰੇ ਸ਼ਰਨਾਰਥੀਆਂ ਨੂੰ ਭਾਰਤ ਵਿੱਚ ਪਨਾਹ ਲੈਣੀ ਪਈ ਸੀ। ਮਿਆਂਮਾਰ ਨਾਲ ਲੱਗਦੀ ਸਰਹੱਦ ਦੇ ਆਰ-ਪਾਰ ਲੋਕ ਬਿਨਾਂ ਪਾਸਪੋਰਟ ਤੋਂ ਆ ਜਾ ਸਕਦੇ ਸਨ ਪਰ ਭਾਰਤ ਨੂੰ ਇਹ ਉਦਾਰ ਨੀਤੀ ਛੱਡਣੀ ਪਈ ਸੀ। ਦੂਜੀ ਚੁਣੌਤੀ ਇਸ ਤੱਥ ਤੋਂ ਉਜਾਗਰ ਹੋ ਰਹੀ ਹੈ ਕਿ ਇਹ ਘਟਨਾਵਾਂ ਮਿਆਂਮਾਰ ਦੇ ਉਸ ਹਿੱਸੇ ਵਿੱਚ ਵਾਪਰ ਰਹੀਆਂ ਹਨ ਜਿਸ ਦੀ ਸਰਹੱਦ ਉਥਲ-ਪੁਥਲ ਦੇ ਮਾਹੌਲ 'ਚੋਂ ਲੰਘ ਰਹੇ ਸਾਡੇ ਮਨੀਪੁਰ ਸੂਬੇ ਨਾਲ ਲੱਗਦੀ ਹੈ। ਭਾਰਤ ਨੇ ਹਾਲੀਆ ਸਾਲਾਂ ਦੌਰਾਨ ਉੱਤਰ-ਪੂਰਬ ਖਿੱਤੇ ਅੰਦਰ ਕਈ ਬਾਗ਼ੀ ਸਰਗਰਮੀਆਂ ਨੂੰ ਸ਼ਾਂਤ ਕਰ ਰੱਖਿਆ ਹੈ ਪਰ ਮਨੀਪੁਰ ਦੇ ਹਾਲਾਤ ਇਸ ਤੋਂ ਬੇਕਾਬੂ ਹੋ ਗਏ ਸਨ। ਇਸ ਸਮੇਂ ਮਿਆਂਮਾਰ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਨਾਲ ਉੱਥੋਂ ਦੇ ਹਾਲਾਤ ਬਦਤਰ ਹੋ ਸਕਦੇ ਹਨ।

***

## ਮੋਦੀ ਸਰਕਾਰ ਵੱਲੋਂ ਪੰਜ ਫਸਲਾਂ

ਸਕੱਤਰ ਵੀ ਆਏ ਹੋਏ ਸਨ ਤਾਂ ਜੋ ਕਿਸਾਨਾਂ ਨੂੰ ਫੌਰੀ ਲਿਖਤੀ ਸਮਝੌਤਾ ਦਿੱਤਾ ਜਾ ਸਕੇ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਟੀਮ 'ਤੇ ਦਬਾਓ ਬਣਾਇਆ ਕਿ ਇਸ ਬੈਠਕ ਵਿੱਚ ਬਾਕੀ ਫਸਲਾਂ 'ਤੇ ਐਮ.ਐਸ.ਪੀ. ਦੀ ਗਾਰੰਟੀ ਬਾਰੇ ਫੈਸਲਾ ਲਿਆ ਜਾਵੇ। ਮੀਟਿੰਗ ਵਿੱਚ ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੀ ਮੌਜੂਦ ਸਨ। ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੇ ਮੁੱਦੇ 'ਤੇ ਪਾਰਲੀਮੈਂਟ ਵਿੱਚ ਸਾਲ 2010 ਵਿੱਚ ਲੱਗੇ ਇੱਕ ਸਵਾਲ ਦੇ ਹਵਾਲੇ ਨਾਲ ਕਿਹਾ ਕਿ ਯੂ.ਪੀ.ਏ. ਸਰਕਾਰ ਨੇ ਇਸ ਰਿਪੋਰਟ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਵਿਸ਼ਵ ਵਪਾਰ ਸੰਸਥਾ ਬਾਰੇ ਉਠਾਏ ਨੁਕਤੇ 'ਤੇ ਕੇਂਦਰੀ ਵਜ਼ੀਰਾਂ ਨੇ ਕਿਹਾ ਕਿ ਭਾਰਤ ਸਰਕਾਰ ਸਾਲ 2015 ਵਿੱਚ ਹੀ ਡਬਲਿਊਟੀਓ ਵਿੱਚ 'ਪੀਸ ਕਲਾਜ਼' ਨੂੰ ਦਰਜ ਕਰਵਾ ਚੁੱਕੀ ਹੈ ਜਿਸ ਤਹਿਤ ਕੋਈ ਵੀ ਮੁਲਕ ਬਰਾਮਦ ਦੌਰਾਨ ਐੱਮਐਸਪੀ ਦੇ ਮੁੱਦੇ ਨੂੰ ਛੇੜ ਨਹੀਂ ਸਕੇਗਾ। ਮੀਟਿੰਗ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਜਗਜੀਤ ਸਿੰਘ ਡੱਲੇਵਾਲ, ਸਰਵਨ ਸਿੰਘ ਪੰਧੇਰ, ਸੁਰਜੀਤ ਸਿੰਘ ਫੂਲ, ਜਸਵਿੰਦਰ ਸਿੰਘ ਲੌਂਗੋਵਾਲ, ਅਮਰਜੀਤ ਸਿੰਘ, ਅਭਿਮੰਨਿਊ ਕੋਹਾੜ, ਰਮਨਦੀਪ ਸਿੰਘ ਮਾਨ, ਗੁਰਦਾਸ ਸਿੰਘ, ਮਨਿੰਦਰ ਸਿੰਘ, ਉਂਕਾਰ ਸਿੰਘ, ਮਲਕੀਤ ਸਿੰਘ ਅਤੇ ਸੁਖਦੇਵ ਸਿੰਘ ਆਦਿ ਹਾਜ਼ਰ ਸਨ। ਕੇਂਦਰੀ ਵਜ਼ੀਰਾਂ ਨੇ ਪਹਿਲਾਂ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਦੇ ਵਿਚਾਰ ਜਾਣੇ ਪ੍ਰੰਤੂ ਕਿਸਾਨ ਆਗੂਆਂ ਨੇ ਸਪੱਸ਼ਟ ਤੌਰ 'ਤੇ ਆਪਣਾ ਸਟੈਂਡ ਦੁਹਰਾਇਆ। ਹੁਣ ਤੱਕ ਇਹ ਸਕਾਰਾਤਮਕ ਕਦਮ ਰਿਹਾ ਹੈ ਕਿ ਕੋਈ ਵੀ ਧਿਰ ਗੱਲਬਾਤ ਤੋਂ ਪਿੱਛੇ ਨਹੀਂ ਹਟੀ ਹੈ।

ਬੈਠਕ ਵਿੱਚ ਕਿਸਾਨ ਆਗੂਆਂ ਨੇ ਪ੍ਰਭਾਵ ਦਿੱਤਾ ਕਿ ਉਹ ਕੁਝ ਹਾਸਲ ਕੀਤੇ ਬਿਨਾਂ ਸੰਘਰਸ਼ ਤੋਂ ਪਿੱਛੇ ਨਹੀਂ ਹਟਣਗੇ। ਪੰਜਾਬ ਤੇ ਹਰਿਆਣਾ ਦੀ ਹੱਦ 'ਤੇ ਬੈਠੇ ਕਿਸਾਨਾਂ ਨੂੰ ਹੋਰ ਲੰਬਾ ਸਮਾਂ ਸ਼ੰਭੂ ਅਤੇ ਖਨੌਰੀ ਹੱਦ 'ਤੇ ਟਿਕਾ ਕੇ ਰੱਖਣਾ ਕਿਸਾਨ ਆਗੂਆਂ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਹੱਦ 'ਤੇ ਜਥੇਬੰਦੀਆਂ ਦੇ ਵਰਕਰ ਤਾਂ ਸੰਜਮ ਦਿਖਾ ਰਹੇ ਹਨ ਪ੍ਰੰਤੂ ਆਪਮੁਹਾਰੇ ਪਹੁੰਚੇ ਲੋਕ 'ਦਿੱਲੀ ਕੂਚ' ਲਈ ਕਾਹਲੇ ਪਏ ਹਨ।

ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਜਾਂ ਘੱਟੋ-ਘੱਟ ਸਮਰਥਨ ਮੁੱਲ ਉਹ ਕੀਮਤ ਹੈ ਜਿਸ ਦੀ ਸਰਕਾਰ ਕਿਸਾਨਾਂ ਨੂੰ ਗਾਰੰਟੀ ਦਿੰਦੀ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੀ ਘੱਟੋ-ਘੱਟ ਇੰਨੀ ਕੀਮਤ ਜ਼ਰੂਰ ਮਿਲੇਗੀ। ਘੱਟੋ-ਘੱਟ ਸਮਰਥਨ ਮੁੱਲ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਮੰਡੀ ਵਿੱਚ ਉਸ ਫ਼ਸਲ ਦੀ ਕੀਮਤ ਭਾਵੇਂ ਕਿੰਨੀ ਵੀ ਘੱਟ ਜਾਵੇ, ਕਿਸਾਨ ਨੂੰ ਸਰਕਾਰ ਵੱਲੋਂ ਤੈਅ ਕੀਤੀ ਘੱਟੋ-ਘੱਟ ਕੀਮਤ ਜ਼ਰੂਰ ਮਿਲਦੀ ਹੈ। ਇਸ ਨਾਲ ਕਿਸਾਨਾਂ ਨੂੰ ਗਾਰੰਟੀ ਮਿਲਦੀ ਹੈ ਕਿ ਉਨ੍ਹਾਂ ਨੂੰ ਆਪਣੀਆਂ ਫਸਲਾਂ ਦਾ ਆਰਥਿਕ ਨੁਕਸਾਨ ਨਹੀਂ ਸਹਿਣਾ ਪਵੇਗਾ।

********

## **ਸੁਪਰੀਮ ਕੋਰਟ ਨੇ

ਹੁਕਮ ਤੇ ਨਿਰਦੇਸ਼ ਦਿੰਦੇ ਹਾਂ ਕਿ ਪ੍ਰੀਜ਼ਾਈਡਿੰਗ ਅਫਸਰ (ਮਸੀਹ) ਵੱਲੋਂ ਐਲਾਨਿਆ ਚੋਣ ਨਤੀਜਾ ਰੱਦ ਕਰ ਦਿੱਤਾ ਜਾਵੇ ਤੇ ਇੱਕ ਪਾਸੇ ਰੱਖਿਆ ਜਾਵੇ। ਪਟੀਸ਼ਨਰ (ਕੁਲਦੀਪ ਕੁਮਾਰ) ਨੂੰ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਦੀ ਚੋਣ ਲਈ ਵੈਧ ਤੌਰ 'ਤੇ ਚੁਣਿਆ ਉਮੀਦਵਾਰ ਐਲਾਨਿਆ ਜਾਂਦਾ ਹੈ।' ਅਦਾਲਤ ਨੇ ਕਿਹਾ ਕਿ ਮਸੀਹ ਵੱਲੋਂ ਅਵੈਧ ਐਲਾਨੇ ਗਏ ਅੱਠ ਵੋਟ ਕੁਲਦੀਪ ਕੁਮਾਰ ਦੇ ਹੱਕ 'ਚ ਭੁਗਤਾਏ ਜਾਣ। ਬੈਂਚ ਨੇ ਕਿਹਾ ਕਿ ਰਿਟਰਨਿੰਗ ਅਫਸਰ ਮਸੀਹ ਨੇ ਸਪੱਸ਼ਟ ਤੌਰ 'ਤੇ ਇਨ੍ਹਾਂ ਅੱਠ ਵੋਟ ਪਰਚੀਆਂ 'ਤੇ ਆਪਣਾ ਨਿਸ਼ਾਨ ਲਾਇਆ ਸੀ ਤਾਂ ਉਨ੍ਹਾਂ ਨੂੰ ਅਵੈਧ ਸਾਬਤ ਕਰਨ ਲਈ ਆਧਾਰ ਤਿਆਰ ਕੀਤਾ ਜਾ ਸਕੇ। ਉਨ੍ਹਾਂ ਕਿਹਾ, 'ਇਸ ਤੋਂ ਇਲਾਵਾ ਇਹ ਸਪੱਸ਼ਟ ਹੈ ਕਿ ਪ੍ਰੀਜ਼ਾਈਡਿੰਗ ਅਫਸਰ (ਮਸੀਹ) ਨੇ ਪ੍ਰੀਜ਼ਾਈਡਿੰਗ ਅਫਸਰ ਵਜੋਂ ਆਪਣੀ ਭੂਮਿਕਾ ਤੇ ਸਮਰੱਥਾ ਤਹਿਤ ਜੋ ਕੀਤਾ, ਉਹ ਗੰਭੀਰ ਅਪਰਾਧ ਹੈ।'

ਜ਼ਿਕਰਯੋਗ ਹੈ ਕਿ ਚੰਡੀਗੜ੍ਹ ਮੇਅਰ ਦੀ ਚੋਣ ਵਿੱਚ 'ਆਪ' ਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਆਮ ਆਦਮੀ ਪਾਰਟੀ ਕੌਂਸਲਰ ਕੁਲਦੀਪ ਕੁਮਾਰ ਨੇ ਕੋਈ ਅੰਤਰਿਮ ਰਾਹਤ ਦੇਣ ਤੋਂ ਇਨਕਾਰ ਕਰਨ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਨੂੰ ਸਰਵ ਉੱਚ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਨੇ 30 ਜਨਵਰੀ ਨੂੰ ਹੋਈ ਚੋਣ ਵਿਚ ਕਾਂਗਰਸ-ਆਪ ਗੱਠਜੋੜ ਦੀਆਂ ਅੱਠ ਵੋਟਾਂ ਨੂੰ ਅਯੋਗ ਠਹਿਰਾ ਕੇ ਭਾਜਪਾ ਉਮੀਦਵਾਰ ਮਨੋਜ ਸੋਨਕਰ ਨੂੰ ਜੇਤੂ ਐਲਾਨ ਦਿੱਤਾ ਸੀ। ਸੋਨਕਰ ਨੂੰ 16 ਜਦੋਂ ਕਿ ਆਪ ਦੇ ਕੁਲਦੀਪ ਕੁਮਾਰ ਨੂੰ 12 ਵੋਟਾਂ ਪਈਆਂ ਸਨ। ਸੋਨਕਰ ਨੇ ਹਾਲਾਂ ਕਿ ਪਿਛਲੇ ਦਿਨੀਂ ਮੇਅਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

***

## ਹਰਿਆਣਾ ਦੇ ਕਿਸਾਨਾਂ

ਕਿ ਹਰਿਆਣਾ ਪੁਲਿਸ ਨੇ 6 ਦਿਨਾਂ ਵਿੱਚ ਹਜ਼ਾਰਾਂ ਅੱਥਰੂ ਗੈਸ ਦੇ ਗੋਲੇ ਕਿਸਾਨਾਂ 'ਤੇ ਸੁੱਟ ਦਿੱਤੇ ਹਨ, ਜਿਸ ਕਰਕੇ ਸੈਂਕੜੇ ਕਿਸਾਨ ਜ਼ਖ਼ਮੀ ਹੋ ਚੁੱਕੇ ਹਨ। ਹਰਿਆਣਾ ਪੁਲਿਸ ਦੀ ਅਜਿਹੀ ਕਾਰਵਾਈ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਿਸਾਨ ਆਗੂ ਰਾਕੇਸ਼ ਬੈਂਸ ਨੇ ਕਿਹਾ ਕਿ ਮੀਟਿੰਗ ਵਿੱਚ ਪਹੁੰਚੀਆਂ ਦੋ ਦਰਜਨ ਦੇ ਕਰੀਬ ਕਿਸਾਨ ਜਥੇਬੰਦੀਆਂ, ਖਾਪ ਪੰਚਾਇਤਾਂ ਤੇ ਹੋਰਨਾਂ ਸਮਾਜ ਸੇਵੀ ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਉਹ ਸਾਂਝੇ ਤੌਰ 'ਤੇ ਕਿਸਾਨ ਸੰਘਰਸ਼ ਵਿੱਚ ਸ਼ਾਮਲ ਹੋਣਗੀਆਂ।

***

## ਦੇਸ਼ ਅੰਦਰ ਬੋਲਣ

ਲਿਖਣ ਵਾਲੇ ਪੱਤਰਕਾਰਾਂ ਸਮੇਤ ਹੋਰਾਂ ਦੇ ਫੇਸਬੁੱਕ ਆਈਡੀਜ ਅਤੇ ਪੇਜ ਸ਼ਾਮਲ ਹਨ। ਧਿਆਨ ਦੇਣ ਯੋਗ ਹੈ ਕਿ 2021 ਦੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ, ਸਰਕਾਰ ਨੇ ਇਸੇ ਤਰ੍ਹਾਂ ਪ੍ਰਦਰਸ਼ਨਕਾਰੀਆਂ ਅਤੇ ਇਸ ਮੁੱਦੇ @ਤੇ ਲਿਖਣ ਅਤੇ ਰਿਪੋਰਟ ਕਰਨ ਵਾਲੇ ਬਹੁਤ ਸਾਰੇ ਪੱਤਰਕਾਰਾਂ ਦੇ ਸੋਸ਼ਲ ਮੀਡੀਆ ਖਾਤਿਆਂ ਨੂੰ ਧਾਰਾ 691 ਅੱਧੀਨ ਬਲੌਕ ਕਰ ਦਿੱਤਾ ਸੀ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949



## ਅਜੇ ਵੀ ਅਕਾਲੀ ਦਲ ਦੇ

ਇਹ ਸੱਚਾਈ ਹੈ ਕਿ ਸਾਰੇ ਸਿੱਖ ਧਾਰਮਿਕ, ਰਾਜਨੀਤਕ, ਆਰਥਿਕ, ਵਿਚਾਰਧਾਰਕ ਆਦਿ ਤੌਰ 'ਤੇ ਵੱਖ-ਵੱਖ ਪਾਰਟੀਆਂ ਤੇ ਸੰਸਥਾਵਾਂ 'ਚ ਵੰਡੇ ਹੋਏ ਹਨ। ਇਸੇ ਲਈ ਇਹ ਸ਼ੁਰੂ ਤੋਂ ਹੀ ਅਕਾਲੀ ਦਲ ਦੀ ਰਾਜਨੀਤਕ ਮਜਬੂਰੀ ਰਹੀ ਕਿ ਕਿਸੇ ਤਰੀਕੇ ਨਾਲ ਸਾਰਿਆਂ ਨੂੰ ਨਾਲ ਲੈ ਕੇ ਚੱਲਿਆ ਜਾਵੇ। ਇਸ ਦੇ ਨਾਲ ਹੀ ਪਾਰਟੀ ਲਈ ਤਾਕਤ ਪ੍ਰਾਪਤ ਕਰਨ ਵਾਸਤੇ ਹਿੰਦੂ ਭਾਈਚਾਰੇ ਦੀ ਹਮਾਇਤ ਇਕ ਰਾਜਨੀਤਕ ਮਜਬੂਰੀ ਤੇ ਅਸਲੀ ਰਾਜਨੀਤੀ ਦੀ ਸਚਾਈ ਹੈ।

ਇਸੇ ਕਰਕੇ ਹੀ 1967 ਤੋਂ ਬਾਅਦ ਹੁਣ ਤੱਕ (ਸਿਵਾਏ 1985 ਦੇ) ਪਾਰਟੀ ਨੇ ਹਮੇਸ਼ਾ ਪਹਿਲਾਂ ਜਨਸੰਘ ਫਿਰ ਜਨਤਾ ਪਾਰਟੀ ਤੇ 1997 ਤੋਂ ਬਾਅਦ ਭਾਜਪਾ ਨਾਲ ਰਾਜਨੀਤਕ ਸਾਂਝ ਪਾਈ ਹੈ। ਅਕਾਲੀ ਦਲ ਦੀ ਸਭ ਤੋਂ ਵੱਡੀ ਰਾਜਨੀਤਕ ਧਿਰ ਪੰਜਾਬ ਦੀ ਪੇਂਡੂ ਕਿਸਾਨੀ ਸੀ, ਜਿਸ ਦਾ ਮੁੱਢ ਪਹਿਲੀਆਂ ਅਕਾਲੀ ਸਰਕਾਰਾਂ ਤੇ ਖ਼ਾਸ ਕਰਕੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ (1977-80) ਦੇ ਸਮੇਂ 'ਚ ਪੇਂਡੂ ਲੋਕਾਂ ਲਈ ਸਰਕਾਰ ਦੁਆਰਾ ਵਿੱਦਿਆ, ਕਿਸਾਨੀ, ਸਿਹਤ ਸੇਵਾਵਾਂ, ਫੋਕਲ ਪੁਆਇੰਟ, ਆਦਰਸ਼ ਸਕੂਲ ਤੇ ਹੇਠਲੇ ਪੱਧਰ ਦੇ ਪੇਂਡੂ ਭਾਈਚਾਰੇ ਦੇ ਰਾਜਨੀਤਕ ਢਾਂਚੇ 'ਚ ਕਿਸਾਨੀ ਦਾ ਦਬਦਬਾ ਵਧਾਉਣ ਦੇ ਯਤਨ ਸਨ। ਇਸ ਦੇ ਨਾਲ ਹੀ 1977 ਦੇ ਚੋਣ ਮਨੋਰਥ ਪੱਤਰ 'ਚ ਪਾਰਟੀ ਨੇ ਆਪਣੀ ਰਾਜਨੀਤਕ ਪਹੁੰਚ 'ਚ ਤਬਦੀਲੀ ਲਿਆਂਦੀ। ਸਾਫ਼ ਤੌਰ 'ਤੇ ਗੁਰੂ ਗੋਬਿੰਦ ਸਿੰਘ ਦੁਆਰਾ ਦਰਸਾਏ ਹੋਏ ਸਿਧਾਂਤ ਧਰਮ ਨਿਰਪੱਖਤਾ, ਲੋਕਤੰਤਰ, ਸਮਾਜਿਕ ਬਰਾਬਰੀ, ਇਜ਼ਾਰੇਦਾਰੀ ਤੇ ਲੁੱਟ-ਖਸੁੱਟ ਦੇ ਖ਼ਿਲਾਫ਼ ਆਪਣੀ ਵਚਨਬੱਧਤਾ ਦੁਹਰਾਈ। ਇਹ ਉਹ ਸਮਾਂ ਸੀ, ਜਦੋਂ ਅਕਾਲੀ ਦਲ ਨੇ ਸਾਰੇ ਦੇਸ਼ ਦੀਆਂ ਖੇਤਰੀ ਪਾਰਟੀਆਂ ਨੂੰ ਕਾਂਗਰਸ ਦੀਆਂ ਲੋਕ ਮਾਰੂ ਨੀਤੀਆਂ ਦੇ ਖ਼ਿਲਾਫ਼ ਲਾਮਬੰਦ ਕੀਤਾ ਅਤੇ ਇਨ੍ਹਾਂ ਪਾਰਟੀਆਂ ਦੀ ਅਗਵਾਈ ਕੀਤੀ। ਇਸ ਦੇ ਨਾਲ ਹੀ ਇਹ ਪਹਿਲੀ ਵਾਰੀ ਕੇਂਦਰ ਸਰਕਾਰ 'ਚ ਭਾਈਵਾਲ ਬਣੀ ਤੇ ਖ਼ੱਬੀਆਂ ਪਾਰਟੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੋਕ ਹਿਤ ਵਾਲੇ ਫ਼ੈਸਲਿਆ ਲਈ ਖੜ੍ਹੀ ਹੋਈ। ਪਰ ਉਸ ਸਮੇਂ ਵਾਪਰੇ ਸਿੱਖ-ਨਿਰੰਕਾਰੀ ਝਗੜੇ (1978) ਨੇ ਰਾਜ ਤੇ ਪਾਰਟੀ ਵਿੱਚ ਉੱਭਰ ਰਹੇ ਇਸ ਵਰਤਾਰੇ ਨੂੰ ਵੱਡੀ ਢਾਹ ਲਾਈ ਅਤੇ ਇਸ ਤੋਂ ਬਾਅਦ ਪੰਜਾਬ ਤਕਰੀਬਨ 15 ਸਾਲ ਹਨੇਰ ਕੋਠੜੀ ਵੱਲ ਧੱਕਿਆ ਗਿਆ, ਜਿਸ ਦੇ ਬੁਰੇ ਨਤੀਜੇ ਅੱਜ ਵੀ ਅਸੀਂ ਸਾਰੇ ਭੁਗਤ ਰਹੇ ਹਾਂ। ਭਾਵੇਂ ਹਾਲਾਤ ਠੀਕ ਹੋਣ ਤੋਂ ਬਾਅਦ ਪੰਜਾਬ ਦਾ ਰਾਜਨੀਤਕ ਤੰਤਰ ਲੀਹਾਂ 'ਤੇ ਆ ਗਿਆ, ਪਰ ਇਸ ਦੀ ਮਾਰ ਤੋਂ ਪਿੱਛੋਂ ਬਣੀਆਂ ਸਰਕਾਰਾਂ ਦੀਆਂ ਬੇਨਿਯਮੀਆਂ ਤੇ ਬੇਈਮਾਨੀਆਂ ਨੇ ਪੰਜਾਬ ਲਈ ਬਹੁਤ ਵੱਡੇ ਸਵਾਲ ਪੈਦਾ ਕਰ ਦਿੱਤੇ ਹਨ। ਪੰਜਾਬ ਦੇ ਹਾਲਾਤ ਠੀਕ ਹੋਣ ਤੋਂ ਬਾਅਦ ਪਿਛਲੇ 30 ਸਾਲਾਂ 'ਚ ਅਕਾਲੀ ਦਲ ਨੇ ਤਿੰਨ ਵਾਰੀ ਗੱਠਜੋੜ ਸਰਕਾਰਾਂ ਬਣਾਈਆਂ। 1997 ਦੀਆਂ ਚੋਣਾਂ 'ਚ ਪਾਰਟੀ ਨੇ ਕੁੱਲ ਲੜੀਆਂ 94 ਸੀਟਾਂ 'ਚੋਂ 75 ਸੀਟਾਂ ਤੇ 37.6 ਫ਼ੀਸਦੀ ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਬਾਅਦ 2007 'ਚ 37.1 ਫ਼ੀਸਦੀ ਵੋਟਾਂ ਲੈ ਕੇ ਕੇਵਲ 49 ਸੀਟਾਂ ਹੀ ਜਿੱਤ ਸਕੀ। ਪਾਰਟੀ ਦੀ ਸਭ ਤੋਂ ਵੱਡੀ ਕਾਮਯਾਬੀ 2012 'ਚ ਹੋਈ, ਜਦੋਂ ਉਸ ਨੇ ਦੂਸਰੀ ਵਾਰੀ ਚੋਣ ਜਿੱਤ ਕੇ ਇਤਿਹਾਸ ਸਿਰਜਿਆ। ਪਾਰਟੀ ਨੇ ਇਨ੍ਹਾਂ ਚੋਣਾਂ 'ਚ ਕੁਲ ਪਈਆਂ ਵੋਟਾਂ ਦਾ 35 ਫ਼ੀਸਦੀ ਲੈ ਕੇ 56 ਸੀਟਾਂ ਜਿੱਤੀਆਂ ਤੇ ਦੁਬਾਰਾ ਗੱਠਜੋੜ ਦੀ ਸਰਕਾਰ ਬਣਾਈ। ਇਸ ਤੋਂ ਬਾਅਦ ਪਾਰਟੀ ਦੇ ਰਾਜਨੀਤਕ ਕੱਦ 'ਚ ਬਹੁਤ ਗਿਰਾਵਟ ਆਈ ਅਤੇ ਇਹ 2017 ਤੇ 2022 'ਚ ਕ੍ਰਮਵਾਰ 15 ਤੇ 3 ਸੀਟਾਂ ਹੀ ਜਿੱਤ ਸਕੀ। 2017 'ਚ ਵਿਰੋਧੀ ਧਿਰ ਦੀ ਕਮਾਨ ਨਵੀਂ ਉੱਭਰੀ ਆਮ ਆਦਮੀ ਪਾਰਟੀ ਪਾਸ ਚਲੀ ਗਈ। ਇਸ ਸਾਰੇ ਵਰਤਾਰੇ ਦਾ ਕਾਰਨ ਪਾਰਟੀ ਦਾ ਆਪਣੇ ਮੁਢਲੇ ਉਦੇਸ਼ਾਂ ਤੋਂ ਲਾਂਭੇ ਹੋਣਾ ਤੇ ਸਮਰੱਥ ਪਾਰਟੀ ਲੀਡਰਸ਼ਿਪ ਦੀ ਘਾਟ ਦੇ ਨਾਲ-ਨਾਲ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਵਿੱਚ ਆਈ ਕਮੀ ਹੈ।

ਅਸਲ 'ਚ ਅਕਾਲੀ ਦਲ ਦਾ ਨਿਘਾਰ ਪ੍ਰਕਾਸ਼ ਸਿੰਘ ਬਾਦਲ ਦੀ ਅਕਾਲੀ ਦਲ 'ਚ ਲੀਡਰਸ਼ਿਪ ਦੇ ਕਮਜ਼ੋਰ ਹੋਣ ਅਤੇ ਬਹੁਤ ਸਾਰੇ ਸੀਨੀਅਰ ਤੇ ਤਜਰਬੇਕਾਰ ਲੀਡਰਾਂ ਦੇ ਪਾਰਟੀ ਤੋਂ ਲਾਂਭੇ ਹੋਣ ਕਰਕੇ ਹੋਇਆ ਹੈ। ਇਸ ਦੇ ਨਾਲ ਹੀ ਪਾਰਟੀ ਦੀ ਮੂਲ ਭਾਵਨਾ ਜਿਸ ਦੀ ਮੌਜੂਦਾ ਲੀਡਰਸ਼ਿਪ ਹੁਣ ਦੁਹਾਈ ਦੇ ਰਹੀ ਹੈ, ਕਾਫ਼ੀ ਹੱਦ ਤਕ ਕਮਜ਼ੋਰ ਹੋਈ ਹੈ, ਕਿਉਂਕਿ ਪਾਰਟੀ 'ਚ ਪਿਛਲੇ ਸਮੇਂ ਤੋਂ ਸੰਜੀਦਾ ਕੇਡਰ ਦੀ ਜਗ੍ਹਾ ਨਵਾਂ ਸੱਭਿਆਚਾਰ ਤਕੜਾ ਹੋਇਆ ਹੈ। ਇਸ ਨਵੇਂ ਸੱਭਿਆਚਾਰ 'ਚ ਪਾਰਟੀ ਦੇ 2007-17 ਦੇ ਰਾਜ ਸਮੇਂ ਸ਼ਾਮਿਲ ਹੋਏ ਕਮਜ਼ੋਰ ਇਖ਼ਲਾਕ ਵਾਲੇ ਵਰਕਰਾਂ ਤੇ ਨੇਤਾਵਾਂ ਕਰਕੇ ਹੈ। ਇਸ ਦੇ ਨਾਲ ਹੀ ਪਾਰਟੀ ਵੱਲੋਂ ਦਮਨਕਾਰੀ ਸ਼ਾਸਕਾਂ ਦੇ ਖ਼ਿਲਾਫ਼ ਲੜਨ ਦੀ ਬਜਾਏ ਉਨ੍ਹਾਂ ਨਾਲ ਪਾਈ ਭਾਈਵਾਲੀ ਨੇ ਵੀ ਇਸ ਨੂੰ ਪੰਜਾਬ ਦੇ ਲੋਕਾਂ ਦੀਆਂ ਨਜ਼ਰਾਂ 'ਚੋਂ ਲਾਂਭੇ ਕੀਤਾ ਹੈ। ਭਾਵੇਂ ਪਾਰਟੀ ਦੇ ਪ੍ਰਧਾਨ ਨੇ ਹੁਣੇ ਜਿਹੇ ਅਕਾਲੀ ਰਾਜ 'ਚ ਹੋਈਆਂ ਕੁਝ ਗ਼ਲਤੀਆਂ ਦੀ ਮੁਆਫ਼ੀ ਮੰਗੀ ਹੈ, ਪਰ ਇਹ ਦੇਖਣ ਵਾਲੀ ਗੱਲ ਹੋਵੇਗੀ ਕਿ ਇਸ ਦਾ ਕਿੰਨਾ ਕੁ ਅਸਰ ਹੁੰਦਾ ਹੈ। ਅਸਲ 'ਚ ਪਿਛਲੇ 25 ਸਾਲਾਂ ਤੋਂ ਤੇ ਖ਼ਾਸ ਕਰਕੇ 2007 ਤੋਂ ਬਾਅਦ ਲੀਡਰਸ਼ਿਪ ਦੇ ਅਕਸ ਨੂੰ ਕਾਫ਼ੀ ਧੱਕਾ ਲੱਗਾ ਹੈ। ਮੌਜੂਦਾ ਸਮੇਂ 'ਚ ਦੇਸ਼ ਦੇ ਹਾਲਾਤ ਨੂੰ ਦੇਖ ਕੇ ਲਗਦਾ ਹੈ ਕਿ ਰਾਜਾਂ 'ਚ ਖੇਤਰੀ ਪਾਰਟੀਆਂ ਦੀ ਮਜ਼ਬੂਤੀ ਬਹੁਤ ਅਹਿਮ ਹੈ। ਪੰਜਾਬ ਇੱਕ ਉਹ ਰਾਜ ਹੈ, ਜਿਸ ਨੇ ਹਮੇਸ਼ਾ ਹੀ ਦਿੱਲੀ ਦਰਬਾਰ ਦੀਆਂ ਵਧੀਕੀਆਂ ਖ਼ਿਲਾਫ਼ ਲੜਾਈ ਲੜੀ ਹੈ। ਅਕਾਲੀ ਦਲ ਦਾ ਕੁਰਬਾਨੀਆਂ ਭਰਿਆ ਤੇ ਗੌਰਵਮਈ ਇਤਿਹਾਸ ਹੈ। ਇਸ ਦਾ ਮੁੱਖ ਕਾਰਨ ਭਰੋਸੇਯੋਗ ਤੇ ਇਮਾਨਦਾਰ ਲੀਡਰਸ਼ਿਪ ਸੀ। ਇਸ ਤੋਂ ਸਾਫ ਹੈ ਕਿ ਜੇ ਅਕਾਲੀ ਦਲ ਨੇ ਦੁਬਾਰਾ ਰਾਜਨੀਤੀ 'ਚ ਸਾਰਥਿਕ ਹੋਣਾ ਹੈ ਤਾਂ ਇਸ ਦੀ ਲੀਡਰਸ਼ਿਪ ਨੂੰ ਪਿਛਲੇ ਸਮੇਂ 'ਚ ਕੀਤੀਆਂ ਗ਼ਲਤੀਆਂ ਦੀ ਜਨਤਕ ਤੌਰ 'ਤੇ ਪੰਜਾਬ ਦੇ ਲੋਕਾਂ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ 'ਚ ਭਰੋਸਾ ਪੈਦਾ ਕਰਨਾ ਪਵੇਗਾ ਕਿ ਭਵਿੱਖ 'ਚ ਉਹ ਪੰਜਾਬ ਦੇ ਲੋਕਾਂ ਦੇ ਮਸਲਿਆਂ ਨੂੰ ਤਰਜੀਹ ਦੇਣਗੇ ਨਾ ਕਿ ਕੁਝ ਪਰਿਵਾਰਾਂ ਅਤੇ ਉਨ੍ਹਾਂ ਦੇ ਹਿਤਾਂ ਨੂੰ। ਇਹ ਕੰਮ ਭਾਵੇਂ ਕਾਫੀ ਮੁਸ਼ਕਿਲ ਹੈ ਪਰ ਅਸੰਭਵ ਨਹੀਂ, ਕਿਉਂਕਿ ਅਜੇ ਵੀ ਅਕਾਲੀ ਦਲ ਦੇ ਪਾਸ ਰਾਜਨੀਤੀ 'ਚ ਵਾਪਸ ਸਾਰਥਕ ਹੋਣ ਲਈ ਲੋਕ ਆਧਾਰ ਕਾਇਮ ਹੈ।

***

## ਨਵੀਂ ਤਕਨਾਲੋਜੀ ਨਾਲ

ਇੱਕ ਹੋਰ ਵਿਚਾਰ ਜੋ ਪੱਛਮ ਵਿੱਚ ਵੀ ਸ਼ੁਰੂ ਹੋ ਰਿਹਾ ਹੈ ਉਹ ਹੈ ਆਪਣੇ ਖੁਦ ਦੇ ਛੋਟੇ, ਸਸਤੇ ਮਾਡਲਾਂ ਨੂੰ ਬਣਾਉਣਾ। ਸੂਰਜ ਦੇ ਹੇਠਾਂ ਹਰ ਬਿੱਟ ਜਾਣਕਾਰੀ ਪ੍ਰਾਪਤ ਕਰਨ ਦੀ ਯੋਗਤਾ ਦੀ ਬਜਾਏ ਸਮਰੱਥਾਵਾਂ ਦਾ ਇੱਕ ਛੋਟਾ ਸਮੂਹ ਖਾਸ ਜ਼ਰੂਰਤਾਂ ਨੂੰ ਠੀਕ ਕਰ ਸਕਦਾ ਹੈ। ਇੱਕ ਮੈਡੀਕਲ ਏਆਈ ਨੂੰ ਵਿਲੀਅਮ ਸ਼ੇਕਸਪੀਅਰ ਦੀ ਸ਼ੈਲੀ ਵਿੱਚ ਮਨੋਰੰਜਕ ਲਿਮਰਿਕਸ ਪੈਦਾ ਕਰਨ ਦੀ ਲੋੜ ਨਹੀਂ ਹੈ, ਜਿਵੇਂ ਕਿ ਚੈਟ ਜੀਪੀਟੀ ਸਫਲਤਾਪੂਰਵਕ ਕਰਦਾ ਹੈ। ਇਸ ਲਈ ਅਜੇ ਵੀ ਕੰਪਿਊਟਿੰਗ ਪਾਵਰ ਅਤੇ ਬੇਸਪੋਕ ਡੇਟਾ ਸੈੱਟਾਂ ਦੀ ਲੋੜ ਹੈ। ਪਰ ਇਹ ਇਹ ਏ ਆਈ ਨੂੰ ਹੋਰ ਵਿਭਿੰਨ ਅਤੇ ਉਪਯੋਗੀ ਤਰੀਕਿਆਂ ਨਾਲ ਅਨੁਕੂਲ ਬਣਾਉਣ ਵਿੱਚ ਮਦਦ ਕਰ ਸਕਦਾ ਹੈ। ਚੰਗੀ ਖ਼ਬਰ ਇਹ ਹੈ ਕਿ ਏਆਈ ਦੇ ਪ੍ਰਸਾਰ ਨੂੰ ਤੇਜ਼ ਕਰਨ ਲਈ ਨਿਵੇਸ਼ਾਂ ਨੂੰ ਭਰਪੂਰ ਇਨਾਮ ਦਿੱਤਾ ਜਾਵੇਗਾ। ਏਆਈ ਕ੍ਰਾਂਤੀ ਬਾਰੇ ਬਹੁਤ ਕੁਝ ਅਜੇ ਵੀ ਅਨਿਸ਼ਚਿਤ ਹੈ, ਪਰ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਤਕਨਾਲੋਜੀ ਦੇ ਬਹੁਤ ਸਾਰੇ ਉਪਯੋਗ ਹੋਣਗੇ ਅਤੇ ਇਹ ਸਿਰਫ ਬਿਹਤਰ ਹੋਵੇਗਾ। ਉਭਰਦੇ ਦੇਸ਼ਾਂ ਨੂੰ ਪਹਿਲਾਂ ਵੀ ਨਿਰਾਸ਼ਾ ਝੱਲਣੀ ਪਈ ਹੈ। ਇਸ ਵਾਰ ਉਨ੍ਹਾਂ ਕੋਲ ਇੱਕ ਸ਼ਾਨਦਾਰ ਮੌਕਾ ਹੈ-ਅਤੇ ਇਸ ਨੂੰ ਹਾਸਲ ਕਰਨ ਦੀ ਸ਼ਕਤੀ ਵੀ।

***

## ਅੱਕੇ-ਥੱਕੇ ਲੋਕ, ਕੀ ਨਿਰਣਾ

ਸਰਕਾਰ ਬਹੁਚਰਚਿਤ ਨਾਗਰਿਕਤਾ ਕਾਨੂੰਨ ਨੂੰ ਚੋਣਾਂ ਤੋਂ ਪਹਿਲਾਂ ਲਾਗੂ ਕਰਨ ਲਈ ਦ੍ਰਿੜ ਹੈ, ਜਿਸ ਨਾਲ ਦੇਸ 'ਚ ਇੱਕ ਵਰਗ ਦੇ ਲੋਕਾਂ 'ਚ ਨਿਰਾਸ਼ਤਾ ਵਧੇਗੀ। ਸਰਕਾਰ ਵਲੋਂ ਚੋਣਾਂ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਪੀ ਵੀ ਨਰਸਿਮ੍ਹਾ ਰਾਓ, ਚੌਧਰੀ ਚਰਨ ਸਿੰਘ ਅਤੇ ਖੇਤੀ ਵਿਗਿਆਨੀ ਐਸ.ਐਸ. ਸਵਾਮੀਨਾਥਨ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਹੈ। ਕੁਝ ਸਮਾਂ ਪਹਿਲਾਂ ਭਾਜਪਾ ਨੇਤਾ ਐਲ.ਕੇ.ਅਡਵਾਨੀ ਅਤੇ ਸੋਸ਼ਲਿਸਟ ਆਗੂ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦਿੱਤਾ ਗਿਆ। ਇਸਦਾ ਮਨੋਰਥ ਸਿਆਸੀ ਲਾਹਾ ਲੈਣਾ ਸਮਝਿਆ ਜਾ ਰਿਹਾ ਹੈ।

ਹੁਣ ਜਦੋਂ ਦੇਸ਼ ਦੀ ਹਾਕਮ ਧਿਰ ਨੇ ਨਰੇਂਦਰ ਮੋਦੀ ਨੂੰ ਹੀਰੋ ਬਣਾਕੇ ਪੇਸ਼ ਕੀਤਾ ਹੈ, ਅਤੇ ਉਸ ਵੱਲੋਂ ਅਤੇ ਉਸਦੀ ਪਾਰਟੀ ਵੱਲੋਂ ਧਰਮ ਦੇ ਨਾਮ ਤੇ ਧਰੁਵੀਕਰਨ ਦੀ ਨੀਤੀ ਤਹਿਤ ਦੇਸ਼ ਵਿੱਚ ਇੱਕ ਅਜੀਬ ਕਿਸਮ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ ਤਾਂ ਦੇਸ਼ ਦੇ ਬਹੁਤੇ ਰਾਜ ਨੇਤਾ, ਰਾਜਨੀਤਕ ਪੰਡਿਤ, ਸਰਵੇਖਣ ਕਰਨ ਵਾਲੇ, ਸਾਰੇ ਇਹ ਕਹਿਣ ਲੱਗ ਪਏ ਹਨ ਕਿ ਨਰੇਂਦਰ ਮੋਦੀ ਨੂੰ ਹਰਾਉਣਾ ਮੁਸ਼ਕਿਲ ਨਹੀਂ, ਨਾਮੁਮਕਿਨ ਹੈ।

ਪਰ 2004 ਦੀਆਂ ਚੋਣਾਂ ਵੱਲ ਜੇਕਰ ਝਾਤੀ ਮਾਰੀਏ ਤਾਂ ਉਸ ਵੇਲੇ ਵੀ ਸਥਿਤੀ ਇਹੋ ਜਿਹੀ ਸੀ ਕਿ ਅਟਲ ਬਿਹਾਰੀ ਵਾਜਪਾਈ (ਭਾਜਪਾ) ਨੂੰ ਸੋਨੀਆ ਗਾਂਧੀ (ਕਾਂਗਰਸ) ਹਰਾ ਨਹੀਂ ਸਕੇਗੀ। ਪਰ ਜਦੋਂ ਨਤੀਜਾ ਨਿਕਲਿਆ ਤਾਂ ਸਾਰੇ ਹੈਰਾਨ ਰਹਿ ਗਏ। ਚੋਣਾਂ ਵਿੱਚ ਬਹੁਤੀ ਵੇਰ ਹੈਰਾਨ ਕੁੰਨ ਨਤੀਜੇ ਵੇਖਣ ਨੂੰ ਮਿਲਦੇ ਹਨ।

ਦੇਸ਼ ਦੇ ਲੋਕ ਧਾਰਮਿਕ ਸੰਕੀਰਨਤਾ, ਦੇਸ਼ ਦੇ ਸੰਵਿਧਾਨ ਦੇ ਉਲਟ ਅਤੇ ਦੇਸ਼ ਨੂੰ ਧੰਨ ਕੁਬੇਰਾਂ ਦੇ ਹੱਥ ਸੌਂਪਣ ਦੀਆਂ ਕਾਰਵਾਈਆਂ ਤੋਂ ਅੱਕੇ-ਥੱਕੇ ਆਪਣੇ ਨਾਲ ਹੋ ਰਹੀਂ ਬੇਇਨਸਾਫੀ, ਸਿਆਸੀ ਚਾਲਾਂ ਅਤੇ ਘਾਲੇ ਮਾਲਿਆਂ ਨੂੰ ਸਮਝਕੇ ਹੀ ਆਪਣੀ ਅਗਲੀ ਸਰਕਾਰ ਚੁਣਨ ਨੂੰ ਤਰਜ਼ੀਹ ਦੇਣਗੇ।

***

## ਪਤਝੜ ਦੇ ਫੁੱਲ

ਫੇਰ, ਜਦ ਮੈਂ ਮਿਊਂਸਪੈਲਿਟੀ ਦੇ ਇੱਕ ਨਿੱਕੇ ਜਿਹੇ ਸਕੂਲ ਵਿੱਚ ਪੜ੍ਹਾਉਣ ਲੱਗਾ, ਤਾਂ ਵੇਖਿਆ ਕਿ ਇਹ ਉਥੇ ਲੱਗਾ ਹੋਇਆ ਸੀ। ਬੜੀ ਆਰਾਮ ਦੀ ਨੌਕਰੀ ਸੀ ਉਹ। ਸਵੇਰੇ ਦਸ ਵਜੇ ਤੋਂ ਸ਼ਾਮ ਦੇ ਪੰਜ ਵਜੇ ਤੀਕ ਇਸ ਨੂੰ ਕੰਮ ਕਰਨਾ ਪੈਂਦਾ ਸੀ, ਤੇ ਉਹ ਵੀ ਕਿਸੇ-ਕਿਸੇ ਵੇਲੇ। ਉਹ ਕੰਮ ਕੀ ਸੀ ? ਸਕੂਲ ਦੇ ਕੰਪਾਊਂਡ ਵਿੱਚ ਦੋ ਵਾਰ ਝਾੜੂ ਲਾਉਣਾ, ਛੁੱਟੀ ਹੋਣ ਪਿੱਛੋਂ ਸਕੂਲ ਦੇ ਕਮਰਿਆਂ ਨੂੰ ਸਾਫ ਕਰਨਾ, ਦਿਨ ਵੇਲੇ ਵਿਦਿਆਰਥੀਆਂ ਦੇ ਪੀਣ ਲਈ ਪਾਣੀ ਦੇ ਡਰੱਮ ਭਰਨੇ, ਤੇ ਅਜਿਹੇ ਹੋਰ ਛੋਟੇ-ਮੋਟੇ ਕੰਮ। ਸਕੂਲ ਦੇ ਪਿਛਵਾੜੇ ਹੀ ਇਹ ਆਪਣੀ ਮਾਂ ਨਾਲ ਟੀਨ ਦੀ ਬਣੀ ਛੋਟੀ ਜਿਹੀ ਕੋਠੜੀ ਵਿੱਚ ਰਹਿੰਦਾ ਸੀ, ਜੋ ਸਕੂਲ ਵੱਲੋਂ ਇਨ੍ਹਾਂ ਨੂੰ ਦਿੱਤੀ ਗਈ ਸੀ। ਕਦੇ ਕੋਈ ਕੰਮ ਨਾ ਹੁੰਦਾ, ਤਾਂ ਇਹ ਬੈਠਾ-ਬੈਠਾ ਅੱਕ ਜਾਂਦਾ। ਤਦ ਕਦੇ ਇਸ ਦੀ ਛੋਟੀ ਭੈਣ ਉਥੇ ਆ ਜਾਂਦੀ ਤੇ ਇਹ ਉਸ ਨਾਲ ਖੇਡਣ ਲਗਦਾ। ਜਾਂ ਕਦੇ ਇਹ ਆਪਣਾ ਖਜ਼ਾਨਾ ਖੋਲ੍ਹ ਬਹਿੰਦਾ- ਰੰਗ-ਬਿਰੰਗੇ ਕਾਗਜ਼ਾਂ ਦੇ ਟੁਕੜੇ, ਟੁੱਟੀਆਂ ਹੋਈਆਂ ਨਿੱਬਾਂ, ਗੋਲੀਆਂ, ਪੱਥਰ ਤੇ ਹੋਰ ਅਜਿਹੀਆਂ ਚੀਜ਼ਾਂ। ਪਰ ਜਦ ਦੁਪਹਿਰ ਦੀ ਛੁੱਟੀ ਹੁੰਦੀ, ਤੇ ਮੁੰਡੇ-ਕੁੜੀਆਂ ਰੌਲਾ ਪਾਉਂਦੇ ਹੋਏ ਜਮਾਤਾਂ 'ਚੋਂ ਨਿਕਲਦੇ ਤੇ ਖੇਡਣ ਵਿੱਚ ਰੁਝ ਜਾਂਦੇ, ਤਾਂ ਇਹ ਇਕ ਪਾਸੇ ਨਿੱਕੇ ਜਿਹੇ ਸਟੂਲ 'ਤੇ ਬੈਠਾ ਉਨ੍ਹਾਂ ਨੂੰ ਵੇਖਦਾ ਰਹਿੰਦਾ। ਇਸ ਤੋਂ ਪਹਿਲਾਂ ਉਸ ਸਕੂਲ ਵਿਚ ਇਕ ਹੋਰ ਨੌਕਰ ਸੀ, ਜੋ ਸੁਣਿਆਂ ਸੀ ਕਿ ਉਥੇ ਚਾਲੀ ਵਰ੍ਹੇ ਨੌਕਰੀ 'ਤੇ ਰਿਹਾ ਸੀ, ਤੇ ਜੇ ਇਕ ਦੁਰਘਟਨਾ ਵਿੱਚ ਮਾਰਿਆ ਨਾ ਜਾਂਦਾ, ਤਾਂ ਉਸ ਨੇ ਅਜੇ ਹੋਰ ਪੰਜ-ਛੇ ਵਰ੍ਹੇ ਨੌਕਰੀ ਕਰਕੇ ਰਿਟਾਇਰ ਹੋਣਾ ਸੀ। ਉਸ ਦੇ ਮਰਨ ਪਿੱਛੋਂ ਉਸ ਦੀ ਥਾਂ ਇਹ ਆਇਆ ਸੀ ਤੇ ਮੈਂ ਸੋਚਦਾ ਸਾਂ ਕਿ ਹੁਣ ਇਹ ਵੀ ਓਸੇ ਵਾਂਗ ਸਕੂਲ ਵਿੱਚ ਝਾੜੂ ਦਿੰਦਾ, ਪਾਣੀ ਭਰਦਾ ਤੇ ਮਾਸਟਰਾਂ ਲਈ ਬਜ਼ਾਰ ਤੋਂ ਪਾਨ ਤੇ ਸਿਗਰਟਾਂ ਲਿਆਉਂਦਾ ਇਥੇ ਚਾਲੀ ਵਰ੍ਹੇ ਕੱਟ ਦਏਗਾ। ਪਰ ਨਹੀਂ, ਇਹ ਉਥੇ ਵਧੇਰੇ ਚਿਰ ਨਹੀਂ ਸੀ ਰਿਹਾ। ਇਸ ਨੂੰ ਕੱਢ ਦਿੱਤਾ ਗਿਆ ਸੀ, ਕਿਉਂਕਿ ਹੈਡਮਾਸਟਰ ਕੋਲ ਇਸ ਦੀਆਂ ਕਈ ਵਾਰ ਸ਼ਿਕਾਇਤਾਂ ਪੁੱਜ ਚੁੱਕੀਆਂ ਹਨ ਕਿ ਇਹ ਕੰਮ ਕਰਨ ਦੀ ਥਾਂ ਸਕੂਲ ਦੇ ਵਿਦਿਆਰਥੀਆਂ ਨਾਲ ਖੇਡਦਾ ਰਹਿੰਦਾ ਹੈ।

ਤੇ ਫੇਰ, ਮੈਂ ਇਸ ਨੂੰ ਤਦ ਵੇਖਿਆ, ਜਦ ਇਹ ਸਟੇਸ਼ਨਾਂ ਦੇ ਪਲੇਟਫਾਰਮਾਂ 'ਤੇ ਹੱਥ ਵਿੱਚ ਪਾਲਸ਼ ਦੀਆਂ ਡੱਬੀਆਂ ਤੇ ਬੁਰਸ਼ ਫੜੀ ਬੂਟ-ਪਾਲਿਸ਼ ਕਰਿਆ ਕਰਦਾ ਸੀ। ਤੇ ਫੇਰ, ਮੈਂ ਇਸ ਨੂੰ ਤਦ ਵੇਖਿਆ, ਜਦ ਇਹ ਲੋਕਲ ਗੱਡੀਆਂ ਵਿੱਚ ਪੇਪਰਮਿੰਟਾਂ ਤੇ ਟਾਫੀਆਂ ਵੇਚਿਆ ਕਰਦਾ ਸੀ। ਜਾਂ ਫੇਰ, ਮੈਂ ਇਸ ਨੂੰ ਤਦ ਵੇਖਿਆ ਸੀ;

ਬਚਪਨ ਦੇ ਇਹ ਕਿੰਨੇ ਵੱਖ-ਵੱਖ ਰੂਪ ਸਨ !

ਪਰ ਇਸ ਚੌਕ ਵਿੱਚ ਖਲੋ ਕੇ ਇਸ ਨੂੰ ਕੰਘੀਆਂ ਵੇਚਦਿਆਂ ਮੈਂ ਕਾਫੀ ਚਿਰ ਤੋਂ ਵੇਖ ਰਿਹਾ ਸਾਂ, ਤੇ ਸੋਚਦਾ ਸਾਂ ਕਿ ਬਚਪਨ, ਜੋ ਜਵਾਨੀ ਦੀ ਦਲ੍ਹੀਜ਼ 'ਤੇ ਪੈਰ ਰੱਖ ਰਿਹਾ ਸੀ, ਅੱਜ ਕਿਨ੍ਹਾਂ ਰਾਹਾਂ ਤੋਂ ਲੰਘ ਰਿਹਾ ਹੈ! ਬਚਪਨ ਦਾ ਇਹ ਫੁੱਲ ਅੱਜ ਕਿਸ ਵਾਯੂ-ਮੰਡਲ ਵਿਚ ਖਿੜਿਆ ਹੈ ? ਪਰ ਇਹ ਫੁੱਲ ਵਧੇਰੇ ਚਿਰ ਖਿੜਿਆ ਨਾ ਰਹਿ ਸਕਿਆ। ਜਵਾਨੀ ਦੀ ਦਲ੍ਹੀਜ਼ 'ਤੇ ਪੈਰ ਰੱਖਦਿਆਂ ਹੀ ਇਹ ਇਕ ਅੰਨ੍ਹੀ ਗੋਲੀ ਦਾ ਨਿਸ਼ਾਨਾ ਬਣ ਕੇ ਮੌਤ ਦੀ ਹਨੇਰੀ ਖੱਡ ਵਿੱਚ ਢਹਿ ਪਿਆ। ਤੇ ਮੇਰੇ ਬੁੱਲ੍ਹਾਂ 'ਤੇ ਮੁੜ-ਮੁੜ ਕੇ ਸਪੈਂਡਰ ਦੀ ਕਵਿਤਾ ਆਉਂਦੀ ਹੈ ਕਿ ਬਹਾਰ ਦੀ ਇਕ ਰੁੱਤੇ, ਬੰਦੂਕਾਂ ਗੋਲੀਆਂ ਦੀ ਜ਼ਬਾਨ ਨਾਲ ਗੱਲਾਂ ਕਰ ਰਹੀਆਂ ਸਨ। ਪਰ ਉਹ ਮੁੰਡਾ, ਜੋ ਅੰਜੀਰ ਦੇ ਬਿਰਛ ਥੱਲੇ ਮੋਇਆ ਪਿਆ ਹੈ, ਅਜੇ ਏਨਾ ਛੋਟਾ ਤੇ ਏਨਾ ਅਨਜਾਣ ਸੀ ਕਿ ਬੰਦੂਕ ਦੀਆਂ ਅੱਖਾਂ ਵਿੱਚ ਰੜਕ ਤਕ ਨਹੀਂ ਸੀ ਸਕਦਾ। ਉਹ ਤਾਂ ਸਿਰਫ ਚੁੰਮਣ ਦੇ ਯੋਗ ਬੱਚਾ ਸੀ। ਜਦ ਉਹ ਜਿਊਂਦਾ ਸੀ, ਤਾਂ ਫੈਕਟਰੀਆਂ ਦੇ ਘੁੱਗੂਆਂ ਨੇ ਉਸ ਨੂੰ ਕਦੇ ਨਹੀਂ ਬੁਲਾਇਆ, ਨਾ ਹੀ ਹੋਟਲਾਂ ਦੇ ਬੂਹੇ ਉਸ ਲਈ ਖੁੱਲ੍ਹੇ। ਉਸ ਦਾ ਨਾਂ ਕਦੇ ਅਖਬਾਰਾਂ ਵਿੱਚ ਨਹੀਂ ਛਪਿਆ। ਦੁਨੀਆਂ ਦੀ ਕੰਧ ਓਸੇ ਤਰ੍ਹਾਂ ਖਲੋਤੀ ਰਹੀ, ਜਦ ਕਿ ਉਸ ਦੀ ਜ਼ਿੰਦਗੀ ਸੱਟਾ ਬਜ਼ਾਰ ਦੀ ਕਿਸੇ ਅਫਵਾਹ ਵਾਂਗ ਭਟਕਦੀ ਰਹੀ। ਤੇ ਵੇਖੋ, ਉਸ ਮੁੰਡੇ ਦੀ ਬੇਮੁੱਲੀ ਜ਼ਿੰਦਗੀ ਨੂੰ ਵੇਖੋ-ਹੋਟਲਾਂ ਦੇ ਹਿਸਾਬ ਤੇ ਫਾਈਲਾਂ ਦੇ ਨੁਕਤੇ ਤੋਂ ਬੇਮੁੱਲੀ ਜ਼ਿੰਦਗੀ। ਦਸ ਹਜ਼ਾਰ ਗੋਲੀਆਂ 'ਚੋਂ ਇਕ ਗੋਲੀ ਆਦਮੀ ਨੂੰ ਮਾਰਦੀ ਹੈ, ਪਰ ਮੈਂ ਪੁੱਛਦਾ ਹਾਂ ਕਿ ਅੰਜੀਰ ਦੇ ਬਿਰਛ ਥੱਲੇ ਮੋਏ ਪਏ ਇਕ ਏਨੇ ਛੋਟੇ ਤੇ ਇੰਨੇ ਅਨਜਾਣ ਬੱਚੇ ਦੀ ਮੌਤ ਲਈ ਕੀ ਏਨਾ ਸਾਰਾ ਖਰਚ ਜਾਇਜ਼ ਸੀ ?

***

## ਕੰਨਾਂ 'ਚ ਹੁਣ ਤੱਕ ਰਸ

ਸਰਦੂਲ ਸਿਕੰਦਰ ਤੇ ਅਮਰ ਨੂਰੀ ਵੀ ਸਰੋਤਿਆਂ ਦੀ ਕਸਵੱਟੀ 'ਤੇ ਖਰੇ ਉਤਰੇ। ਕੇ ਦੀਪ ਤੇ ਜਗਮੋਹਨ ਦੀ ਕਾਮੇਡੀ (ਮਾਈ ਮੋਹਣੋ) ਤੇ ਗੀਤ ਵੀ ਸਰੋਤੇ ਪਸੰਦ ਕਰਦੇ ਸਨ, ਜਿਵੇਂ 'ਬਾਬਾ ਵੇ ਕਲਾ ਮਰੋੜ', 'ਨੀਂ ਨਿੱਕੀਏ ਲਾ ਦੇ ਜ਼ੋਰ' ਜਾਂ ਖ਼ਾਸ ਤੌਰ 'ਤੇ ਜਗਮੋਹਨ ਦਾ 'ਬਾਪੂ ਵੇ ਅੱਡ ਹੁੰਨੀ ਆਂ।' ਇਵੇਂ ਹੀ ਦੀਦਾਰ ਸੰਧੂ, ਕਰਨੈਲ ਗਿੱਲ, ਕਰਮਜੀਤ ਧੂਰੀ, ਹਰਚਰਨ ਗਰੇਵਾਲ, ਸਨੇਹ ਲਤਾ, ਸਵਰਨ ਲਤਾ, ਸੀਮਾ ਆਦਿ ਦਾ ਵੀ ਬੋਲਬਾਲਾ ਰਿਹਾ। ਸੁਰਿੰਦਰ ਛਿੰਦਾ ਤੇ ਪੋਹਲੀ ਵੀ 'ਕੱਲੇ ਜਾਂ ਦੂਸਰੀਆਂ ਗਾਇਕਾਵਾਂ ਨਾਲ ਗਾਉਂਦੇ ਰਹੇ। ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੇ ਗੀਤਾਂ ਦੀ ਵੀ ਪੂਰੀ ਚੜ੍ਹਤ ਰਹੀ। ਚਮਕੀਲੇ ਨੂੰ ਅੱਜ ਵੀ ਲੋਕ ਸੁਣਦੇ ਹਨ।

ਸੰਗੀਤਕਾਰਾਂ ਤੇ ਰਿਕਾਰਡਿੰਗ ਕੰਪਨੀਆਂ ਦੇ ਯੋਗਦਾਨ ਨੂੰ ਵੀ ਭੁੱਲਣਾ ਠੀਕ ਨਹੀਂ ਹੋਵੇਗਾ ਤੇ ਵਿਸ਼ੇਸ਼ ਤੌਰ 'ਤੇ ਜਸਵੰਤ ਭੰਵਰਾ ਤੇ ਦਿੱਲੀ, ਲੁਧਿਆਣਾ ਰਿਕਾਰਡਿੰਗ ਕੇਂਦਰਾਂ ਨੂੰ। ਇਵੇਂ ਹੀ ਗੀਤਕਾਰਾਂ ਤੋਂ ਵਗੈਰ ਵੀ ਗਾਇਕੀ ਕਿੰਝ ਪੂਰ ਚੜ੍ਹੇਗੀ। ਗੀਤਕਾਰੀ ਵਿੱਚ ਪ੍ਰਮੁੱਖ ਹਨ, ਨੰਦ ਲਾਲ ਨੂਰਪੁਰੀ, ਗੁਰਦੇਵ ਸਿੰਘ ਮਾਨ, ਬਾਬੂ ਸਿੰਘ ਮਾਨ (ਮਰਾੜ੍ਹਾ ਵਾਲਾ), ਦੇਵ ਥਰੀਕੇ ਵਾਲਾ, ਸਾਜਨ ਰਾਏਕੋਟੀ, ਇੰਦਰਜੀਤ ਹਸਨਪੁਰੀ, ਚੰਨ ਗੁਰਾਇਆ ਵਾਲਾ, ਦੀਦਾਰ ਸੰਧੂ, ਦੀਪਕ ਜੈਤੋਈ ਆਦਿ। ਇਹ ਗੀਤਕਾਰ, ਸੰਗੀਤਕਾਰ ਤੇ ਗਾਇਕ ਮਿਲ ਕੇ ਹੀ ਇੱਕ ਸੁਰ ਬਣਦੇ ਹਨ ਮੁਕੰਮਲ ਗੀਤ, ਜਿਸ ਦਾ ਸਰੋਤੇ ਆਨੰਦ ਮਾਣਦੇ ਹਨ। ਗਾਇਕ, ਗਾਇਕਾਵਾਂ ਨੇ ਕਿੱਸਿਆਂ ਨੂੰ ਵੀ ਆਪਣੀ ਆਵਾਜ਼ ਦਿੱਤੀ ਤੇ ਬੀਰ ਰਸੀ ਤੇ ਧਾਰਮਿਕ ਗੀਤਾਂ ਨੂੰ ਵੀ ਆਪਣੇ ਸੁਰ ਦਿੱਤੇ। ਕੁਲਦੀਪ ਮਾਣਕ ਤੇ ਦੇਵ ਥਰੀਕੇਵਾਲਾ ਦੇ ਗੀਤ ਤੇ ਵਿਸ਼ੇਸ਼ ਕਰਕੇ ਕਲੀਆਂ ਨੇ ਸਰੋਤਿਆਂ ਨਾਲ ਬਹੁਤ ਨੇੜਤਾ ਬਣਾਈ। ਮੁਹੰਮਦ ਸਦੀਕ-ਰਣਜੀਤ ਕੌਰ ਦੀ ਜੋੜੀ ਤਾਂ ਬਾਕਮਾਲ ਸੀ ਪਰ ਦੂਸਰੀਆਂ ਕਿਹੜਾ ਕਿਸੇ ਤੋਂ ਘੱਟ ਰਹੀਆਂ। ਸਾਰਿਆਂ ਦੀ ਆਪੋ ਆਪਣੀ ਗਾਇਨ ਸ਼ੈਲੀ ਤੇ ਅੰਦਾਜ਼ ਸੀ। ਕੁਝ ਇੱਕ ਗੀਤਾਂ ਦੇ ਬੋਲ ਲਿਖਣ ਨਾਲ ਹੀ ਸ਼ਾਇਦ ਪਾਠਕਾਂ ਦਾ ਧਿਆਨ ਅਤੀਤ ਵੰਨੀਂ ਚਲਾ ਜਾਵੇਗਾ, 'ਲੱਠੇ ਦੀ ਚਾਦਰ ਉਤੇ ਸਲੇਟੀ ਰੰਗ ਮਾਹੀਆ', 'ਇੱਕ ਤੇਰੀ ਅੱਖ ਕਾਸ਼ਨੀ', 'ਚਿੱਟੀਆਂ ਕਪਾਹ ਦੀਆਂ ਫੁੱਟੀਆਂ', 'ਗੱਲ ਸੋਚ ਕੇ ਕਰੀਂ ਜ਼ੈਲਦਾਰਾ', 'ਗੜਵਾ ਚਾਂਦੀ ਦਾ', 'ਬੋਤਾ ਹੌਲੀ ਤੋਰ ਮਿੱਤਰਾ', 'ਮੋਟਰ ਮਿੱਤਰਾਂ ਦੀ', 'ਮਿੱਤਰਾਂ ਦਾ ਚੱਲਿਆ ਟਰੱਕ ਨੀਂ', 'ਕੁਲਫੀ ਦਾ ਕੀ ਖਾਣਾ, ਚੂਪ ਲੈ ਗੰਨਾ ਨੀਂ', 'ਮਿੱਤਰਾਂ ਦੀ ਲੂਣ ਦੀ ਡਲੀ', 'ਭਾਬੀ ਸਾਗ ਨੂੰ ਨਾ ਜਾਈਂ ਤੇਰਾ ਮੁੰਡਾ ਰੋਊਗਾ', 'ਇੰਝ ਨੀਂ ਕਰੀਂਦੇ ਵੇ ਇੰਝ ਨੀਂ ਕਰੀਂਦੇ', 'ਕਾਲਾ ਡੋਰੀਆ ਕੁੰਡੇ ਨਾਲ', 'ਮਾਂ ਹੁੰਦੀ ਐ ਮਾਂ ਓਏ ਦੁਨੀਆ ਵਾਲਿਓ', 'ਕੀ ਹੋਇਆ ਜੇ ਤੂੰ ਕੁੜੀ ਦਿੱਲੀ ਸ਼ੈਅਰ ਦੀ'। ਬੇਸ਼ੱਕ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਯਮਲਾ ਜੱਟ ਤੇ ਕੁਝ ਹੋਰਨਾਂ ਭਲੇ ਗਾਇਕਾ ਨੇ ਹਮੇਸ਼ਾਂ ਸਾਫ਼ ਸੁਥਰੀ ਗਾਇਕੀ ਨੂੰ ਅੰਜਾਮ ਦਿੱਤਾ ਤੇ ਨਰਿੰਦਰ ਬੀਬਾ, ਗੁਰਮੀਤ ਬਾਵਾ, ਕੋਮਲ ਤੇ ਹੋਰ ਨੇ ਆਪੋ ਆਪਣੇ ਅੰਦਾਜ਼ ਵਿੱਚ ਖੂਬ ਗਾਇਆ ਤੇ ਵਧੀਆ ਗਾਇਆ।

ਇਹ ਸੀ ਅੱਸੀਂਵਿਆਂ ਤੋਂ ਪਹਿਲਾਂ ਦੀ ਗੀਤਕਾਰੀ ਤੇ ਗਾਇਕੀ ਜਿਸ ਨੇ ਸਰੋਤਿਆਂ ਦੇ ਦਿਲਾਂ 'ਤੇ ਰਾਜ ਕੀਤਾ। ਇਸ ਉਪਰੰਤ ਗੀਤਕਾਰੀ ਤੇ ਗਾਇਕੀ ਦੀ ਦਸ਼ਾ ਤੇ ਦਿਸ਼ਾ ਹੀ ਬਦਲ ਗਈ ਜਿਸ ਦਾ ਸਿਹਰਾ ਗੁਰਦਾਸ ਮਾਨ ਨੂੰ ਜਾਂਦਾ ਹੈ ਜਿਸ ਨੇ ਅਖਾੜਾ ਕਲਚਰ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਤੇ ਅਨਪੜ੍ਹ ਅਤੇ ਅੱਧ ਪੜ੍ਹੇ ਸਰੋਤਿਆਂ ਦੇ ਨਾਲ ਨਾਲ ਪੜ੍ਹੇ ਲਿਖਿਆਂ ਦੀ ਸਾਂਝ ਵੀ ਪੰਜਾਬੀ ਗਾਇਕੀ ਨਾਲ ਪੁਆਈ। ਸੁਰਜੀਤ ਬਿੰਦਰੱਖੀਆ ਨੇ ਬੁਲੰਦ ਮੁਕਾਮ ਹਾਸਲ ਕੀਤਾ। ਸਤਿੰਦਰ ਸਰਤਾਜ ਜਿਹੀ ਸਾਫ਼ ਸੁਥਰੀ ਗਾਇਕੀ ਨੂੰ ਮਾਣਨ ਵਾਲੇ ਵੀ ਹਾਲੇ ਜਿਊਂਦੇ ਜਾਗਦੇ ਹਨ। ਪਹਿਲਾਂ ਸਾਡੇ ਕੋਲ ਤਵਿਆਂ ਤੋਂ ਇਲਾਵਾ ਸਾਡੇ ਕੋਲ ਕੈਸੇਟਾਂ ਵੀ ਸਨ, ਸੀਡੀਜ਼ ਵੀ ਅਤੇ ਹੁਣ ਤਾਂ ਸਾਡੇ ਕੋਲ ਵਿਭਿੰਨ ਚੈਨਲ ਵੀ ਹਨ ਤੇ ਯੂ-ਟਿਊਬ ਵੀ। ਮਰਹੂਮ ਸਿੱਧੂ ਮੂਸੇਵਾਲੀਆ ਸ਼ੈਲੀ ਤੇ ਅੰਦਾਜ਼ ਅਤੇ ਹਰੇਕ ਗਾਇਕ ਆਪਣੇ ਤਰੀਕੇ ਨਾਲ ਖਿੱਚ ਪੈਦਾ ਕਰਨ ਦੇ ਯਤਨ ਵਿੱਚ ਹੈ ਪਰ ਨਵੀਂ ਪੀੜ੍ਹੀ ਨੂੰ ਬੇਸ਼ੱਕ ਇਹ ਲੁਭਾ-ਭਰਮਾ ਤਾਂ ਰਹੇ ਹਨ, ਪਰ ਪੰਜਾਬੀਅਤ ਤੇ ਪੰਜਾਬੀ ਸੱਭਿਆਚਾਰ ਨਾਲ ਆਮ ਕਰਕੇ ਖਿਲਵਾੜ ਕਰਦੇ ਵੀ ਨਜ਼ਰ ਆ ਰਹੇ ਹਨ। ਦਰਅਸਲ ਅੱਜ ਸਾਡੇ ਕੋਲ ਨਾ ਪੁਰਾਣੇ ਵੇਲਿਆਂ ਜਿਹੇ ਗੀਤ ਹੀ ਹਨ ਤੇ ਨਾ ਹੀ ਗਾਇਕ। ਇਹੋ ਸਾਡਾ ਫ਼ਿਕਰ ਹੈ ਪਰ ਫ਼ਿਕਰ ਵਿੱਚੋਂ ਹੀ ਚਿੰਗਿਆੜੀਆਂ ਉੱਠਦੀਆਂ ਹਨ, ਆਸ ਹੈ ਨਿਰਾਸ਼ਾ ਨਹੀਂ।

***

## ਜੈਤੋ ਦਾ ਜੇਤੂ ਮੋਰਚਾ

ਪੰਡਤ ਮਦਨ ਮੋਹਨ ਮਾਲਵੀਆ ਤਿੰਨ ਅਸੈਂਬਲੀ ਮੈਂਬਰ, ਦੇਵਕੀ ਪ੍ਰਸਾਦ ਸਿੰਘ, ਗੁਲਾਬ ਸਿੰਘ ਅਤੇ ਕਰਤਾਰ ਸਿੰਘ ਜੀ ਨੇ

ਅਸੈਂਬਲੀ ਵਿਚ ਅਕਾਲੀ ਜਥਿਆਂ ਦਾ ਸਵਾਲ ਪੇਸ਼ ਕੀਤਾ ਅਤੇ ਜੈਤੋ ਦਾ ਦੌਰਾ ਵੀ ਕੀਤਾ। ਅਕਾਲੀ ਸੰਗਰਾਮ ਦੇ ਹਰ ਪੜਾਅ ਤੇ ਪੰਡਤ ਮਾਲਵੀਆ ਨੇ ਸਾਥ ਦਿੱਤਾ ਸੀ। ਗ੍ਰਿਫ਼ਤਾਰੀਆਂ ਦਾ ਸਿਲਸਿਲਾ ਨਾ ਮੁੱਕਦਾ ਦੇਖ ਕੇ ਸਿੱਖਾਂ ਦੀ ਧਾਰਮਿਕ ਅਤੇ ਰਾਜਨੀਤੀ ਵਿਚ ਦਖ਼ਲ ਦੇਣ ਨੇ ਅੰਗਰੇਜ਼ੀ ਹਕੂਮਤ ਨੂੰ ਬੜੀ ਮੁਸ਼ਕਲ ਵਿਚ ਪਾ ਦਿੱਤਾ। ਇਸ ਲੰਬੇ ਹੁੰਦੇ ਜਾਂਦੇ ਮੋਰਚੇ ਦੇ ਸੰਘਰਸ਼ ਅੱਗੇ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ। ਇਸ ਵੇਲੇ ਗੁਰਦੁਆਰਾ ਕਾਨੂੰਨ 8, 1925 ਪਾਸ ਹੋ ਗਿਆ। ਜੁਲਾਈ 27, 1925 ਨੂੰ ਜੈਤੋ ਦੇ ਮੋਰਚੇ ਦੇ ਸਾਰੇ ਕੈਦੀ ਰਿਹਾਅ ਕਰ ਦਿੱਤੇ ਗਏ ਖੰਡਨ ਪਾਠ ਜਾਰੀ ਹੋਏ। ਸਿੰਘਾਂ ਦੇ ਸਹਿਜ ਸ਼ਾਂਤਮਈ ਹੌਂਸਲੇ ਦੀ ਸੰਸਾਰ ਭਰ ਵਿਚ ਸ਼ਲਾਘਾ ਹੋਈ। ਹਰ ਪਾਸੇ ਅੰਗਰੇਜ਼ ਹਕੂਮਤ ਦੇ ਜ਼ੁਲਮ, ਤਸ਼ੱਦਦ ਦੀ ਨਿਖੇਧੀ ਹੋਈ। ਸਰਕਾਰੀ ਰਿਪੋਰਟ ਵਿਚ 10000 ਸਿੰਘਾਂ ਦੀ ਗ੍ਰਿਫ਼ਤਾਰੀ ਹੋਈ ਅਤੇ ਇਕ ਲੱਖ ਰੁਪਏ ਦੀ ਰਕਮ ਦਾ ਜੁਰਮਾਨਾ ਸਿੰਘਾਂ ਵਲੋਂ ਭਰਿਆ ਗਿਆ। ਦੇਸ਼ ਵਿਦੇਸ਼ ਵਿਚ 'ਜੈਤੋ ਦੇ ਮੋਰਚੇ' ਦੀ ਭਰਪੂਰ ਹਮਾਇਤ ਹੋਈ।

***

## ਕੇਂਦਰ ਵੱਲੋਂ ਪੰਜ ਫ਼ਸਲਾਂ 'ਤੇ

ਬਾਰੇ ਫੈਸਲਾ ਲਿਆ ਜਾਵੇ। ਮੀਟਿੰਗ ਵਿੱਚ ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੀ ਮੌਜੂਦ ਸਨ। ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੇ ਮੁੱਦੇ 'ਤੇ ਪਾਰਲੀਮੈਂਟ ਵਿੱਚ ਸਾਲ 2010 ਵਿੱਚ ਲੱਗੇ ਇੱਕ ਸਵਾਲ ਦੇ ਹਵਾਲੇ ਨਾਲ ਕਿਹਾ ਕਿ ਯੂ.ਪੀ.ਏ. ਸਰਕਾਰ ਨੇ ਇਸ ਰਿਪੋਰਟ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਵਿਸ਼ਵ ਵਪਾਰ ਸੰਸਥਾ ਬਾਰੇ ਉਠਾਏ ਨੁਕਤੇ 'ਤੇ ਕੇਂਦਰੀ ਵਜ਼ੀਰਾਂ ਨੇ ਕਿਹਾ ਕਿ ਭਾਰਤ ਸਰਕਾਰ ਸਾਲ 2015 ਵਿੱਚ ਹੀ ਡਬਲਿਊਟੀਓ ਵਿੱਚ 'ਪੀਸ ਕਲਾਜ਼' ਨੂੰ ਦਰਜ ਕਰਵਾ ਚੁੱਕੀ ਹੈ ਜਿਸ ਤਹਿਤ ਕੋਈ ਵੀ ਮੁਲਕ ਬਰਾਮਦ ਦੌਰਾਨ ਐੱਮਐੱਸਪੀ ਦੇ ਮੁੱਦੇ ਨੂੰ ਛੇੜ ਨਹੀਂ ਸਕੇਗਾ। ਮੀਟਿੰਗ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਜਗਜੀਤ ਸਿੰਘ ਡੱਲੇਵਾਲ, ਸਰਵਨ ਸਿੰਘ ਪੰਧੇਰ, ਸੁਰਜੀਤ ਸਿੰਘ ਫੂਲ, ਜਸਵਿੰਦਰ ਸਿੰਘ ਲੌਂਗੋਵਾਲ, ਅਮਰਜੀਤ ਸਿੰਘ, ਅਭਿਮੰਨਿਊ ਕੋਹਾੜ, ਰਮਨਦੀਪ ਸਿੰਘ ਮਾਨ, ਗੁਰਦਾਸ ਸਿੰਘ, ਮਨਿੰਦਰ ਸਿੰਘ, ਉਂਕਾਰ ਸਿੰਘ, ਮਲਕੀਤ ਸਿੰਘ ਅਤੇ ਸੁਖਦੇਵ ਸਿੰਘ ਆਦਿ ਹਾਜ਼ਰ ਸਨ। ਕੇਂਦਰੀ ਵਜ਼ੀਰਾਂ ਨੇ ਪਹਿਲਾਂ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਦੇ ਵਿਚਾਰ ਜਾਣੇ ਪ੍ਰੰਤੂ ਕਿਸਾਨ ਆਗੂਆਂ ਨੇ ਸਪੱਸ਼ਟ ਤੌਰ 'ਤੇ ਆਪਣਾ ਸਟੈਂਡ ਦੁਹਰਾਇਆ। ਹੁਣ ਤੱਕ ਇਹ ਸਕਾਰਾਤਮਕ ਕਦਮ ਰਿਹਾ ਹੈ ਕਿ ਕੋਈ ਵੀ ਧਿਰ ਗੱਲਬਾਤ ਤੋਂ ਪਿੱਛੇ ਨਹੀਂ ਹਟੀ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com